Watch
PUNJAB MAIL USA
TV Channel
On IP box, App, Website
For Advertisement
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA




**Vol. 17, Issue- 753, 08 to 14 June, 2023, Ph: 916-320-9444, E-mail: punjabmailusa@yahoo.com, Web: punjabmailusa.com**

## ਸਾਨ ਫਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ’ਚ ਤਕਨੀਕੀ ਖਰਾਬੀ ਕਾਰਨ ਰੂਸ ’ਚ ਐਮਰਜੈਂਸੀ ਲੈਂਡਿੰਗ

■ ਯਾਤਰੀਆਂ ਦੀ ਹੋ ਰਹੀ ਹੈ ਖੱਜਲ ਖੁਆਰੀ



**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਦਿੱਲੀ ਤੋਂ ਸਾਨ ਫਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਫਲਾਈਟ ਅਚਾਨਕ ਤਕਨੀਕੀ ਖਰਾਬੀ ਕਾਰਨ ਰੂਸ ਦੇ ਮੈਗਾਡਨ ਹਵਾਈ ਅੱਡੇ ’ਤੇ ਉਤਾਰਨੀ ਪਈ। ਮਿਲੀ ਜਾਣਕਾਰੀ ਅਨੁਸਾਰੀ ਏਅਰ ਇੰਡੀਆ ਦੀ ਫਲਾਈਟ AI173 ’ਚ 216 ਯਾਤਰੀ ਅਤੇ 16 ਚਾਲਕ ਦਲ ਦੇ ਮੈਂਬਰ ਸਵਾਰ ਸਨ। ਜਹਾਜ਼ ਦੇ ਇਕ ਇੰਜਣ ਵਿਚ ਤਕਨੀਕੀ ਖਰਾਬੀ ਆ ਜਾਣ ਕਾਰਨ ਸਾਨ ਫਰਾਂਸਿਸਕੋ ਜਾਣ ਵਾਲੀ ਏਅਰ ਇੰਡੀਆ ਦੀ ਇਸ ਫਲਾਈਟ ਨੂੰ ਰੂਸ ਦੇ ਛੋਟੇ ਜਿਹੇ ਏਅਰਪੋਰਟ ਮੈਗਾਡਨ ਵਿਖੇ ਉਤਾਰਿਆ ਗਿਆ। ਸਾਰੇ ਯਾਤਰੀ ਸੁਰੱਖਿਅਤ ਹਨ। ਇਸ ਛੋਟੇ ਸ਼ਹਿਰ ਵਿਚ ਕੋਈ ਚੰਗੀ ਸੁਵਿਧਾ ਨਹੀਂ ਹੈ, ਜਿਸ ਕਰਕੇ 216 ਯਾਤਰੀਆਂ ਨੂੰ ਇਕ ਸਕੂਲ ’ਚ ਫਰਸ਼ ਉੱਤੇ ਸੌਣ ਲਈ ਮਜਬੂਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਖਾਣ-ਪੀਣ ਲਈ ਸਿਰਫ ਚਾਹ ਅਤੇ ਬਰੈੱਡ ਹੀ ਦਿੱਤੇ ਗਏ। ਇਸ ਸਥਾਨ ’ਤੇ ਇੰਟਰਨੈੱਟ ਵੀ ਉਪਲਬੱਧ ਨਹੀਂ ਹੈ, ਜਿਸ ਨਾਲ ਕਿ ਉਹ ਆਪਣੇ ਸਕੇ-ਸੰਬੰਧੀਆਂ ਨਾਲ ਸੰਪਰਕ ਕਰ ਸਕਣ। ਬਹੁਤ ਸਾਰੇ ਲੋਕ ਸਾਨ ਫਰਾਂਸਿਸਕੋ ਏਅਰਪੋਰਟ ’ਤੇ ਖੱਜਲ-ਖਰਾਬ ਹੁੰਦੇ ਦੇਖੇ ਗਏ। ਉਨ੍ਹਾਂ ਨੂੰ ਦੱਸਿਆ ਗਿਆ ਕਿ ਜਹਾਜ਼ ਖਰਾਬ ਹੋ ਗਿਆ ਹੈ ਅਤੇ ਜਹਾਜ਼ ਨੂੰ ਰੂਸ ਵਿਚ ਉਤਾਰਿਆ ਗਿਆ ਹੈ, ਤਾਂ ਇਸ ਨੂੰ ਹੋਰ ਵੀ ਸ਼ੰਕੇ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ। ਕਿਉਂਕਿ ਰੂਸ ਨੇ ਬਹੁਤ ਸਾਰੇ ਪੱਛਮੀ ਦੇਸ਼ਾਂ ਨੂੰ ਆਪਣੇ ਹਵਾਈ ਖੇਤਰ ਵਿਚ ਉਡਾਣ ਭਰਨ ’ਤੇ ਪਾਬੰਦੀ ਲਾਈ ਹੋਈ ਹੈ। ਹਾਲਾਂਕਿ ਏਅਰ ਇੰਡੀਆ ਵਰਗੇ ਕੁੱਝ ਜਹਾਜ਼ ਰੂਸ ਦੇ ਉਪਰ ਉਡਾਣ ਭਰਦੇ ਰਹਿੰਦੇ ਹਨ।

ਪਤਾ ਲੱਗਿਆ ਹੈ ਕਿ ਏਅਰ ਇੰਡੀਆ ਨਵੀਂ ਦਿੱਲੀ ਤੋਂ ਇਕ ਹੋਰ ਜਹਾਜ਼ ਮੈਗਾਡਨ ਭੇਜਗੀ, ਜਿੱਥੋਂ ਇਨ੍ਹਾਂ ਯਾਤਰੀਆਂ ਨੂੰ ਸਾਨ ਫਰਾਂਸਿਸਕੋ ਪਹੁੰਚਾਇਆ ਜਾਵੇਗਾ, ਪਰ ਹਾਲੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਜਹਾਜ਼ ਮੈਗਾਡਨ, ਰੂਸ ਤੋਂ ਇਨ੍ਹਾਂ ਯਾਤਰੀਆਂ ਨੂੰ ਲੈ ਕੇ ਪਹਿਲਾਂ ਦਿੱਲੀ ਜਾਵੇਗਾ, ਕਿ ਸਿੱਧਾ ਅਮਰੀਕਾ ਜਾਵੇਗਾ।

ਰੂਸ ਅਤੇ ਅਮਰੀਕਾ ਵਿਚਕਾਰ ਸੰਬੰਧ ਅੱਜਕੱਲ੍ਹ ਤਲਖੀ ਵਾਲੇ ਬਣੇ ਹੋਏ ਹਨ। ਜਿਸ ਕਰਕੇ ਜਹਾਜ਼ ਰੂਸ ਤੋਂ ਉਡਾਣ ਭਰਕੇ ਪਹਿਲਾਂ ਦਿੱਲੀ ਜਾਵੇਗਾ, ਤੇ ਉਥੋਂ ਸਾਨ ਫਰਾਂਸਿਸਕੋ ਲਈ ਸਿੱਧੀ ਉਡਾਣ ਦਾ ਬੰਦੋਬਸਤ ਕੀਤਾ ਜਾ ਸਕਦਾ ਹੈ।

ਅਮਰੀਕੀ ਵਿਦੇਸ਼ ਵਿਭਾਗ ਬੁਲਾਰੇ ਅਨੁਸਾਰ, ਹਾਲੇ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ ਕਿ ਫਲਾਈਟ ਵਿਚ ਕਿੰਨੇ ਅਮਰੀਕੀ ਨਾਗਰਿਕ ਹਨ।

ਖਬਰ ਲਿਖੇ ਜਾਣ ਤੱਕ ਏਅਰ ਇੰਡੀਆ ਜਾਂ ਹੋਰ ਅਧਿਕਾਰੀਆਂ ਵੱਲੋਂ ਯਾਤਰੀਆਂ ਨੂੰ ਕੋਈ ਵੀ ਅਗਾਊਂ ਸੂਚਨਾ ਨਹੀਂ ਦਿੱਤੀ ਗਈ ਸੀ।

## 2022 ’ਚ 72.6 ਫ਼ੀਸਦੀ ਭਾਰਤੀਆਂ ਨੇ ਹਾਸਲ ਕੀਤੇ ਐੱਚ-1ਬੀ ਵੀਜ਼ਾ

■ ਕੁੱਲ 4.41 ਲੱਖ ਐੱਚ-1ਬੀ ਅਰਜ਼ੀਆਂ ਵਿਚੋਂ 3.20 ਲੱਖ ਭਾਰਤੀਆਂ ਨੂੰ ਅਲਾਟ ਹੋਏ ਵੀਜ਼ੇ
■ ਦੂਜੇ ਸਥਾਨ ’ਤੇ ਰਿਹਾ ਚੀਨ




**ਵਾਸ਼ਿੰਗਟਨ, (ਪੰਜਾਬ ਮੇਲ)-** ਸੰਯੁਕਤ ਰਾਜ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੁਆਰਾ ਵਿੱਤੀ ਸਾਲ 2022 (30 ਸਤੰਬਰ 2022 ਨੂੰ ਖ਼ਤਮ ਹੋਣ ਵਾਲੇ ਸਾਲ) ਵਿਚ ਕੁੱਲ 4.41 ਲੱਖ ਐੱਚ-1ਬੀ ਅਰਜ਼ੀਆਂ ਵਿਚੋਂ 3.20 ਲੱਖ ਜਾਂ 72.6% ਉਨ੍ਹਾਂ ਨੂੰ ਅਲਾਟ ਕੀਤੀਆਂ ਗਈਆਂ, ਜੋ ਭਾਰਤੀ ਮੂਲ ਦੇ ਸਨ। ਸੂਚੀ ਵਿਚ ਚੀਨ ਦੂਜੇ ਸਥਾਨ ’ਤੇ ਹੈ। ਅਮਰੀਕਾ ਨੇ ਚੀਨੀ ਨਾਗਰਿਕਾਂ ਨੂੰ ਕੁੱਲ ਐੱਚ-1ਬੀ ਵੀਜ਼ਾ ਅਰਜ਼ੀਆਂ ਦਾ 12.5% ਅਲਾਟ ਕੀਤਾ। ਯੂ.ਐੱਸ.ਸੀ.ਆਈ.ਐੱਸ. ਨੇ ਪਿਛਲੇ ਵਿੱਤੀ ਸਾਲ ਵਿਚ 55,038 ਚੀਨੀ ਐੱਚ-1ਬੀ ਵੀਜ਼ਾ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ। ਸੂਚੀ ਵਿਚ ਤੀਜੇ ਨੰਬਰ ’ਤੇ ਅਮਰੀਕਾ ਦਾ ਗੁਆਂਢੀ ਕੈਨੇਡਾ ਹੈ, ਜਿਸ ਵਿਚ ਯੂ.ਐੱਸ.ਸੀ.ਆਈ.ਐੱਸ. ਨੇ ਕੁੱਲ ਪ੍ਰਵਾਨਿਤ ਵੀਜ਼ਾ ਅਰਜ਼ੀਆਂ ਦਾ 1% ਆਪਣੇ ਗੁਆਂਢੀ ਨੂੰ ਅਲਾਟ ਕੀਤਾ ਹੈ। ਯੂ.ਐੱਸ.ਸੀ.ਆਈ.ਐੱਸ. ਨੇ 4,235 ਕੈਨੇਡੀਅਨ ਵੀਜ਼ਾ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ।

ਇਨ੍ਹਾਂ ਵੀਜ਼ਾ ਪ੍ਰਵਾਨਗੀਆਂ ਵਿਚ ਸ਼ੁਰੂਆਤੀ ਰੁਜ਼ਗਾਰ ਦੇ ਨਾਲ-ਨਾਲ ਵੀਜ਼ਾ ਐਕਸਟੈਂਸ਼ਨ ਲਈ ਐੱਚ-1ਬੀ ਵੀਜ਼ਾ ਵੀ ਸ਼ਾਮਲ ਹੈ। ਐੱਚ-1ਬੀ ਵੀਜ਼ਾ ਵੱਧ ਤੋਂ ਵੱਧ ਛੇ ਸਾਲਾਂ ਲਈ ਅਲਾਟ ਕੀਤਾ ਜਾ ਸਕਦਾ ਹੈ। ਜੇਕਰ ਲਾਭਪਾਤਰੀ (ਅਮਰੀਕੀ ਰੁਜ਼ਗਾਰਦਾਤਾ ਦੁਆਰਾ ਸਪਾਂਸਰ ਕੀਤਾ ਗਿਆ ਵਿਅਕਤੀ) ਗ੍ਰੀਨ ਕਾਰਡ ਲਈ ਟਰੈਕ ’ਤੇ ਹੈ ਅਤੇ ਉਸ ਨੂੰ ਸਮੇਂ-ਸਮੇਂ ’ਤੇ ਐਕਸਟੈਂਸ਼ਨਾਂ ਦੀ ਇਜਾਜ਼ਤ ਹੈ। ਯੂ.ਐੱਸ.ਸੀ.ਆਈ.ਐੱਸ. ਦੁਆਰਾ ਜਾਰੀ ਕੀਤੀ ਗਈ ਰਿਪੋਰਟ ਐੱਚ-1ਬੀ ਸਪੈਸ਼ਲਿਟੀ ਆਕੂਪੇਸ਼ਨ ਵਰਕਰਾਂ ਦੀਆਂ ਵਿਸ਼ੇਸ਼ਤਾਵਾਂ ਅਨੁਸਾਰ ਐੱਚ-1ਬੀ ਐਪਲੀਕੇਸ਼ਨਾਂ ਦੀ ਗਿਣਤੀ, ਜਿਨ੍ਹਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ, ਵਿੱਤੀ ਸਾਲ 2022 ’ਚ 8.6% ਵਧ ਗਈ ਹੈ।

ਪਿਛਲੇ ਵਿੱਤੀ ਸਾਲ ਵਿਚ 3.01 ਲੱਖ ਭਾਰਤੀਆਂ ਨੇ ਸਫਲਤਾਪੂਰਵਕ ਐੱਚ-1ਬੀ ਵੀਜ਼ਾ ਪ੍ਰਾਪਤ ਕੀਤਾ ਸੀ, ਜੋ ਕਿ 2021 ਵਿਚ ਮਨਜ਼ੂਰ ਹੋਏ ਕੁੱਲ ਵੀਜ਼ਿਆਂ ਦਾ 74.1% ਸੀ। ਇਸ ਦੇ ਉਲਟ 50,328 ਚੀਨੀ (ਕੁੱਲ ਪ੍ਰਵਾਨਗੀਆਂ ਦਾ 12.4% ਬਣਾਉਂਦੇ ਹੋਏ) ਨੇ ਐੱਚ-1ਬੀ ਵੀਜ਼ਾ ਪ੍ਰਾਪਤ ਕੀਤਾ ਸੀ। ਸੰਖੇਪ ਰੂਪ ਵਿਚ ਪਿਛਲੇ ਸਾਲਾਂ ਵਿਚ ਭਾਰਤੀਆਂ ਨੇ ਯੂ.ਐੱਸ.ਸੀ.ਆਈ.ਐੱਸ. ਦੁਆਰਾ ਜਾਰੀ ਕੀਤੇ ਐੱਚ-1ਬੀ ਵੀਜ਼ੇ ਵਿਚੋਂ 70% ਤੋਂ ਵੱਧ ਪ੍ਰਾਪਤ ਕਰਨਾ ਜਾਰੀ ਰੱਖਿਆ ਹੈ। ਐੱਚ-1ਬੀ ਵੀਜ਼ਾ ਇੱਕ ਪ੍ਰਸਿੱਧ ਵਰਕ ਵੀਜ਼ਾ ਹੈ, ਖਾਸ ਕਰਕੇ ਭਾਰਤੀ ਤਕਨਾਲੋਜੀ ਪੇਸ਼ੇਵਰਾਂ ਵਿਚ। ਕੰਪਿਊਟਰ ਨਾਲ ਸਬੰਧਤ ਕਿੱਤਿਆਂ ਵਿਚ ਕਾਮਿਆਂ ਲਈ ਵਿੱਤੀ ਸਾਲ 2022 ਵਿਚ ਮਨਜ਼ੂਰਸ਼ੁਦਾ ਐੱਚ-1ਬੀ ਅਰਜ਼ੀਆਂ ਦੀ ਕੁੱਲ ਸੰਖਿਆ

■ ਬਾਕੀ ਖਬਰ ਸਫਾ 16 ’ਤੇ

## ਟੈਕਸਾਸ ਤੋਂ ਇਕ ਨਿੱਜੀ ਜਹਾਜ਼ 20 ਪ੍ਰਵਾਸੀਆਂ ਨੂੰ ਲੈ ਕੇ ਕੈਲੀਫੋਰਨੀਆ ਪੁੱਜਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਕੈਲੀਫੋਰਨੀਆ ਦੇ ਟੈਕਸਾਸ ਰਾਜ ਤੋਂ ਇਕ ਨਿੱਜੀ ਜਹਾਜ਼ ਵੱਲੋਂ 20 ਪ੍ਰਵਾਸੀਆਂ ਨੂੰ ਲੈ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਪੁੱਜਣ ਦੀ ਖਬਰ ਹੈ। ਹਾਲ ਹੀ ਵਿਚ ਕਿਸੇ ਕੰਜ਼ਰਵੇਟਿਵ ਰਾਜ ਤੋਂ ਕੈਲੀਫੋਰਨੀਆ ਪ੍ਰਵਾਸੀ ਲੈ ਕੇ ਪੁੱਜਾ ਇਹ ਦੂਸਰਾ ਜਹਾਜ਼ ਹੈ। ਪ੍ਰਵਾਸੀਆਂ ਨੂੰ ਪਹਿਲਾਂ ਟੈਕਸਾਸ ਤੋਂ ਨਿਊ ਮੈਕਸੀਕੋ ਲਿਜਾਇਆ ਗਿਆ ਤੇ ਬਾਅਦ ਵਿਚ ਨਿੱਜੀ ਚਾਰਟਡ ਜੈੱਟ ਜਹਾਜ਼ ਰਾਹੀਂ ਕੈਲੀਫੋਰਨੀਆ ਪਹੁੰਚਾਇਆ ਗਿਆ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੋਈ ਅਗਾਊਂ ਚਿਤਾਵਨੀ ਦਿੱਤੇ ਬਿਨਾਂ ਪ੍ਰਵਾਸੀਆਂ ਨੂੰ ਇਕ ਸਥਾਨਕ ਚਰਚ ਵਿਚ ਰੱਖਿਆ ਗਿਆ ਹੈ।


ਗਵਰਨਰ ਗੈਵਿਨ ਨਿਊਸਮ

■ ਬਾਕੀ ਖਬਰ ਸਫਾ 16 ’ਤੇ

## ਅਮਰੀਕੀ ਸਰਕਾਰ ਵੱਲੋਂ ਗੈਰ ਕਾਨੂੰਨੀ ਤੌਰ ’ਤੇ ਆਉਣ ਵਾਲੇ ਨਾਗਰਿਕਾਂ ’ਤੇ ਹੋਈ ਹੋਰ ਵੀ ਸਖਤੀ



**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਹਰ ਹਫਤੇ ਕੀਤੀਆਂ ਦਰਜਨਾਂ ਉਡਾਣਾਂ ਦੇ ਹਿੱਸੇ ਵਜੋਂ ਬਹੁਤ ਸਾਰੇ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਵਿਚੋਂ ਬਾਹਰ ਦਾ ਰਸਤਾ ਦਿਖਾਇਆ ਹੈ। ਇਸ ਦੇ ਲਈ ਵਿਸ਼ੇਸ਼ ਉਡਾਣਾਂ ਦਾ ਬੰਦੋਬਸਤ ਕੀਤਾ ਗਿਆ।

ਡਿਪੋਰਟ ਹੋਏ ਨਾਗਿਰਕਾਂ ਵਿਚ ਅਲ ਸਲਵਾਡੋਰ, ਗੁਆਟੇਮਾਲਾ, ਹੈਤੀ ਅਤੇ ਹੋਂਡੂਰਸ ਸਮੇਤ ਕੁੱਝ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਵੀ ਆਪਣੇ ਦੇਸ਼ ਵਾਪਸ ਭੇਜਿਆ ਗਿਆ। ਅਮਰੀਕਾ ਦੇ ਮੌਜੂਦਾ ਕਾਨੂੰਨ ਅਨੁਸਾਰ ਗੈਰ ਕਾਨੂੰਨੀ ਤੌਰ ’ਤੇ ਅਮਰੀਕਾ ਵਿਚ ਦਾਖਲ ਹੋਏ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਬਾਹਰ ਦਾ ਰਸਤਾ ਦਿਖਾਇਆ ਜਾ ਰਿਹਾ ਹੈ। ਇਹ ਨੀਤੀ ਹੁਣ ਹਰ ਗੈਰ ਕਾਨੂੰਨੀ ਵਿਦੇਸ਼ੀ ਨਾਗਰਿਕਾਂ ’ਤੇ ਲਾਗੂ ਹੋਣੀ ਸ਼ੁਰੂ ਹੋ ਗਈ ਹੈ।

ਅਮਰੀਕਾ ਵਿਚ ਗੈਰ ਕਾਨੂੰਨੀ ਦਾਖਲ ਹੋਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕੀ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ, ਆਈ.ਸੀ.ਈ., ਏਅਰ ਆਪ੍ਰੇਸ਼ਨਜ਼ ਅਤੇ ਹੋਰ ਵਿਭਾਗਾਂ ਵੱਲੋਂ ਗੈਰ ਕਾਨੂੰਨੀ ਵਿਦੇਸ਼ੀਆਂ ਨੂੰ ਡਿਪੋਰਟ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ। ਸਾਲ 2022 ਵਿਚ ਇਨਫੋਰਸਮੈਂਟ ਐਂਡ ਰਿਮੂਵਲ ਆਪ੍ਰੇਸ਼ਨਜ਼ ਨੇ ਦੁਨੀਆਂ ਭਰ ਦੇ 150 ਤੋਂ ਵੱਧ ਦੇਸ਼ਾਂ ’ਚੋਂ ਆਏ ਗੈਰ

■ ਬਾਕੀ ਖਬਰ ਸਫਾ 16 ’ਤੇ

## ਕੈਲੀਫੋਰਨੀਆ ਸੈਨੇਟ ਵੱਲੋਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ ਪਹਿਣਨ ਤੋਂ ਛੋਟ ਦੇਣ ਵਾਲੇ ਬਿਲ ਨੂੰ ਮਨਜ਼ੂਰੀ

■ ‘ਅਮਰੀਕੀ ਹੋਣ ਦੇ ਨਾਤੇ ਸਾਡੇ ਕੋਲ ਆਪਣੇ ਧਰਮ ਨੂੰ ਸੁਤੰਤਰ ਤੌਰ ’ਤੇ ਪ੍ਰਗਟਾਉਣ ਦਾ ਅਧਿਕਾਰ : ਸੈਨੇਟਰ ਬ੍ਰਾਇਨ ਡਾਹਲੇ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਸੈਨੇਟ ਨੇ ਮੋਟਰਸਾਈਕਲ ਚਲਾਉਂਦੇ ਸਮੇਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ ਪਹਿਣਨ ਤੋਂ ਛੋਟ ਦੇਣ ਵਾਲੇ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ। 2021 ਦੇ ਅਮਰੀਕੀ ਸਮੁਦਾਇਕ ਸਰਵੇਖਣ ਦੇ ਅਨੁਮਾਨ ਮੁਤਾਬਕ 2,11,000 ਸਿੱਖ ਕੈਲੀਫੋਰਨੀਆ ਵਿਚ ਰਹਿੰਦੇ ਹਨ, ਜੋ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਸਿੱਖਾਂ ਦੀ ਲਗਭਗ ਅੱਧੀ ਗਿਣਤੀ ਹੈ। ਸੈਨੇਟਰ ਬ੍ਰਾਇਨ ਡਾਹਲੇ ਦੁਆਰਾ ਲਿਖੇ ਗਏ ਸੈਨੇਟ ਬਿੱਲ ਨੂੰ ਇਸ ਹਫ਼ਤੇ ਰਾਜ ਦੀ ਸੈਨੇਟ ਦੁਆਰਾ 21-8 ਵੋਟਾਂ ਨਾਲ ਮਨਜ਼ੂਰੀ ਦਿੱਤੀ ਗਈ ਅਤੇ ਹੁਣ ਇਹ ਵਿਧਾਨ ਸਭਾ ਵਿਚ ਜਾਵੇਗਾ। ਡੈਹਲੇ ਨੇ ਸੈਨੇਟ ਵਿਚ ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ ਇੱਕ ਬਿਆਨ ਵਿਚ ਕਿਹਾ ਕਿ “ਧਰਮ ਦੀ ਆਜ਼ਾਦੀ ਇਸ ਦੇਸ਼ ਦੀ ਇੱਕ ਮੁੱਖ ਨੀਂਹ ਹੈ।”

ਉਸ ਨੇ ਕਿਹਾ ਕਿ ‘ਅਮਰੀਕੀ ਹੋਣ ਦੇ ਨਾਤੇ ਸਾਡੇ ਕੋਲ ਆਪਣੇ ਧਰਮ ਨੂੰ ਸੁਤੰਤਰ ਤੌਰ ’ਤੇ ਪ੍ਰਗਟਾਉਣ ਦਾ ਅਧਿਕਾਰ ਹੈ ਅਤੇ ਮੇਰਾ ਮੰਨਣਾ ਹੈ ਕਿ ਇਹ ਅਧਿਕਾਰ ਸਾਰਿਆਂ ਨੂੰ ਬਰਾਬਰ ਹੋਣਾ ਚਾਹੀਦਾ ਹੈ। ਉਸਨੇ ਕਿਹਾ ਕਿ ਪੱਗ ਜਾਂ ਪਟਕਾ ਪਹਿਨਣ ਵਾਲਿਆਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਦੇਣਾ ਇਹ ਯਕੀਨੀ ਬਣਾਉਣ ਦਾ ਇੱਕ ਆਸਾਨ ਤਰੀਕਾ ਹੈ ਕਿ ਹਰ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਜਾਵੇ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਅਜੇ ਤੱਕ ਬਜ਼ਾਰ ਵਿਚ ਅਜਿਹਾ ਕੋਈ ਹੈਲਮੇਟ ਉਪਲਬਧ ਨਹੀਂ ਹੈ, ਜਿਸ ਵਿਚ ਪੱਗ ਜਾਂ ਪਟਕਾ ਹੋਵੇ, ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਅਨੁਸਾਰ ਦਸਤਾਰ ਇੱਕ ਚੰਗੀ ਸੁਰੱਖਿਆ ਹੈ। ਵਰਤਮਾਨ ਵਿਚ

■ ਬਾਕੀ ਖਬਰ ਸਫਾ 16 ’ਤੇ

## ਘੱਲੂਘਾਰਾ ਦਿਵਸ: ਜਥੇਦਾਰ ਵੱਲੋਂ ਸਿੱਖਾਂ ਨੂੰ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦਾ ਸੱਦਾ

■ ਹਰਿਮੰਦਰ ਸਾਹਿਬ ਕੰਪਲੈਕਸ ’ਚ ਖਾਲਿਸਤਾਨ ਪੱਖੀ ਨਾਅਰੇਬਾਜ਼ੀ


ਦਰਬਾਰ ਸਾਹਿਬ ਵਿਖੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ 1984 ’ਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ’ਚ ਘੱਲੂਘਾਰਾ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂਅ ਖਾਸ ਸੰਦੇਸ਼ ਦਿੱਤਾ। ਉਨ੍ਹਾਂ ਆਖਿਆ ਕਿ ਸਾਕਾ ਨੀਲਾ ਤਾਰਾ ਅਤੇ ਹੋਰ ਹਮਲਿਆਂ ਦਾ ਨਿਆਂ ਹੁਕਮਰਾਨਾਂ ਕੋਲੋਂ ਮੰਗਣ ਦੀ ਲੋੜ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਸਮੁੱਚੀ ਸਿੱਖ ਸ਼ਕਤੀ ਇਕਜੁੱਟ ਹੋਵੇ, ਜਿਸ ਅੱਗੇ ਸਰਕਾਰਾਂ ਖੁਦ ਝੁਕਣ ਵਾਸਤੇ ਮਜਬੂਰ ਹੋਣਗੀਆਂ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਨੂੰ ਇੱਕਜੁਟ ਹੋਣ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜੂਨ 1984 ਦੇ ਘੱਲੂਘਾਰੇ ਨੂੰ ਸਿੱਖ ਕਦੇ ਨਹੀਂ ਭੁੱਲ ਸਕਦੇ। ਇਹ ਘੱਲੂਘਾਰਾ ਸਿੱਖਾਂ ਦੇ ਦਿਲ ’ਤੇ ਲੱਗੇ ਗਹਿਰੇ ਜ਼ਖ਼ਮ ਹਨ। ਉਨ੍ਹਾਂ ਸਮੇਂ ਦੀਆਂ ਸਰਕਾਰਾਂ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ 1984 ਦਾ ਘੱਲੂਘਾਰਾ ਸਿੱਖਾਂ ਦੀ ਕਮਜ਼ੋਰੀ ਨਹੀਂ ਹੈ, ਬਲਕਿ ਇਸ ਨੂੰ ਯਾਦ ਕਰ ਕੇ ਕੌਮ ਹੋਰ ਮਜ਼ਬੂਤ ਹੁੰਦੀ ਹੈ।

ਉਨ੍ਹਾਂ ਸਮੂਹ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਇਕੱਠੇ ਹੋ ਕੇ ਪਿੰਡਾਂ ਵੱਲ ਪ੍ਰਚਾਰ ਮੁਹਿੰਮ ਵਿੱਢੀ ਜਾਵੇ, ਤਾਂ ਜੋ ਨੌਜਵਾਨ ਸਿੱਖ ਸ਼ਕਤੀ ਨੂੰ ਨਸ਼ਿਆਂ ਵਰਗੀ ਸਮਾਜਿਕ ਕੁਰੀਤੀ ਤੋਂ ਬਚਾਇਆ ਜਾ ਸਕੇ।

ਇਸ ਦੌਰਾਨ ਸਿੱਖ ਜਥੇਬੰਦੀ ਦਲ ਖਾਲਸਾ ਵੱਲੋਂ ਦਿੱਤੇ ਅੰਮ੍ਰਿਤਸਰ ਬੰਦ ਦੇ ਸੱਦੇ ਦੇ ਤਹਿਤ ਸ਼ਹਿਰ ਵਿਚ

■ ਬਾਕੀ ਖਬਰ ਸਫਾ 15 ’ਤੇ

# ਕੈਲੀਫੋਰਨੀਆ ਹਾਕਸ ਫੀਲਡ ਹਾਕੀ ਕਲੱਬ ਦੀਆਂ ਚਾਰ ਟੀਮਾਂ ਨੇ ਕੈਲ ਕੱਪ ਵਿਚ ਲਿਆ ਹਿੱਸਾ







**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਲਾਸ-ਏਂਜਲਸ ਸ਼ਹਿਰ ਦੇ ਮੋਰ ਪਾਰਕ ਵਿਚ 51ਵਾਂ ਗਰੈਂਡ ਕੈਲ ਕੱਪ ਇੰਟਰਨੈਸ਼ਨਲ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿਚ ਦੁਨੀਆਂ-ਭਰ ਦੇ 18 ਦੇਸ਼ਾਂ 'ਚੋਂ 130 ਟੀਮਾਂ ਪਹੁੰਚੀਆਂ ਹੋਈਆਂ ਸਨ।

ਇਸ ਟੂਰਨਾਮੈਂਟ ਵਿਚ ਫਰਿਜ਼ਨੋ ਦੀ ਕੈਲੀਫੋਰਨੀਆ ਹਾਕਸ ਫੀਲਡ ਹਾਕੀ ਕਲੱਬ ਦੀਆਂ ਚਾਰ ਟੀਮਾਂ, ਕ੍ਰਮਵਾਰ 8 ਸਾਲ, 12 ਸਾਲ, 14 ਸਾਲ ਅਤੇ ਸੀਨੀਅਰ ਟੀਮ ਨੇ ਇਸ ਟੂਰਨਾਮੈਂਟ ਵਿਚ ਭਾਗ ਲੈ ਕੇ ਬਹੁਤ ਅੱਛਾ ਪ੍ਰਦਰਸ਼ਨ ਕੀਤਾ। 8 ਸਾਲ ਦੀ ਟੀਮ ਨੇ ਸਾਰੇ ਮੈਚ ਜਿੱਤਕੇ ਗੋਲਡ ਮੈਡਲ ਜਿੱਤਿਆ। 14 ਸਾਲ ਦੀ ਟੀਮ ਨੇ ਰੌਚਕ ਫਾਈਨਲ ਮੁਕਾਬਲੇ ਵਿਚ ਸਿਲਵਰ ਮੈਡਲ ਆਪਣੇ ਨਾਮ ਕੀਤਾ। ਸੀਨੀਅਰ ਟੀਮ 5 ਵਿਚੋਂ 4 ਮੈਚ ਜਿੱਤਕੇ ਮੈਡਲ ਤੋਂ ਵਾਂਝੀ ਰਹਿ ਗਈ। 12 ਸਾਲ ਦੀ ਟੀਮ ਨੇ ਪੰਜ ਮੈਚ ਖੇਡੇ, ਜਿਸ ਵਿਚ ਉਸਨੇ ਇੱਕ ਮੈਚ ਜਿੱਤਿਆ, ਦੋ ਹਾਰੇ ਅਤੇ ਦੋ ਮੈਚਾਂ ਵਿਚ ਖੇਡ ਬਰਾਬਰੀ 'ਤੇ ਖਤਮ ਹੋਈ। 12 ਸਾਲ ਦੀ ਟੀਮ ਨੇ ਤਾਈਵਾਨ ਦੇ ਨਾਲ ਇੰਟਰਨੈਸ਼ਨਲ ਮੈਚ ਦੌਰਾਨ ਸੋਹਣੀ ਖੇਡ ਵਿਖਾਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਗੋਲ ਕੀਪਰ ਉਦੇ ਸਿੰਘ ਨੂੰ ਮੈਚ ਦਾ ਬਿਸਟ ਗੋਲਕੀਪਰ ਐਲਾਨਿਆ ਗਿਆ।

ਫਰਿਜ਼ਨੋ ਨਿਵਾਸੀ 14 ਸਾਲਾ ਗੋਲਕੀਪਰ ਗੁਰਨੂਰ ਕੌਰ ਜਿਸਦਾ ਪਿਛੋਕੜ ਪੰਜਾਬ ਦੇ ਕਿਲ੍ਹਾ-ਰਾਇਪੁਰ ਨਾਲ ਹੈ, ਉਸਨੇ ਫਾਈਨਲ ਵਿਚ ਪੰਜਾਂ ਵਿਚੋਂ ਤਿੰਨ ਪਲੰਟੀ-ਸਟਰੋਕ ਰੋਕ ਕੇ ਟੀਮ ਦੀ ਬੈਸਟ ਗੋਲਕੀਪਰ ਦਾ ਖ਼ਿਤਾਬ ਹਾਸਲ ਕਰਦਿਆਂ ਸੀਨੀਅਰ ਟੀਮ ਵਿਚ ਵੀ ਆਪਣੀ ਜਗ੍ਹਾ ਬਣਾ ਲਈ। ਇਸ ਤੋਂ ਪਹਿਲਾਂ ਦੀਪ ਅਤੇ ਪ੍ਰੀਤ, ਜੋ ਸਿਰਫ ਪੰਦਰਾਂ ਸਾਲਾਂ ਦੀਆਂ ਹਨ, ਅਤੇ ਸੀਨੀਅਰ ਟੀਮ ਵਿਚ ਖੇਡ ਰਹੀਆਂ ਹਨ।

ਸੀਨੀਅਰ ਖਿਡਾਰੀ ਸੰਨਦੀਪ "ਸੰਨਾ" ਨੇ ਕਿਹਾ ਕਿ ਮੈਨੂੰ ਘਰੋਂ ਸਿਰਫ ਦੋ ਦਿਨ ਹੀ ਖੇਡਣ ਦੀ ਇਜਾਜ਼ਤ ਮਿਲੀ ਹੈ।

ਫਰਿਜਨੋ ਅਤੇ ਆਸ ਪਾਸ ਦੇ 6 ਸਾਲ ਤੋ ਲੈ ਕੇ ਵੱਡੀ ਤੋ ਵੱਡੀ ਉਮਰ ਤੱਕ ਦੇ ਪਲੇਅਰ ਹਾਕੀ ਸਿੱਖਣ ਲਈ ਹੈੱਡ ਕੋਚ ਪਰਮਿੰਦਰ ਸਿੰਘ ਰਾਏ, ਕੋਚ ਸਿਮਰ, ਕੋਚ ਗਿੱਲ, ਕੋਚ ਰਵੀ, ਕੋਚ ਹਰਪ੍ਰੀਤ, ਕੋਚ ਜਗਦੀਪ ਬੱਲ ਆਦਿ ਨੂੰ ਸੰਪਰਕ ਕਰ ਸਕਦੇ ਹਨ।

**ਰੋਜ਼ਾਨਾ ਖ਼ਬਰਾਂ ਪੜ੍ਹਨ ਲਈ ਕਲਿੱਕ ਕਰੋ :**
**www.punjabmailusa.com**

# ਰਾਹੁਲ ਗਾਂਧੀ ਵੱਲੋਂ ਆਈ.ਓ.ਸੀ. ਯੂ.ਐੱਸ.ਏ. ਦੇ ਉਪ ਚੇਅਰਮੈਨ ਜਾਰਜ ਅਬ੍ਰਾਹਮ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ

**ਨਿਊਯਾਰਕ, (ਪੰਜਾਬ ਮੇਲ)**- ਇੱਕ ਚੌਥਾਈ ਸਦੀ ਪਹਿਲਾਂ ਅਮਰੀਕਾ ਵਿਚ ਕਾਂਗਰਸ ਸੰਗਠਨ ਦੇ ਸੰਸਥਾਪਕਾਂ ਵਿਚੋਂ ਇੱਕ ਇੰਡੀਅਨ ਓਵਰਸੀਜ਼ ਕਾਂਗਰਸ ਦੇ ਉਪ ਪ੍ਰਧਾਨ ਜਾਰਜ ਅਬ੍ਰਾਹਮ ਨੂੰ ਰਾਹੁਲ ਗਾਂਧੀ ਕੋਲੋਂ ਲਾਈਫਟਾਈਮ ਅਚੀਵਮੈਂਟ ਐਵਾਰਡ ਮਿਲਿਆ।



ਜਾਰਜ ਅਬ੍ਰਾਹਮ ਨੂੰ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕਰਦੇ ਹੋਏ ਰਾਹੁਲ ਗਾਂਧੀ। ਨਾਲ ਹਨ ਆਰਤੀ ਕ੍ਰਿਸ਼ਨਾ (ਏ.ਆਈ.ਸੀ.ਸੀ. ਸਕੱਤਰ), ਮਹਿੰਦਰ ਸਿੰਘ ਗਿਲਜੀਆਂ, ਸੈਮ ਪਿਤਰੋਦਾ, ਪ੍ਰਦੀਪ ਸਮਾਲਾ ਅਤੇ ਜੌਨ ਜੋਸਫ।

3 ਜੂਨ ਨੂੰ ਕੁਈਨਜ਼, ਨਿਊਯਾਰਕ 'ਚ ਟੇਰੇਸ ਆਨ ਪਾਰਕ 'ਚ ਰਾਹੁਲ ਗਾਂਧੀ ਦਾ ਆਈ.ਓ.ਸੀ. ਰਿਸੈਪਸ਼ਨ ਸੀ। ਸਭ ਨੂੰ ਹੈਰਾਨ ਕਰ ਕੇ, ਆਈ.ਓ.ਸੀ. ਗਲੋਬਲ ਚੇਅਰ ਸੈਮ ਪਿਤਰੋਦਾ ਨੇ ਇਸ ਸਨਮਾਨ ਦਾ ਐਲਾਨ ਕੀਤਾ ਅਤੇ ਰਾਹੁਲ ਗਾਂਧੀ ਨੂੰ ਸੱਦਾ ਦਿੱਤਾ।

ਹਾਜ਼ਰੀਨ ਵਿਚ 300 ਤੋਂ ਵੱਧ ਪਾਰਟੀ ਸਮਰਥਕਾਂ ਨੇ ਤਾੜੀਆਂ ਦੀ ਗੜਗੜਾਹਟ ਨਾਲ ਇਸ ਦਾ ਸਵਾਗਤ ਕੀਤਾ। ਇਹ ਜਾਰਜ ਅਬਰਾਹਿਮ ਲਈ ਮਾਣ ਵਾਲਾ ਪਲ ਸੀ, ਜਿਸ ਨੇ ਆਪਣੇ ਸਕੂਲ ਦੇ ਦਿਨਾਂ ਦੌਰਾਨ ਕਾਂਗਰਸ ਪਾਰਟੀ ਨਾਲ ਆਪਣੀ ਸਾਂਝ ਸ਼ੁਰੂ ਕੀਤੀ ਸੀ। ਉਸਨੇ 'ਆਲ ਕੇਰਲਾ ਬਾਲਜਾਨਾ ਸਖਯਮ' (ਇੱਕ ਨੌਜਵਾਨ ਸੰਗਠਨ) ਵਿਚ ਕੰਮ ਕੀਤਾ ਅਤੇ ਰਾਜ ਖਜ਼ਾਨਚੀ ਬਣ ਗਏ। ਬਾਅਦ ਵਿਚ ਉਸਨੇ ਅਮਰੀਕਾ ਜਾਣ ਤੋਂ ਪਹਿਲਾਂ ਕੇਰਲ ਸਟੂਡੈਂਟਸ ਯੂਨੀਅਨ (ਕੇ.ਐੱਸ.ਯੂ.) ਵਿਚ ਕੰਮ ਕੀਤਾ।

ਜ਼ਿਕਰਯੋਗ ਹੈ ਕਿ ਜਾਰਜ ਅਬ੍ਰਾਹਮ ਨੂੰ ਅਮਰੀਕਾ ਆਏ 55 ਸਾਲ ਹੋ ਗਏ ਹਨ ਅਤੇ ਉਨ੍ਹਾਂ ਆਪਣੀ ਭਾਰਤੀ ਨਾਗਰਿਕਤਾ ਬਣਾਈ ਰੱਖੀ ਹੈ। ਅਮਰੀਕਾ ਵਿਚ ਵੀ ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਆਦਰਸ਼ਾਂ ਨੂੰ ਆਪਣੇ ਦਿਲ ਵਿਚ ਰੱਖਿਆ। ਅਮਰੀਕਾ ਦੇ ਦੌਰੇ 'ਤੇ ਆਏ ਕਾਂਗਰਸੀ ਨੇਤਾਵਾਂ ਦਾ ਹਮੇਸ਼ਾ ਉਨ੍ਹਾਂ ਨੇ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਕੀਤੀ। 90 ਦੇ ਦਹਾਕੇ ਦੇ ਅਖੀਰ ਵਿਚ ਉਹ ਕੇਰਲ ਦੇ ਕੁਝ ਹੋਰ ਲੋਕਾਂ ਦੇ ਨਾਲ, ਪਾਰਟੀ ਨੂੰ ਸਮਰਥਨ ਦੇਣ ਲਈ ਇੱਕ ਸੰਗਠਨ ਸਥਾਪਤ ਕਰਨ ਦੇ ਵਿਚਾਰ ਨਾਲ ਅੱਗੇ ਆਏ। 1988 'ਚ ਕੇਰਲ ਦੇ ਸਾਬਕਾ ਮੁੱਖ ਮੰਤਰੀ ਓਮਨ ਚਾਂਡੀ ਦੀ ਫੇਰੀ ਦੌਰਾਨ, 'ਇੰਡੀਅਨ ਓਵਰਸੀਜ਼ ਕਾਂਗਰਸ' ਨਾਂ ਦੀ ਇੱਕ ਸੰਸਥਾ ਸ਼ੁਰੂ ਕੀਤੀ ਗਈ ਸੀ। ਗੌਰਤਲਬ ਹੈ ਕਿ ਜਥੇਬੰਦੀ ਦੀ ਪਹਿਲੀ ਯੋਜਨਾਬੰਦੀ ਮੀਟਿੰਗ ਨਿਊਯਾਰਕ ਸਥਿਤ ਉਨ੍ਹਾਂ ਦੇ ਘਰ ਹੋਈ ਸੀ। ਬਾਅਦ ਵਿਚ ਇਹ ਇੱਕ ਰਾਸ਼ਟਰੀ ਸੰਸਥਾ ਬਣ ਗਿਆ, ਜਿਸਨੂੰ ਆਈ.ਐੱਨ.ਓ.ਸੀ. ਵਜੋਂ ਜਾਣਿਆ ਜਾਂਦਾ ਹੈ। ਸੋਨੀਆ ਗਾਂਧੀ (ਸਾਬਕਾ ਏ.ਆਈ.ਸੀ.ਸੀ. ਪ੍ਰਧਾਨ) ਨੇ 25 ਜੂਨ, 2001 ਨੂੰ ਆਪਣੀ ਅਮਰੀਕਾ ਫੇਰੀ 'ਤੇ ਸੰਗਠਨ ਦਾ ਉਦਘਾਟਨ ਕੀਤਾ। ਏ.ਆਈ.ਸੀ.ਸੀ. ਦੇ ਅਧੀਨ ਇੱਕ ਓਵਰਸੀਜ਼ ਕਾਂਗਰਸ ਵਿਭਾਗ ਦੀ ਸਿਰਜਣਾ ਅਤੇ ਸ਼੍ਰੀ ਸੈਮ ਪਿਤਰੋਦਾ ਦੁਆਰਾ ਪ੍ਰਧਾਨਗੀ ਸੰਭਾਲਣ ਤੋਂ ਬਾਅਦ, ਸੰਗਠਨ ਦਾ ਨਾਮ ਦੁਬਾਰਾ ਆਈ.ਓ.ਸੀ. ਕਰ ਦਿੱਤਾ ਗਿਆ।



ਲੋਨਾ ਅਤੇ ਜਾਰਜ ਅਬ੍ਰਾਹਮ।

ਇਹ ਪੁਰਸਕਾਰ ਕਿਸੇ ਵਿਅਕਤੀ ਲਈ ਉਸ ਦੀ ਦੂਰਅੰਦੇਸ਼ੀ, ਸਮਰਪਣ ਅਤੇ ਸਖ਼ਤ ਮਿਹਨਤ ਲਈ ਇੱਕ ਢੁਕਵੀਂ ਮਾਨਤਾ ਹੈ। ਉਸ ਦੀ ਪਤਨੀ ਲੋਨਾ ਅਬ੍ਰਾਹਮ ਨੇ ਵੀ ਸੰਸਥਾ ਲਈ ਉਨ੍ਹਾਂ ਦੇ ਨਾਲ-ਨਾਲ ਕੰਮ ਕੀਤਾ।

ਜਾਰਜ ਅਬ੍ਰਾਹਮ ਅਮਰੀਕਾ 'ਚ ਮੁੱਖ ਤਕਨਾਲੋਜੀ ਅਧਿਕਾਰੀ ਵਜੋਂ ਸੇਵਾਮੁਕਤ ਹੋਏ।



ਹੁੰਮਹੁਮਾ ਕੇ ਪਹੁੰਚੋ ਖੁੱਲ੍ਹਾ ਸੱਦਾ

# 13th Children Summer Sports Camp - 2023

# 13ਵਾਂ ਬੱਚਿਆਂ ਦਾ ਖੇਡ ਕੈਂਪ - 2023

## *8th July, Saturday*



*Dedicated to*
**Late Bahadar Singh**
*Social Worker of Seattle*

## *Wilson Play Fields Kent WA. 13028 SE. 251st. Kent, WA - 98030*

**8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ**

ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

*Every Saturday & Sunday 5-7 AM*

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।





ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।



ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।



ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।



ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।




ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।




ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ : Sikhs of Seattle**

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਚਰਨ ਸਿੰਘ ਢਿੱਲੋਂ : 206-412-1559**

*gsdhillon51@gmail.com*



Designed By Punjab Mail USA

# ਸਿਆਟਲ 'ਚ ਘੱਲੂਘਾਰਾ ਦਿਵਸ ਸਮੇਂ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ


ਬਾਬਾ ਦਲਜੀਤ ਸਿੰਘ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹੋਏ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- 1984 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਵਾਸਤੇ ਘੱਲੂਘਾਰਾ ਨੀਲਾ ਸਾਕਾ ਤਾਰਾ ਦਿਵਸ ਮਨਾਉਂਦੇ ਸਮੇਂ ਸਮੂਹ ਟਰੱਕਾਂ ਵਾਲੇ ਵੀਰਾਂ ਵੱਲੋਂ ਸਿਆਟਲ ਦੇ ਵੱਖ-ਵੱਖ ਗੁਰੂਘਰਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਹਫਤਾਵਾਰੀ ਦੀਵਾਨ ਸਜਾਏ ਗਏ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਿਚ ਭਾਈ ਅਮਰੀਕ ਸਿੰਘ ਪੰਜ ਭੈਣੀਆਂ ਨੇ ਰਸਭਿੰਨਾ ਕੀਰਤਨ ਕਰਕੇ ਘੱਲੂਘਾਰਾ ਦਿਵਸ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਭਾਈ ਦਲਜੀਤ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਟਰੱਕਾਂ ਵਾਲੇ ਵੀਰਾਂ ਵੱਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ। ਗੁਰਦੁਆਰਾ ਸੱਚਾ ਮਾਰਗ ਐਬਰਨ ਤੇ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਸ੍ਰੀ ਅਖੰਡ ਪਾਠ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਕਥਾ ਕੀਰਤਨ ਰਾਹੀਂ ਗੁਰੂ ਦਾ ਜਸ ਗਾਇਨ ਕੀਤਾ ਅਤੇ 1984 ਦੇ ਘੱਲੂਘਾਰਾ ਬਾਰੇ ਚਾਨਣਾ ਪਾਇਆ। ਗੁਰਦੁਆਰਾ ਸਿੰਘ ਸਭਾ ਵਿਚ ਕਥਾਵਾਚਕ ਭਾਈ ਦਰਸ਼ਨ ਸਿੰਘ ਨੇ ਘੱਲੂਘਾਰਾ ਬਾਰੇ ਚਾਨਣਾ ਪਾਇਆ। ਟਰੱਕਾਂ ਵਾਲੇ ਵੀਰਾਂ ਪਾਠ ਤੇ ਲੰਗਰਾਂ ਦੀ ਸੇਵਾ ਕੀਤੀ।

# ਸਾਨ ਫਰਾਂਸਿਸਕੋ 'ਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਹਰਿਮੰਦਰ ਸਾਹਿਬ ਦੇ ਹਮਲੇ ਦੀ ਯਾਦ 'ਚ 'ਆਜ਼ਾਦੀ ਮਾਰਚ'





**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਹਜ਼ਾਰਾਂ ਸਿੱਖ 4 ਜੂਨ, 2023 ਨੂੰ ਸਾਨ ਫਰਾਂਸਿਸਕੋ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ, ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜਾਂ ਦੁਆਰਾ ਕੀਤੇ ਗਏ ਹਮਲੇ ਦੀ 39ਵੀਂ ਬਰਸੀ ਮਨਾਉਣ ਲਈ ਇਕੱਠੇ ਹੋਏ।

ਇਸ ਸਮਾਗਮ, ਜਿਸ ਨੂੰ 'ਆਜ਼ਾਦੀ ਮਾਰਚ' ਵਜੋਂ ਵੀ ਜਾਣਿਆ ਜਾਂਦਾ ਹੈ, ਇਸਦਾ ਉਦੇਸ਼ ਧਾਰਮਿਕ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਅਖੌਤੀ 'ਆਪ੍ਰੇਸ਼ਨ ਬਲੂ ਸਟਾਰ' ਦੀਆਂ ਦੁਖਦਾਈ ਘਟਨਾਵਾਂ ਨੂੰ ਯਾਦ ਕਰਨਾ ਹੈ।

ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਨੇ ਧਰਮ ਦੀ ਆਜ਼ਾਦੀ ਲਈ ਸਭ ਤੋਂ ਵੱਡੀ ਕੁਰਬਾਨੀ ਦਿੱਤੀ। ਇਹ ਯਾਦਗਾਰੀ ਸਮਾਗਮ ਗੁਰੂ ਅਰਜਨ ਦੇਵ ਜੀ ਦੀ ਅਟੁੱਟ ਸ਼ਰਧਾ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਯਾਦ ਦਿਵਾਉਂਦਾ ਹੈ, ਜੋ ਸਿੱਖਾਂ ਦੀਆਂ ਪੀੜ੍ਹੀਆਂ ਨੂੰ ਵਿਸ਼ਵਾਸ, ਦਇਆ ਅਤੇ ਸਮਾਨਤਾ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਇਤਿਹਾਸਕਾਰ ਜੋਇਸ ਜੇ.ਐੱਮ. ਪੇਟੀਗਰਿਊ ਨੇ ਟਿੱਪਣੀ ਕੀਤੀ ਹੈ ਕਿ ਇਸ ਕਾਰਵਾਈ ਦਾ ਉਦੇਸ਼ ਸਿਰਫ਼ ਕਿਸੇ ਸਿਆਸੀ ਸ਼ਖਸੀਅਤ ਜਾਂ ਲਹਿਰ ਨੂੰ ਖ਼ਤਮ ਕਰਨਾ ਨਹੀਂ ਸੀ, ਸਗੋਂ ਸਿੱਖ ਸੱਭਿਆਚਾਰ ਨੂੰ ਦਬਾਉਣ, ਉਨ੍ਹਾਂ ਦੀ ਭਾਵਨਾ 'ਤੇ ਹਮਲਾ ਕਰਨਾ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਨਾ ਸੀ। 1 ਜੂਨ ਤੋਂ 6 ਜੂਨ, 1984 ਤੱਕ ਹੋਏ ਹਮਲੇ ਦੌਰਾਨ, ਭਾਰਤੀ ਫੌਜ ਨੇ ਟੈਂਕਾਂ, ਬਖਤਰਬੰਦ ਵਾਹਨਾਂ ਅਤੇ ਹੈਲੀਕਾਪਟਰ ਗਨਸ਼ਿਪਾਂ ਦੁਆਰਾ ਸਮਰਥਤ ਛੇ ਇਨਫੈਂਟਰੀ ਬਟਾਲੀਅਨ ਅਤੇ ਕਮਾਂਡੋਜ਼ ਦੀ ਇੱਕ ਟੁਕੜੀ ਤਾਇਨਾਤ ਕੀਤੀ। ਇਸ ਹਮਲੇ ਵਿਚ ਨਾ ਸਿਰਫ਼ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ, ਬਲਕਿ ਪੰਜਾਬ ਭਰ ਦੇ 34 ਹੋਰ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ।


ਕਾਰਪੋਰਲ ਸ਼ਹੀਦ ਗੁਰਪ੍ਰੀਤ ਸਿੰਘ ਦੀ 12ਵੀਂ ਬਰਸੀ

11 ਜੂਨ 2023, ਦਿਨ ਐਤਵਾਰ, ਗੁਰਦੁਆਰਾ ਸਾਹਿਬ, ਰੋਜ਼ਵਿਲ



Corporal Gurpreet Singh

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ

ਸਿੱਖ ਕੌਮ ਦੇ ਮਹਾਨ ਸਪੂਤ ਕਾਰਪੋਰਲ ਗੁਰਪ੍ਰੀਤ ਸਿੰਘ ਅਮਰੀਕਾ ਦੀ ਫੌਜ ਵੱਲੋਂ ਲੜਦਾ ਹੋਇਆ ਅਫ਼ਗਾਨਿਸਾਨ ਵਿੱਚ ਸੰਨ 2011 ਵਿਚ ਸ਼ਹੀਦੀ ਪ੍ਰਾਪਤ ਕਰ ਗਿਆ ਸੀ। ਇਸ ਬਹਾਦੁਰ ਨੌਜਵਾਨ ਦੀ 12ਵੀਂ ਬਰਸੀ 11 ਜੂਨ 2023, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ, ਰੋਜ਼ਵਿਲ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਕਾਰਪੋਰਲ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਂਟ ਕਰਨ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ੁੱਕਰਵਾਰ, 06-9-2023
ਭੋਗ ਸ੍ਰੀ ਅਖੰਡ ਪਾਠ ਸਾਹਿਬ, ਐਤਵਾਰ, 06-11-2023

GURDWARA SRI SACHKHAND SAHIB
1090, Main Street, Roseville - 95678

SPACE SPONSORED BY
Punjab Mail USA TV Channel, Newspaper, Radio

Designed By Punjab Mail USA







# VALLEJO TEEYAN MELA 2023

## Sunday, July 16th, 2023 from 12-6pm

Hosted By



Asha Sharma

*Only for Ladies and Children*

**At Dan Foley Cultural Center**

(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.

Organizer



Sunita Verma

Come and enjoy a day filled with entertainment and festiveties, including Punjabi Folk songs and dances, Gidha, Boliyan and much more...




Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com







# ਸਪਰਿੰਗਫੀਲਡ "ਮੈਮੋਰੀਅਲ ਡੇਅ ਪਰੇਡ" ਵਿਚ ਸਿੱਖ ਭਾਈਚਾਰੇ ਦੀ ਚੜ੍ਹਤ





**ਸਪਰਿੰਗਫੀਲਡ (ਓਹਾਇਓ), (ਪੰਜਾਬ ਮੇਲ)**- ਸਪਰਿੰਗਫੀਲਡ ਦੇ ਕਾਰੋਬਾਰੀ ਵਸਨੀਕ ਅਵਤਾਰ ਸਿੰਘ ਸਪਰਿੰਗਫੀਲਡ ਦੀ ਅਗਵਾਈ ਵਿਚ ਸੈਂਕੜਿਆਂ ਦੀ ਗਿਣਤੀ 'ਚ ਸਪਰਿੰਗਫੀਲਡ, ਕੋਲੰਬਸ, ਇੰਡੀਆਨਾ, ਸਿਨਸਿਨਾਟੀ ਤੋਂ ਵੱਡੀ ਗਿਣਤੀ 'ਚ ਸਿੱਖ ਭਾਈਚਾਰੇ ਨੇ ਸਪਰਿੰਗਫੀਲਡ ਮੈਮੋਰੀਅਲ ਡੇ ਪਰੇਡ ਵਿਚ ਹਿੱਸਾ ਲਿਆ। ਅਵਤਾਰ ਸਿੰਘ ਦੀ ਅਗਵਾਈ 'ਚ ਪਿਛਲੇ 25 ਸਾਲਾਂ ਤੋਂ ਵੱਡੀ ਗਿਣਤੀ 'ਚ ਸਿੱਖ ਭਾਈਚਾਰਾ ਓਹਾਇਓ ਦੇ ਸਪਰਿੰਗਫੀਲਡ ਵਿਚ ਸ਼ਹੀਦ ਫੌਜੀਆਂ ਦੀ ਯਾਦ ਵਿਚ ਹਰ ਸਾਲ ਕੱਢੀ ਜਾਂਦੀ ਮੈਮੋਰੀਅਲ ਡੇ ਪਰੇਡ ਵਿਚ ਹਿੱਸਾ ਲੈਂਦਾ ਹੈ।

ਇਸ ਵਾਰ ਸਿੱਖ ਭਾਈਚਾਰਾ ਸ਼ਹੀਦਾਂ ਦੀਆਂ ਤਸਵੀਰਾਂ ਦੇ ਪੋਸਟਰ ਲਾ ਕੇ ਜੀਪਾਂ, ਵੈਨਾਂ, ਕਾਰਾਂ 'ਚ ਸਵਾਰ ਹੋਕੇ ਸ਼ਾਮਲ ਹੋਇਆ। ਉਨ੍ਹਾਂ ਦੇ ਅਮਰੀਕਨ ਝੰਡੇ ਚੁੱਕੇ ਹੋਏ ਸਨ। ਵਿਸ਼ਵ ਯੁੱਧ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਜਾਣਕਾਰੀ ਦੇਣ ਲਈ ਹਰ ਸਾਲ ਦੀ ਤਰ੍ਹਾਂ ਇਸ ਵਾਰ 25ਵੇਂ ਸਾਲ ਦੇ ਮੌਕੇ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਹ ਪਰੇਡ ਤਿੰਨ ਮੀਲਾਂ ਤੋਂ ਵੱਧ ਲੰਬੀ ਸੀ ਅਤੇ ਸੜਕਾਂ ਦੇ ਦੋਵੇਂ ਪਾਸੇ ਵੱਡੀ ਗਿਣਤੀ 'ਚ ਲੋਕ ਇਸ ਪਰੇਡ ਨੂੰ ਹੱਥ ਹਿਲਾਕੇ, ਝੰਡੇ ਲਹਿਰਾਕੇ ਜੀਅ ਆਇਆਂ ਆਖ ਰਹੇ ਸਨ। ਲੋਕਾਂ ਨੇ ਲਾਲ, ਚਿੱਟੇ, ਨੀਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਇਸ ਪਰੇਡ ਵਿਚ 3000 ਲੋਕਾਂ ਨੇ 300 ਤੋਂ ਵੱਧ ਗੱਡੀਆਂ ਨਾਲ ਹਿੱਸਾ ਲਿਆ। ਸਥਾਨਕ ਸੰਸਥਾਵਾਂ ਦਾ ਇਸ ਪਰੇਡ ਲਈ ਵਿਸ਼ੇਸ਼ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਸ਼ਹਿਰ ਦੀ ਪਰੇਡ ਅਮਰੀਕਾ 'ਚ ਆਯੋਜਿਤ ਕੀਤੀ ਜਾਣ ਵਾਲੀ ਵਿਸ਼ੇਸ਼ ਮਹੱਤਵ ਰੱਖਣ ਵਾਲੀ ਪਰੇਡ ਹੈ।

ਵੱਖ-ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆਂ ਝਲਕੀਆਂ ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਫ਼ੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ। ਪਰੇਡ ਵਿਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਪੋਸਟਰਾਂ 'ਤੇ ਲਾ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ।

ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿੱਖ ਝਾਕੀਆਂ ਵੀ ਇਸ ਪਰੇਡ ਵਿਚ ਖਿੱਚ ਦਾ ਕੇਂਦਰ ਰਹੀ। ਇਨ੍ਹਾਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ, ਤਸਵੀਰਾਂ ਦਾ ਪ੍ਰਦਰਸ਼ਨ ਤੇ ਸ਼ੁਭ-ਕਾਮਨਾਵਾਂ ਭੇਟ ਕੀਤੀਆਂ ਗਈਆਂ। ਇਹ ਪਰੇਡ ਜਦ ਬਾਜ਼ਾਰਾਂ ਵਿਚੋਂ ਲੰਘੀ, ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜ੍ਹਕ ਕੰਢੇ ਖੜ੍ਹੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਅਵਤਾਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਸਰਬਜੀਤ ਕੌਰ ਦੀ ਪ੍ਰੇਰਨਾ ਸਦਕਾ ਪਰੇਡ ਦੇ 25ਵੇਂ ਵਰ੍ਹੇ ਸਿੱਖ ਭਾਈਚਾਰੇ ਦੇ ਵੱਡੀ ਗਿਣਤੀ ਲੋਕਾਂ ਨੇ ਪਰੇਡ 'ਚ ਸ਼ਾਮਲ ਹੋਣ ਦਾ ਵੱਡਾ ਹੁੰਗਾਰਾ ਭਰਿਆ। ਯਾਦ ਰਹੇ ਅਵਤਾਰ ਸਿੰਘ ਪਿਛਲੇ ਲੰਮੇ ਸਮੇਂ ਤੋਂ ਪੰਜਾਬ, ਪੰਜਾਬੀ, ਪੰਜਾਬੀਅਤ ਲਈ ਤਾਂ ਵਿਸ਼ੇਸ਼ ਉਪਰਾਲੇ ਕਰ ਹੀ ਰਹੇ ਹਨ, ਪਰ ਅਮਰੀਕਾ ਦੀ ਧਰਤੀ 'ਤੇ ਰਹਿ ਕੇ ਸਤੰਬਰ 2001 ਦੇ ਹਮਲੇ ਦੇ ਬਾਅਦ ਸਿੱਖਾਂ ਉਤੇ ਗਲਤ ਪਹਿਚਾਣ ਦੇ ਮੱਦੇਨਜ਼ਰ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਸਿੱਖ ਪਹਿਚਾਣ ਸਬੰਧੀ ਅਮਰੀਕਨ ਲੋਕਾਂ ਨੂੰ ਜਾਣਕਾਰੀ ਦੇਣ ਲਈ ਵਿਸ਼ੇਸ਼ ਉਪਰਾਲੇ ਵੀ ਕਰ ਰਹੇ ਹਨ।


ਮੈਮੋਰੀਅਲ ਡੇਅ ਪਰੇਡ ਦੇ ਅੰਤ ਵਿਚ ਸ਼ਾਮਲ ਹੋਏ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਅਵਤਾਰ ਸਿੰਘ ਸਪਰਿੰਗਫੀਲਡ ਅਤੇ ਉਨ੍ਹਾਂ ਦੀ ਪਤਨੀ ਸਰਬਜੀਤ ਕੌਰ ਦੇ ਗ੍ਰਹਿ ਵਿਖੇ ਖਾਣਾ ਖਾਦਾ ਅਤੇ ਸਭਨਾਂ ਨੇ ਅਵਤਾਰ ਸਿੰਘ ਪਰਿਵਾਰ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ ਕਿ ਉਹ ਭਾਈਚਾਰੇ ਨੂੰ ਸਥਾਨਕ ਅਮਰੀਕਨਾਂ ਨਾਲ ਜੋੜਕੇ ਵੱਡਾ ਉਪਰਾਲਾ ਕਰ ਰਹੇ ਹਨ। ਇਸ ਪਰੇਡ ਦੇ ਆਯੋਜਿਨ ਵਿਚ ਬੌਬੀ ਸਿੱਧੂ ਅਤੇ ਉਸਦੇ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਰਹਿੰਦਾ ਹੈ ਅਤੇ ਫੋਟੋਗ੍ਰਾਫੀ ਸੁਨੀਲ ਮੱਲੀ ਵਲੋਂ ਕੀਤੀ ਜਾਂਦੀ ਹੈ।

## ਅਮਰੀਕਾ 'ਚ ਸੜਕ ਹਾਦਸੇ 'ਚ ਦੌਰਾਨ ਮਾਰੇ ਗਏ ਨੌਜਵਾਨ ਦਾ ਪੰਜਾਬ 'ਚ ਸਸਕਾਰ

**ਚੋਗਾਵਾਂ, (ਪੰਜਾਬ ਮੇਲ)**- ਅਮਰੀਕਾ 'ਚ 9 ਮਈ ਨੂੰ ਵਾਪਰੇ ਇਕ ਸੜਕ ਹਾਦਸੇ ਦੌਰਾਨ ਮਾਰੇ ਗਏ ਨੌਜਵਾਨ ਰਸਾਲ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਪਿੰਡ ਚੋਗਾਵਾਂ ਦੀ ਮ੍ਰਿਤਕ ਦੇਹ ਪਿੰਡ ਪੁੱਜਣ 'ਤੇ ਪੂਰੇ ਕਸਬੇ ਦਾ ਮਾਹੌਲ ਗਮਗੀਨ ਹੋ ਗਿਆ। ਪੁੱਤਰ ਦੀ ਮ੍ਰਿਤਕ ਦੇਹ ਨੂੰ ਦੇਖ ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਸੀ। ਮ੍ਰਿਤਕ ਦੇ ਚਾਚਾ ਸਾਬਕਾ ਸਰਪੰਚ ਜਤਿੰਦਰ ਸਿੰਘ ਕਾਲਾ ਅਤੇ ਪ੍ਰਧਾਨ ਗੁਰਭੇਜ ਸਿੰਘ ਚਵਿੰਡਾ ਕਲਾਂ ਨੇ ਦੱਸਿਆ ਕਿ ਰਸਾਲ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ ਅਤੇ ਉਹ ਚੰਗੇ ਭਵਿੱਖ ਆਸ ਲੈ ਕੇ ਲਗਭਗ ਇਕ ਮਹੀਨਾ ਪਹਿਲਾਂ ਹੀ ਅਮਰੀਕਾ ਪੁੱਜਾ ਸੀ। ਅਮਰੀਕਾ 'ਚ 9 ਮਈ ਵਾਪਰੇ ਇਕ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਬੀਤੇ ਦਿਨੀਂ ਰਸਾਲ ਦੀ ਮ੍ਰਿਤਕ ਦੇਹ ਪਿੰਡ ਚੋਗਾਵਾਂ ਵਿਖੇ ਪੁੱਜੀ, ਜਿੱਥੇ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
**www.punjabmailusa.com**

# ਰਾਹੁਲ ਗਾਂਧੀ ਵੱਲੋਂ ਅਮਰੀਕੀ ਦਰਸ਼ਕਾਂ ਨੂੰ 'ਆਧੁਨਿਕ ਭਾਰਤ' ਲਈ ਖੜ੍ਹੇ ਹੋਣ ਦਾ ਸੱਦਾ




**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤੀ ਸਿਆਸਤਦਾਨ ਰਾਹੁਲ ਗਾਂਧੀ ਅਮਰੀਕਾ ਵਿਚ ਆਪਣੇ 6 ਦਿਨ ਦੇ ਦੌਰੇ ਦੌਰਾਨ ਬੀਤੇ ਦਿਨੀਂ ਨਿਊਯਾਰਕ ਦੇ ਜੈਵਿਟਸ ਸੈਂਟਰ ਵਿਚ ਪਹੁੰਚੇ, ਜਿਥੇ ਉਨ੍ਹਾਂ ਪਾਰਟੀ ਵਰਕਰਾਂ ਦੇ ਇਕ ਭਾਰੀ ਇਕੱਠ ਨੂੰ ਸੰਬੋਧਨ ਕੀਤਾ। ਭਾਰਤੀ ਵਿਰੋਧੀ ਧਿਰ ਦੇ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਆਪਣੇ ਭਾਸ਼ਣ ਵਿਚ ਦੇਸ਼ ਦੀ ਲੀਡਰਸ਼ਿਪ ਦੀ ਆਲੋਚਨਾ ਕਰਦੇ ਹੋਏ, ਅਮਰੀਕਾ ਅਤੇ ਭਾਰਤੀਆਂ ਨੂੰ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਲਈ ਖੜ੍ਹੇ ਹੋਣ ਲਈ ਕਿਹਾ। ਰਾਹੁਲ ਗਾਂਧੀ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਿੱਖੇ ਤੇਵਰ ਕੱਸਦੇ ਹੋਏ ਆਲੋਚਨਾ ਕਰਦੇ ਕਿਹਾ ਕਿ ਲੋਕਤੰਤਰ ਦੀ ਗੱਲ ਕਰਦੇ ਸਮੇਂ ਉਨ੍ਹਾਂ ਨੂੰ ਸੰਸਦ ਤੋਂ ਕੱਢ ਦਿੱਤਾ ਗਿਆ ਸੀ। ਮੋਦੀ ਅਤੇ ਉਸਦੀ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਦੇਸ਼ ਨੂੰ ਵੰਡਣ ਅਤੇ ਬੇਰੁਜ਼ਗਾਰੀ ਅਤੇ ਸਿੱਖਿਆ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਵਿਚ ਅਸਫਲ ਰਹਿਣ ਦਾ ਵੀ ਉਨ੍ਹਾਂ ਦੋਸ਼ ਲਗਾਇਆ। 52 ਸਾਲਾ ਰਾਹੁਲ ਗਾਂਧੀ ਨੇ ਮੈਨਹਟਨ ਦੇ ਜੈਕਬ ਜਾਵਿਟਸ ਸੈਂਟਰ ਵਿਖੇ ਇੰਡੀਅਨ ਓਵਰਸੀਜ਼ ਕਾਂਗਰਸ ਯੂ.ਐੱਸ.ਏ. ਦੇ ਸਮਾਗਮ ਵਿਚ ਲਗਭਗ 800 ਦੇ ਕਰੀਬ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਲੋਕਾਂ ਲਈ ਇਕ ਦੇਸ਼ ਦੇ ਪ੍ਰਧਾਨ ਮੰਤਰੀ ਵਲੋ ਘਮੰਡੀ ਹੋਣਾ, ਹੰਕਾਰੀ ਹੋਣਾ, ਹਿੰਸਕ ਹੋਣਾ, ਇਹ ਭਾਰਤੀ ਲੋਕਾਂ ਦੀਆ ਕਦਰਾਂ-ਕੀਮਤਾਂ ਨਹੀਂ ਹਨ। ਇਸ ਤੋਂ ਪਹਿਲਾ ਰਾਹੁਲ ਗਾਂਧੀ ਕੈਲੀਫੋਰਨੀਆ ਵਿਚ ਸਟੈਨਫੋਰਡ ਯੂਨੀਵਰਸਿਟੀ ਅਤੇ ਵਾਸ਼ਿੰਗਟਨ ਡੀ.ਸੀ. ਵਿਚ ਨੈਸ਼ਨਲ ਪ੍ਰੈੱਸ ਕਲੱਬ ਵਿਚ ਭਾਸ਼ਣ ਰੁਝੇਵਿਆਂ ਸਮੇਤ, ਸੰਯੁਕਤ ਰਾਜ ਦੇ ਤਿੰਨ ਸ਼ਹਿਰਾਂ ਦੇ ਦੌਰੇ 'ਤੇ ਰਹੇ ਸਨ। ਇਸ ਦੌਰਾਨ, ਅਮਰੀਕੀ ਕਾਂਗਰਸ ਦੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਹੀਨੇ ਦੇ ਅੰਤ ਵਿਚ ਕਾਂਗਰਸ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਲਈ ਵੀ ਸੱਦਾ ਦਿੱਤਾ ਹੈ। ਅਮਰੀਕੀ ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ, ਸੈਨੇਟ ਦੇ ਬਹੁਗਿਣਤੀ ਨੇਤਾ ਚੱਕ ਸ਼ੂਮਰ ਅਤੇ ਹੋਰ ਨੇਤਾਵਾਂ ਨੇ ਸੰਬੋਧਨ ਵਿਚ ਭਾਰਤ ਦੇ ਭਵਿੱਖ ਲਈ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕਰਨ ਅਤੇ ਸਾਡੇ ਦੋਵਾਂ ਦੇਸ਼ਾਂ ਨੂੰ ਦਰਪੇਸ਼ ਵਿਸ਼ਵਵਿਆਪੀ ਚੁਣੌਤੀਆਂ ਨਾਲ ਗੱਲ ਕਰਨ ਦੇ ਮੌਕੇ ਵਜੋਂ ਘੋਸ਼ਿਤ ਕੀਤਾ। ਰਾਹੁਲ ਗਾਂਧੀ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਦੇ ਮੈਂਬਰ ਵੀ ਹਨ ਅਤੇ ਉਨ੍ਹਾਂ ਆਉਣ ਵਾਲੀਆਂ ਚੋਣਾਂ ਵਿਚ ਮੋਦੀ ਦੀ ਬੀ.ਜੇ.ਪੀ. ਪਾਰਟੀ ਨੂੰ ਮੁੱਖ ਚੁਣੌਤੀ ਦਿੱਤੀ।




# ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 'ਨਿੱਗਰ ਖੰਭਾਂ ਦੀ ਉਡਾਣ' (ਅਜੋਕੀ ਅਮਰੀਕੀ ਪੰਜਾਬੀ ਕਹਾਣੀ) ਲੋਕ ਅਰਪਿਤ

ਸਟਾਕਟਨ, (ਹਰਜਿੰਦਰ ਪੰਧੇਰ/ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਸਟਾਕਟਨ ਵਿਖੇ ਕਰਵਾਈ ਗਈ ਸਾਹਿਤਕ ਕਾਨਫਰੰਸ 'ਚ ਨਾਮਵਰ ਕਹਾਣੀਕਾਰਾਂ, ਵਿਦਵਾਨ ਸ਼ਖ਼ਸੀਅਤਾਂ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲੈ ਕੇ ਇਸਨੂੰ ਯਾਦਗਾਰੀ ਅਤੇ ਇਤਿਹਾਸਕ ਬਣਾ ਦਿੱਤਾ। ਕਾਨਫਰੰਸ ਦਾ ਆਰੰਭ ਸਭਾ ਦੇ ਸਨਮਾਨਯੋਗ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਆਏ ਮਹਿਮਾਨਾਂ ਦਾ ਤਹਿਦਿਲੋਂ ਸਵਾਗਤ ਅਤੇ ਸੰਮੇਲਨ ਦੀ ਮੱਹਤਤਾ ਤੇ ਗੁਣਵੱਤਾ ਦਾ ਜ਼ਿਕਰ ਕਰਦਿਆਂ ਕੀਤਾ ਗਿਆ। ਵਿਛੜੀਆਂ ਰੂਹਾਂ ਲਈ ਇੱਕ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਇਸ ਉਪਰੰਤ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਵਿਸ਼ੇਸ਼ ਸੱਦੇ 'ਤੇ ਪਹੁੰਚੇ ਡਾ. ਬਲਦੇਵ ਸਿੰਘ ਧਾਲੀਵਾਲ ਨੇ ਆਪਣਾ ਪੇਪਰ 'ਅਜੋਕੀ ਅਮਰੀਕੀ ਪੰਜਾਬੀ ਕਹਾਣੀ ਬਦਲਦੇ ਪ੍ਰਤੀਮਾਨ' ਕਰਦਿਆਂ ਕਿਹਾ ਕਿ, "ਅਮਰੀਕਾ ਦੇ ਪਰਵਾਸੀ ਪੰਜਾਬੀਆਂ ਦੀ ਹੋਂਦ ਅਤੇ ਹੋਣੀ ਦੇ ਅਜੋਕੇ ਸਰੋਕਾਰਾਂ ਨੂੰ ਸਮਝਣ ਲਈ ਕਹਾਣੀ ਬਹੁਤ ਮੁਲਵਾਨ ਸਮੱਗਰੀ ਦੇ ਰਹੀ ਹੈ। ਸੱਜਰੀਆਂ ਕਹਾਣੀਆਂ ਦੇ ਸੰਗ੍ਰਹਿ, 'ਨਿੱਗਰ ਖੰਭਾਂ ਦੀ ਉਡਾਣ' ਦਾ ਇਸ ਪ੍ਰਸੰਗ ਵਿਚ ਵੱਡਾ ਯੋਗਦਾਨ ਬਣਦਾ ਹੈ। ਇਨ੍ਹਾਂ ਕਹਾਣੀਕਾਰਾਂ ਨੇ ਗੈਰ ਪੰਜਾਬੀ ਪਾਤਰਾਂ ਨੂੰ ਮਨੁੱਖੀ ਹਮਦਰਦੀ ਨਾਲ ਚਿੱਤਰ ਕੇ ਪਾਰ ਰਾਸ਼ਟਰੀ ਚੇਤਨਾ ਦੇ ਨਵੇਂ ਪਾਸਾਰਾਂ ਨੂੰ ਉਜਾਗਰ ਕੀਤਾ ਹੈ।





ਇਸ ਉਪਰੰਤ ਪ੍ਰਧਾਨਗੀ ਮੰਡਲ ਅਤੇ ਹਾਜ਼ਰ ਕਹਾਣੀਕਾਰਾਂ ਨੇ 'ਨਿੱਗਰ ਖੰਭਾਂ ਦੀ ਉਡਾਣ' ਨੂੰ ਭਰਵੇਂ ਮਾਹੌਲ ਵਿਚ ਲੋਕ ਅਰਪਿਤ ਕੀਤਾ। ਪ੍ਰਧਾਨਗੀ ਮੰਡਲ ਵਿਚ ਮੌਜੂਦ ਡਾ. ਅਜੀਤ ਪਾਲ ਸਿੰਘ, ਡਾ. ਗੁਰਿੰਦਰ ਸਿੰਘ ਗਰੇਵਾਲ, ਦਵਿੰਦਰ ਕੌਰ ਗੁਰਾਇਆ ਤੋਂ ਇਲਾਵਾ ਭੁਪਿੰਦਰ ਸਿੰਘ ਮੱਲੀ (ਜੀਵੇ ਪੰਜਾਬ ਅਦਬੀ ਸੰਗਤ, ਵੈਨਕੂਵਰ, ਬੀ.ਸੀ ਦੇ ਕਰਤਾ ਧਰਤਾ) ਨੇ ਇਸ ਪੁਸਤਕ ਦੀ ਸੰਪਾਦਕੀ ਟੀਮ (ਹਰਜਿੰਦਰ ਪੰਧੇਰ, ਹਰਮਹਿੰਦਰ ਸਿੰਘ ਚਾਹਲ, ਰਵੀ ਸ਼ੇਰ ਗਿੱਲ) ਦੁਆਰਾ ਇਸ ਕਹਾਣੀ-ਸੰਗ੍ਰਹਿ ਲਈ ਕੀਤੇ ਉੱਦਮ ਦੀ ਭਰਪੂਰ ਸ਼ਲਾਘਾ ਕਰਦਿਆਂ ਵਧਾਈ ਦਿੱਤੀ। ਇਸ ਤੋਂ ਬਾਅਦ ਦਵਿੰਦਰ ਕੌਰ ਗੁਰਾਇਆ ਦੁਆਰਾ ਸਿਰਜਤ ਕਹਾਣੀ-ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਦੀ ਘੁੰਡ ਚੁਕਾਈ ਕੀਤੀ ਗਈ।

ਕਵੀ ਦਰਬਾਰ 'ਚ ਜਾਵੇਦ ਹੁਸੈਨ, ਮਲਕੀਤ ਸਿੰਘ, ਪਸ਼ੌਰਾ ਸਿੰਘ ਢਿੱਲੋਂ, ਡਾ. ਗੁਰਪ੍ਰੀਤ ਸਿੰਘ ਧੁੱਗਾ, ਪ੍ਰਿੰਸੀਪਲ ਹਰਜਿੰਦਰ ਸਿੰਘ ਮੱਟੂ, ਜੀਵਨ ਰੱਤੂ, ਹਰਜੀਤ ਸਿੰਘ ਹੁੰਦਲ, ਸ਼ਾਹ ਢਿੱਲੋਂ, ਮਲਿਕ ਇਮਤਾਜ਼, ਪਰਮਿੰਦਰ ਸਿੰਘ ਪਰਵਾਨਾ ਵੱਲੋਂ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।

ਫਕੀਰ ਸਿੰਘ ਮੱਲੀ ਨੇ ਡਾ. ਬਲਦੇਵ ਸਿੰਘ ਧਾਲੀਵਾਲ ਸਾਹਿਬ ਨਾਲ ਆਪਣੀਆਂ ਪੁਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਡਾ. ਮਨਰੀਤ ਕੌਰ ਗਰੇਵਾਲ ਨੇ ਸਟੇਜ ਨੂੰ ਬਾਖੂਬੀ ਨਿਭਾਇਆ। ਗੁਰਪ੍ਰੀਤ ਸਿੰਘ ਪੰਧੇਰ ਨੇ ਪੂਰੇ ਪ੍ਰੋਗਰਾਮ ਦੀ ਵੀ.ਡੀ.ਓ ਨੂੰ ਤਿਆਰ ਕੀਤਾ। ਹਰਿੰਦਰ ਸਿੰਘ ਨੇ ਲੰਗਰ ਦਾ ਪ੍ਰਬੰਧ ਕੀਤਾ। ਸਮਾਗਮ ਦਾ ਵਿਸ਼ੇਸ਼ ਤੌਰ 'ਤੇ ਅਨੰਦ ਲੈਣ ਪਹੁੰਚੇ ਪਤਵੰਤੇ ਸਜਣਾਂ ਵਿਚ ਸ. ਸੱਤਨਾਮ ਸਿੰਘ ਸੰਧੂ, ਹਰਬੰਸ ਸਿੰਘ ਤੱਖਰ, ਹਰਨੇਕ ਸਿੰਘ, ਜਰਨੈਲ ਸਿੰਘ ਗਿੱਲ, ਸੁਰਿੰਦਰ ਜੀਤ ਕੌਰ, ਗੁਰਸੇਵਕ ਮੁਸਾਫਰ, ਕਰਮਜੀਤ ਸਿੰਘ ਕੰਗ, ਖੁਸ਼ਵਿੰਦਰ ਕੌਰ ਗਿੱਲ, ਪੁਸ਼ਵਿੰਦਰ ਚੌਹਾਨ, ਮਨਜੀਤ ਕੌਰ ਸੰਧੂ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਪੰਧੇਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਸਨਮਾਨਯੋਗ ਹਸਤੀਆਂ ਨੇ ਭਾਗ ਲਿਆ।

# ਅਮਰੀਕੀ ਹਵਾਈ ਫੌਜ ਦੇ ਪ੍ਰੋਗਰਾਮ ਦੌਰਾਨ ਮੰਚ 'ਤੇ ਲੜਖੜਾ ਕੇ ਡਿੱਗੇ ਬਾਇਡਨ

ਕੋਲੋਰਾਡੋ (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਮਰੀਕੀ ਹਵਾਈ ਫ਼ੌਜ ਦੇ ਇਕ ਪ੍ਰੋਗਰਾਮ ਦੌਰਾਨ ਮੰਚ 'ਤੇ ਲੜਖੜਾ ਕੇ ਡਿੱਗੇ ਪਏ। ਹਾਲਾਂਕਿ ਇਸ ਦੌਰਾਨ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਬਾਇਡਨ ਨੇ ਇਸ 'ਤੇ ਸਪੱਸ਼ਟੀਕਰਨ ਦਿੰਦੇ ਹੋਏ ਕਿਹਾ ਕਿ ਉਹ ਰੇਤ ਦੇ ਇਕ ਬੈਗ ਨਾਲ ਟਕਰਾ ਗਏ ਸਨ। ਅਮਰੀਕੀ ਰਾਸ਼ਟਰਪਤੀ ਕੋਲੋਰਾਡੋ ਸਪ੍ਰਿਗਜ਼ ਵਿਚ ਏਅਰ ਫੋਰਸ ਅਕੈਡਮੀ ਦੇ ਮੰਚ 'ਤੇ ਗ੍ਰੈਜੂਏਟਾਂ ਨਾਲ ਹੱਥ ਮਿਲਾ ਕੇ ਉਨ੍ਹਾਂ ਦਾ ਸਵਾਗਤ ਕਰ ਰਹੇ ਸਨ ਅਤੇ ਉਹ ਜਦੋਂ ਆਪਣੀ ਸੀਟ ਵੱਲ ਜਾਣ ਲਈ ਮੁੜੇ, ਉਦੋਂ ਉਹ ਲੜਖੜਾ ਕੇ ਡਿੱਗੇ ਪਏ।

ਹਵਾਈ ਫ਼ੌਜ ਦੇ ਇਕ ਅਧਿਕਾਰੀ ਅਤੇ ਅਮਰੀਕੀ ਖ਼ੁਫ਼ੀਆ ਸੇਨਾ ਦੇ 2 ਮੈਂਬਰਾਂ ਨੇ ਉਨ੍ਹਾਂ ਚੁੱਕਿਆ ਅਤੇ ਸੀਟ ਵੱਲ ਜਾਣ ਵਿਚ ਮਦਦ ਕੀਤੀ। ਰਾਸ਼ਟਰਪਤੀ ਦੇ ਡਿੱਗਣ ਨਾਲ ਪ੍ਰੋਗਰਾਮ 'ਚ ਮੌਜੂਦ ਲੋਕ ਚਿੰਤਾ ਨਾਲ ਉਨ੍ਹਾਂ ਵੱਲ ਦੇਖਣ ਲੱਗੇ। ਬਾਇਡਨ (80) ਅਮਰੀਕਾ ਦੇ ਇਤਿਹਾਸ ਵਿਚ ਸਭ ਤੋਂ ਬਜ਼ੁਰਗ ਰਾਸ਼ਟਰਪਤੀ ਹਨ। ਉਨ੍ਹਾਂ ਨੇ ਵ੍ਹਾਈਟ ਹਾਊਸ ਪਰਤਣ ਦੇ ਬਾਅਦ ਵੀਰਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਵਿਚ ਹੱਸਦੇ ਹੋਏ ਕਿਹਾ, 'ਮੈਂ ਰੇਤ ਦੇ ਬੈਗ ਨਾਲ ਟਕਰਾ ਗਿਆ ਸੀ।'



ਮੰਚ 'ਤੇ ਟੈਲੀਪ੍ਰੋਂਪਟਰ ਨੂੰ ਸਹਾਰਾ ਦੇਣ ਲਈ ਰੇਤ ਦੇ 2 ਬੈਗ ਰੱਖੇ ਗਏ ਸਨ। ਇਹ ਟੈਲੀਪ੍ਰੋਂਪਟਰ ਬਾਈਡੇਨ ਅਤੇ ਪ੍ਰੋਗਰਾਮ ਦੇ ਹੋਰ ਬੁਲਾਰਿਆਂ ਵੱਲੋਂ ਇਸਤੇਮਾਲ ਕੀਤੇ ਜਾਣੇ ਸਨ। ਵ੍ਹਾਈਟ ਹਾਊਸ ਦੇ ਸੰਚਾਰ ਨਿਰਦੇਸ਼ਕ ਬੇਨ ਲਾਬੋਲਟ ਨੇ ਘਟਨਾ ਦੇ ਬਾਅਦ ਟਵੀਟ ਕੀਤੀ, 'ਉਹ (ਬਾਈਡੇਨ) ਠੀਕ ਹਨ। ਮੰਚ 'ਤੇ ਰੇਤ ਨਾਲ ਭਰਿਆ ਇਕ ਬੈਗ ਰੱਖਿਆ ਹੋਇਆ ਸੀ।'

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਭੇਤਭਰੇ ਹਾਲਾਤ 'ਚ ਮੌਤ

ਨਕੋਦਰ, (ਪੰਜਾਬ ਮੇਲ)- ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਭੇਤਭਰੇ ਹਾਲਾਤ 'ਚ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਪੰਜਾਬ ਦੇ ਨਕੋਦਰ ਦੇ ਨੇੜਲੇ ਪਿੰਡ ਖੁਰਸ਼ੇਦਪੁਰ (ਪੰਡੋਰੀ) ਨਾਲ ਸੰਬੰਧਤ 23 ਸਾਲਾ ਨੌਜਵਾਨ ਸੁਖਜੀਤ ਸਿੰਘ ਸੰਧੂ ਦੀ ਅਮਰੀਕਾ 'ਚ ਭੇਤਭਰੇ ਹਾਲਾਤ 'ਚ ਮੌਤ ਹੋਣ ਕਾਰਨ ਪਰਿਵਾਰ ਅਤੇ ਪਿੰਡ ਵਾਸੀਆਂ ਨੂੰ ਡੂੰਘਾ ਸਦਮਾ ਲੱਗਾ ਹੈ। ਮ੍ਰਿਤਕ ਦੇ ਚਾਚੇ ਹਰਭਿੰਦਰ ਸਿੰਘ ਨੇ ਦੱਸਿਆ ਕਿ ਸੁਖਜੀਤ ਸਿੰਘ ਸੰਧੂ ਤਕਰੀਬਨ ਪੌਣੇ 2 ਸਾਲ ਪਹਿਲਾਂ ਆਪਣੇ ਚੰਗੇ ਭਵਿੱਖ ਤੇ ਰੋਜ਼ੀ-ਰੋਟੀ ਦੀ ਖਾਤਰ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਗਿਆ ਸੀ, ਜਿਸ ਨੂੰ ਕੁਝ ਮਹੀਨੇ ਪਹਿਲਾਂ ਹੀ ਵਰਕ ਪਰਮਿਟ ਮਿਲਿਆ ਸੀ। ਅਮਰੀਕਾ ਤੋਂ ਸਾਨੂੰ ਫੋਨ ਆਇਆ ਕਿ ਸੁਖਜੀਤ ਸਿੰਘ ਦੀ ਮੌਤ ਹੋ ਗਈ ਪਰ ਪਰਿਵਾਰ ਨੂੰ ਮੌਤ ਹੋਣ ਦੇ ਕਾਰਨਾਂ ਦਾ ਕੋਈ ਸਪੱਸ਼ਟ ਪਤਾ ਨਹੀਂ ਲੱਗਾ।



# ਕੈਲੀਫੋਰਨੀਆ ਸਟੇਟ ਸੇਨੈਟ ਵੱਲੋਂ ਸਿੱਖਾਂ ਨੂੰ ਹੈਲਮੈਟ ਪਾਉਣ ਤੋਂ ਛੋਟ ਦੇਣ ਦਾ ਐਡਵੋਕੇਟ ਧਾਮੀ ਵੱਲੋਂ ਸਵਾਗਤ

ਅੰਮ੍ਰਿਤਸਰ, (ਪੰਜਾਬ ਮੇਲ)- ਅਮਰੀਕਾ ਦੇ ਕੈਲੀਫੋਰਨੀਆ 'ਚ ਸਟੇਟ ਸੇਨੈਟ ਵੱਲੋਂ ਸਿੱਖਾਂ ਨੂੰ ਹੈਲਮੈਟ ਪਾਉਣ ਤੋਂ ਛੋਟ ਦੇਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖ ਕੌਮ ਲਈ ਖੁਸ਼ੀ ਦੀ ਖ਼ਬਰ ਹੈ, ਜਿਸ ਦਾ ਹੋਰਨਾਂ ਦੇਸ਼ਾਂ ਅੰਦਰ ਵੀ ਅਸਰ ਹੋਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਦਸਤਾਰ ਸਿੱਖ ਰਹਿਣੀ ਦਾ ਅਹਿਮ ਅੰਗ ਹੈ ਅਤੇ ਸਿੱਖ ਨੂੰ ਹੈਲਮੈਟ ਪਾਉਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕੈਲੀਫੋਰਨੀਆ ਦੀ ਸੇਨੈਟ ਦੇ ਮੈਂਬਰ ਬਰੀਅਨ ਡਾਹਲ ਵੱਲੋਂ ਸਿੱਖਾਂ ਦੀ ਆਵਾਜ਼ ਨੂੰ ਸੇਨੈਟ ਵਿਚ ਪੇਸ਼ ਕਰਨ ਲਈ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਬਿੱਲ ਅਸੈਂਬਲੀ ਵਿਚ ਜਲਦ ਪਾਸ ਹੋ ਜਾਵੇਗਾ।



# ਭਾਰਤੀ-ਅਮਰੀਕੀ ਅਜੈ ਬੰਗਾ ਨੇ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ ਅਮਰੀਕੀ ਅਜੈ ਬੰਗਾ ਨੇ



ਸ਼ੁੱਕਰਵਾਰ ਨੂੰ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਦੇ ਨਾਲ ਹੀ ਉਹ ਦੋ ਗਲੋਬਲ ਵਿੱਤੀ ਸੰਸਥਾਵਾਂ- ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੇ ਮੁਖੀ ਬਣਨ ਵਾਲੇ ਪਹਿਲੇ ਗੈਰ-ਗੋਰੇ ਵਿਅਕਤੀ ਬਣ ਗਏ ਹਨ। 3 ਮਈ ਨੂੰ ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕਾਂ ਨੇ ਬੰਗਾ (63) ਨੂੰ ਵਿਸ਼ਵ ਬੈਂਕ ਦਾ 14ਵਾਂ ਪ੍ਰਧਾਨ ਚੁਣਿਆ ਸੀ। ਉਨ੍ਹਾਂ ਦਾ ਕਾਰਜਕਾਲ 5 ਸਾਲ ਦਾ ਹੋਵੇਗਾ।

ਰਾਸ਼ਟਰਪਤੀ ਜੋਅ ਬਾਇਡਨ ਨੇ ਫਰਵਰੀ ਵਿਚ ਘੋਸ਼ਣਾ ਕੀਤੀ ਸੀ ਕਿ ਵਿਸ਼ਵ ਬੈਂਕ ਦੇ ਪ੍ਰਧਾਨ ਲਈ ਅਮਰੀਕਾ ਬੰਗਾ ਨੂੰ ਨਾਮਜ਼ਦ ਕਰੇਗਾ। ਵਿਸ਼ਵ ਬੈਂਕ ਨੇ ਸ਼ੁੱਕਰਵਾਰ ਨੂੰ ਬੰਗਾ ਦੀ ਹੈੱਡਕੁਆਰਟਰ ਵਿਚ ਦਾਖਲ ਹੁੰਦੇ ਦੀ ਫੋਟੋ ਪੋਸਟ ਕਰਦੇ ਹੋਏ ਟਵੀਟ ਕੀਤਾ, "ਸਾਡੇ ਨਾਲ ਮਿਲ ਕੇ ਵਿਸ਼ਵ ਬੈਂਕ ਸਮੂਹ ਦੇ ਨਵੇਂ ਪ੍ਰਧਾਨ ਵਜੋਂ ਅਜੇ ਬੰਗਾ ਦਾ ਸਵਾਗਤ ਕਰੋ। ਅਸੀਂ ਗਰੀਬੀ ਤੋਂ ਮੁਕਤ ਸੰਸਾਰ ਬਣਾਉਣ ਲਈ ਵਚਨਬੱਧ ਹਾਂ।" ਆਈ.ਐੱਮ.ਐੱਫ. ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲੀਨਾ ਜਾਰਜੀਵਾ ਨੇ ਟਵੀਟ ਕੀਤਾ, "ਮੈਂ ਅਜੇ ਬੰਗਾ ਨੂੰ ਸ਼ੁਭਕਾਮਨਾਵਾਂ ਦਿੰਦੀ ਹਾਂ, ਕਿਉਂਕਿ ਉਹ ਵਿਸ਼ਵ ਬੈਂਕ ਦੇ ਪ੍ਰਧਾਨ ਵਜੋਂ ਆਪਣੀ ਨਵੀਂ ਭੂਮਿਕਾ ਸੰਭਾਲ ਰਹੇ ਹਨ। ਮੈਂ ਚੰਗਾ ਕੰਮ ਕਰਨ ਅਤੇ ਲੋੜਵੰਦਾਂ ਦੀ ਮਦਦ ਕਰਨ ਲਈ ਸਾਡੀਆਂ ਸੰਸਥਾਵਾਂ ਵਿਚਕਾਰ ਡੂੰਘੀ ਭਾਈਵਾਲੀ ਨੂੰ ਜਾਰੀ ਰੱਖਣ ਦੀ ਉਮੀਦ ਕਰਦੀ ਹਾਂ।"

**■ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੇ ਮੁਖੀ ਬਣਨ ਵਾਲੇ ਪਹਿਲੇ ਗੈਰ-ਗੋਰੇ ਵਿਅਕਤੀ**

ਬੰਗਾ ਵਿਸ਼ਵ ਬੈਂਕ ਦੀ ਪ੍ਰਧਾਨਗੀ ਕਰਨ ਵਾਲੇ ਪਹਿਲੇ ਭਾਰਤੀ-ਅਮਰੀਕੀ ਹਨ। ਉਹ ਡੇਵਿਡ ਮਾਲਪਾਸ ਦੀ ਥਾਂ 'ਤੇ ਆਏ ਹਨ, ਜਿਨ੍ਹਾਂ ਨੇ ਫਰਵਰੀ ਵਿਚ ਅਸਤੀਫਾ ਦੇਣ ਦਾ ਫੈਸਲਾ ਕੀਤਾ ਸੀ। ਬੰਗਾ ਇਸ ਤੋਂ ਪਹਿਲਾਂ ਜਨਰਲ ਐਟਲਾਂਟਿਕ ਦੇ ਵਾਈਸ ਚੇਅਰਮੈਨ ਸਨ। ਇਸ ਤੋਂ ਪਹਿਲਾਂ, ਉਹ ਗਲੋਬਲ ਸਮੂਹ ਮਾਸਟਰਕਾਰਡ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸਨ। ਮਾਸਟਰਕਾਰਡ ਵਿਚ ਲਗਭਗ 24,000 ਕਰਮਚਾਰੀ ਕੰਮ ਕਰਦੇ ਹਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
**www.punjabmailusa.com**

# ਕੈਲੀਫੋਰਨੀਆ ਸੈਨੇਟ ਵੱਲੋਂ ਮੋਟਰਸਾਈਕਲ ਚਲਾਉਣ ਵੇਲੇ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਦੇਣ ਵਾਲਾ ਬਿੱਲ ਪਾਸ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਸੈਨੇਟਰਾਂ ਨੇ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਵੇਲੇ ਹੈਲਮੇਟ ਪਹਿਨਣ ਤੋਂ ਛੋਟ ਦੇਣ ਵਾਲੇ ਬਿੱਲ ਦੇ ਹੱਕ ਵਿਚ ਵੋਟ ਦਿੱਤੀ। ਇਸ ਹਫ਼ਤੇ ਬਿੱਲ ਰਾਜ ਦੀ ਸੈਨੇਟ ਨੂੰ 21-8 ਵੋਟਾਂ ਦੇ ਫਰਕ ਨਾਲ ਪਾਸ ਕਰ ਦਿੱਤਾ ਅਤੇ ਹੁਣ ਵਿਧਾਨ ਸਭਾ ਵਿਚ ਜਾਵੇਗਾ। 2021 ਦੇ ਅਮਰੀਕਨ ਕਮਿਊਨਿਟੀ ਸਰਵੇ ਦੇ ਅੰਦਾਜ਼ੇ ਅਨੁਸਾਰ ਕੈਲੀਫੋਰਨੀਆ ਵਿਚ 2,11,000 ਸਿੱਖ ਰਹਿੰਦੇ ਹਨ, ਜੋ ਅਮਰੀਕਾ ਵਿਚ ਰਹਿੰਦੇ ਸਿੱਖਾਂ ਦਾ ਤਕਰੀਬਨ ਅੱਧਾ ਹੈ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਹੁਣ ਤੱਕ ਬਜ਼ਾਰ ਵਿਚ ਅਜਿਹਾ ਕੋਈ ਵੀ ਹੈਲਮੇਟ ਨਹੀਂ ਹੈ, ਜਿਸ ਨੂੰ ਪੱਗ ਜਾਂ ਪਟਕੇ ਦੇ ਉਪਰੋਂ ਪਾਇਆ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੂਨ ਦੇ ਅੰਤ 'ਚ ਕਰਨਗੇ ਅਮਰੀਕਾ ਦੌਰਾ

**ਵਾਸ਼ਿੰਗਟਨ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੂਨ ਦੇ ਅੰਤ 'ਚ



ਅਮਰੀਕਾ ਦਾ ਦੌਰਾ ਕਰਨਗੇ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਪੀ.ਐੱਮ. ਮੋਦੀ ਲਈ ਡਿਨਰ ਦਾ ਆਯੋਜਨ ਕੀਤਾ ਹੈ। ਇਸ ਦੌਰਾਨ ਪੀ.ਐੱਮ. ਮੋਦੀ ਅਮਰੀਕੀ ਕਾਂਗਰਸ ਦੇ ਸਾਂਝੇ ਸੈਸ਼ਨ ਨੂੰ ਵੀ ਸੰਬੋਧਨ ਕਰਨਗੇ। ਪ੍ਰਧਾਨ ਮੰਤਰੀ ਮੋਦੀ ਦਾ ਇਹ ਸੰਬੋਧਨ 22 ਜੂਨ ਨੂੰ ਹੋਵੇਗਾ।

ਕੈਰੀਨ ਜੀਨ-ਪੀਅਰੇ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 22 ਜੂਨ ਨੂੰ ਅਮਰੀਕਾ ਦਾ ਦੌਰਾ ਕਰਨਗੇ ਤੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਥਮ ਮਹਿਲਾ ਜਿਲ ਬਾਇਡਨ ਇਕ ਸਰਕਾਰੀ ਰਾਤ ਦੇ ਖਾਣੇ 'ਤੇ ਉਨ੍ਹਾਂ ਦੀ ਮੇਜ਼ਬਾਨੀ ਕਰਨਗੇ। ਵ੍ਹਾਈਟ ਹਾਊਸ ਨੇ ਕਿਹਾ, "ਆਗਾਮੀ ਯਾਤਰਾ ਸੰਯੁਕਤ ਰਾਜ ਅਤੇ ਭਾਰਤ ਵਿਚਾਲੇ ਡੂੰਘੀ ਅਤੇ ਨਜ਼ਦੀਕੀ ਸਾਂਝੇਦਾਰੀ ਤੇ ਪਰਿਵਾਰਕ ਅਤੇ ਦੋਸਤੀ ਦੇ ਨਿੱਘੇ ਬੰਧਨ ਦੀ ਪੁਸ਼ਟੀ ਕਰੇਗੀ, ਜੋ ਅਮਰੀਕੀਆਂ ਤੇ ਭਾਰਤੀਆਂ ਨੂੰ ਆਪਸ ਵਿਚ ਬੰਨ੍ਹਦੇ ਹਨ।" ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਇਹ ਫੇਰੀ ਇਕ ਆਜ਼ਾਦ, ਖੁੱਲ੍ਹੇ, ਖੁਸ਼ਹਾਲ ਅਤੇ ਸੁਰੱਖਿਅਤ ਇੰਡੋ-ਪੈਸੀਫਿਕ ਖੇਤਰ ਲਈ ਦੋਵਾਂ ਦੇਸ਼ਾਂ ਦੀ ਸਾਂਝੀ ਵਚਨਬੱਧਤਾ ਨੂੰ ਦੁਹਰਾਉਂਦੀ ਹੈ। ਇਹ ਰੱਖਿਆ, ਸਵੱਛ ਊਰਜਾ ਅਤੇ ਪੁਲਾੜ ਸਮੇਤ ਸਾਡੀ ਰਣਨੀਤਕ ਟੈਕਨਾਲੋਜੀ ਭਾਈਵਾਲੀ ਨੂੰ ਵਧਾਉਣ ਦੇ ਸਾਡੇ ਸਾਂਝੇ ਸੰਕਲਪ ਨੂੰ ਮਜ਼ਬੂਤ ਕਰੇਗਾ।

**■ 22 ਜੂਨ ਨੂੰ ਅਮਰੀਕੀ ਸੰਸਦ ਨੂੰ ਕਰਨਗੇ ਸੰਬੋਧਨ**

# 2024 ਚੋਣਾਂ ਜਿੱਤਣ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਦੀ ਜਨਮ ਅਧਿਕਾਰ ਨਾਗਰਿਕਤਾ ਖ਼ਤਮ ਕਰਨਗੇ ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 2024 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਬੱਚਿਆਂ ਦੀ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ ਹੈ। ਰਿਪੋਰਟਾਂ ਮੁਤਾਬਕ ਗ੍ਰਹਿ ਯੁੱਧ ਤੋਂ ਬਾਅਦ ਲਾਗੂ ਕੀਤੇ ਗਏ ਸੰਵਿਧਾਨ ਦੀ 14ਵੀਂ ਸੋਧ ਵਿਚ ਇਹ ਘੋਸ਼ਣਾ ਕੀਤੀ ਗਈ ਸੀ ਕਿ ਅਮਰੀਕਾ ਵਿਚ ਜਨਮੇ ਸਾਰੇ ਬੱਚੇ ਅਮਰੀਕਾ ਅਤੇ ਉਸ



ਰਾਜ ਦੇ ਨਾਗਰਿਕ ਹਨ, ਜਿੱਥੇ ਉਹ ਰਹਿੰਦੇ ਹਨ। ਟਰੰਪ ਨੇ ਇੱਕ ਵੀਡੀਓ ਸੰਦੇਸ਼ ਵਿਚ ਕਿਹਾ ਕਿ ਉਹ ਵ੍ਹਾਈਟ ਹਾਊਸ ਵਿਚ ਜਨਵਰੀ 2025 ਵਿਚ ਪਹਿਲੇ ਦਿਨ ਇੱਕ ਕਾਰਜਕਾਰੀ ਆਦੇਸ਼ ਜਾਰੀ ਕਰਨਗੇ, ਜਿਸ ਵਿਚ ਸੰਘੀ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇਗਾ ਕਿ ਉਹ ਮਾਤਾ-ਪਿਤਾ ਸਮੇਤ ਉਨ੍ਹਾਂ ਬੱਚਿਆਂ ਨੂੰ ਨਾਗਰਿਕਤਾ ਤੋਂ ਵਾਂਝੇ ਕਰਨਗੇ, ਜੋ ਅਮਰੀਕੀ ਨਾਗਰਿਕ ਨਹੀਂ ਹਨ ਜਾਂ ਕਾਨੂੰਨੀ ਤੌਰ 'ਤੇ ਸਥਾਈ ਨਿਵਾਸੀ ਨਹੀਂ ਹਨ।

# ਪਾਕਿਸਤਾਨ ਏਸ਼ੀਆ ਕੱਪ ਦਾ ਕਰ ਸਕਦਾ ਹੈ ਬਾਈਕਾਟ

**ਕਰਾਚੀ, (ਪੰਜਾਬ ਮੇਲ)-** ਸ੍ਰੀਲੰਕਾ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਵਲੋਂ ਪ੍ਰਸਤਾਵਿਤ 'ਹਾਈਬ੍ਰਿਡ ਮਾਡਲ' ਨੂੰ ਰੱਦ ਕਰਨ ਤੋਂ ਬਾਅਦ ਮੇਜ਼ਬਾਨ ਪਾਕਿਸਤਾਨ ਸਤੰਬਰ 'ਚ ਹੋਣ ਵਾਲੇ ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ 'ਚੋਂ ਬਾਹਰ ਹੋ ਸਕਦਾ ਹੈ। ਇਸ ਹਾਲਤ 'ਚ ਟੂਰਨਾਮੈਂਟ ਰੱਦ ਹੋ ਸਕਦਾ ਹੈ। ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਦੇ ਮੁਖੀ ਨਜਮ ਸੇਠੀ ਦੁਆਰਾ ਪ੍ਰਸਤਾਵਿਤ ਹਾਈਬ੍ਰਿਡ ਮਾਡਲ ਅਨੁਸਾਰ ਪਾਕਿਸਤਾਨ ਨੇ ਏਸ਼ੀਆ ਕੱਪ ਦੇ ਤਿੰਨ ਜਾਂ ਚਾਰ ਮੈਚ ਘਰੇਲੂ ਮੈਦਾਨ ਵਿਚ ਕਰਵਾਉਣੇ ਸਨ, ਜਦੋਂਕਿ ਭਾਰਤ ਦੇ ਮੈਚ ਕਿਸੇ ਹੋਰ ਥਾਂ ਖੇਡੇ ਜਾ ਸਕਦੇ ਸਨ।

# ਇਸ ਸਾਲ ਚੋਣ ਮੈਦਾਨ 'ਚ ਹੀ ਰੁੱਝੇ ਰਹਿਣਗੇ ਪੰਜਾਬੀ!

**-ਨਿਗਮ, ਕੌਂਸਲ ਚੋਣਾਂ ਤੇ ਪੰਚਾਇਤ ਸੰਮਤੀਆਂ ਚੋਣਾਂ ਇਕੱਠੀਆਂ ਕਰਵਾਉਣ ਦੀ ਤਿਆਰੀ**

**ਜਲੰਧਰ, (ਪੰਜਾਬ ਮੇਲ)-** ਇਸ ਸਾਲ ਪੰਜਾਬੀ ਚੋਣਾਂ ਵਿਚ ਰੁੱਝੇ ਰਹਿਣਗੇ। ਅਗਲੇ ਸਾਲ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇੱਕ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਤਿਆਰੀ ਚੱਲ ਰਹੀ ਹੈ, ਉੱਥੇ ਹੀ ਪੰਜਾਬ ਸਰਕਾਰ ਪੇਂਡੂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਇਕੱਠੇ ਕਰਾਉਣ ਦੀ ਰਣਨੀਤੀ ਬਣਾ ਰਹੀ ਹੈ। ਸੂਤਰਾਂ ਮੁਤਾਬਕ 5 ਨਗਰ ਨਿਗਮਾਂ ਤੇ 42 ਨਗਰ ਕੌਂਸਲਾਂ ਤੇ ਪੰਚਾਇਤਾਂ ਦੀਆਂ ਚੋਣਾਂ ਇਸੇ ਵਰ੍ਹੇ ਸਤੰਬਰ-ਅਕਤੂਬਰ ਵਿਚ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਵੀ ਇਨ੍ਹਾਂ ਨਿਗਮ ਤੇ ਕੌਂਸਲ ਚੋਣਾਂ ਦੇ ਨਾਲ ਹੀ ਕਰਾਏ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦਰਅਸਲ ਇਸ ਵਾਰ ਲੋਕ ਸਭਾ ਚੋਣਾਂ ਵਿਚ ਫਸਵਾਂ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਹਰ ਪਾਰਟੀ ਆਪਣੇ ਹੱਕ ਵਿਚ ਲਹਿਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਕਰਵਾ ਕੇ ਬੀ.ਜੇ.ਪੀ. ਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਹੱਕ ਵਿਚ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਇਸ ਦੇ ਜਵਾਬ ਵਿਚ ਪੇਂਡੂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਕਰਵਾ ਕੇ ਆਪਣੇ ਹੱਕ ਵਿਚ ਲਹਿਰ ਸਿਰਜਣ ਦੀ ਕੋਸ਼ਿਸ਼ ਕਰੇਗੀ।


Mann & Associates

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਮੁੱਖ ਮੰਤਰੀ ਭਗਵੰਤ ਮਾਨ ਦੇ ਦੋਸ਼ਾਂ ਨੂੰ ਸਾਬਕਾ ਮੁੱਖ ਮੰਤਰੀ ਚੰਨੀ ਨੇ ਸਿਰੇ ਤੋਂ ਨਕਾਰਿਆ





**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਗਾਏ ਇਲਜ਼ਾਮਾਂ ’ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਪ੍ਰੈੱਸ ਕਾਨਫਰੰਸ ਕਰਕੇ ਜਵਾਬ ਦਿੱਤਾ ਹੈ। ਚਰਨਜੀਤ ਸਿੰਘ ਚੰਨੀ ਨੇ ਮੁੱਖ ਮੰਤਰੀ ਮਾਨ ਦੇ ਸਬੂਤਾਂ ’ਤੇ ਸਫਾਈ ਦਿੰਦਿਆਂ ਕਿਹਾ ਕਿ ਕ੍ਰਿਕਟਰ ਜਸਇੰਦਰ ਸਿੰਘ ਨੌਕਰੀ ਦਾ ਹੱਕਦਾਰ ਨਹੀਂ ਸੀ, ਇਸ ਕਰਕੇ ਨੌਕਰੀ ਨਹੀਂ ਦਿੱਤੀ।

ਚੰਨੀ ਨੇ ਅੱਗੇ ਕਿਹਾ ਕਿ ਜੇਕਰ ਕ੍ਰਿਕਟ ਖ਼ਿਡਾਰੀ ਜਸਇੰਦਰ ਸਿੰਘ ਜੋ ਕਿ ਮੇਰੇ ’ਤੇ ਝੂਠੇ ਇਲਜ਼ਾਮ ਲਗਾ ਰਿਹਾ ਹੈ, ਨੂੰ ਪਤਾ ਸੀ ਕਿ ਉਸਦਾ ਕੇਸ ਬਿਲਕੁੱਲ ਠੀਕ ਹੈ ਅਤੇ ਉਸਦੀ ਨੌਕਰੀ ਬਣਦੀ ਹੈ, ਤਾਂ ਉਹ ਪਿਛਲੇ ਡੇਢ ਸਾਲ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਉਂ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਅਸਲੀ ਗੱਲ ਇਹ ਹੋ ਸਕਦੀ ਹੈ ਕਿ ਉਹ ਭਗਵੰਤ ਮਾਨ ਕੋਲ ਆਇਆ ਹੋਵੇਗਾ ਤੇ ਉਨ੍ਹਾਂ ਕਹਿ ਦਿੱਤਾ ਹੋਣਾ, ਨੌਕਰੀ ਦੇ ਦਿੰਦੇ ਹਾਂ ਵੀ, ਇਸ ਤਰ੍ਹਾਂ ਕਰਨਾ ਪਵੇਗਾ। ਚੰਨੀ ਨੇ ਅੱਗੇ ਕਿਹਾ ਕਿ ਇਕ ਸੋਚੀ ਸਮਝੀ ਸ਼ਾਜਿਸ਼ ਤਹਿਤ ਇਹ ਸਭ ਕੁੱਝ ਕੀਤਾ ਜਾ ਰਿਹਾ ਹੈ। ਉਨ੍ਹਾਂ ਇਕ ਲਿੰਕ ਦਿਖਾਉਂਦੇ ਹੋਏ ਕਿਹਾ ਕਿ ਇਹ ਬੰਦਾ ਪਹਿਲਾਂ ਅਦਾਲਤ ਗਿਆ ਸੀ, ਜਿਸ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਿਸ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ, ਉਸ ਨੂੰ ਕਿਵੇਂ ਨੌਕਰੀ ਦੇ ਦੇਵਾਂ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੇਰੇ ਖਿਲਾਫ ਝੂਠਾ ਬੰਦਾ ਖੜ੍ਹਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੈਂ ਕਦੇ ਕਿਸੇ ਨੂੰ ਨਹੀਂ ਕਿਹਾ ਕਿ ਤੁਸੀਂ ਮੇਰੇ ਭਾਣਜੇ ਜਾਂ ਭਤੀਜੇ ਨੂੰ ਮਿਲੋ। ਉਨ੍ਹਾਂ ਅੱਗੇ ਕਿਹਾ ਕਿ ਮੇਰੇ ਭਤੀਜੇ ਦਾ ਸਾਰਾ ਪਰਿਵਾਰ ਡਾਕਟਰ ਹੈ ਅਤੇ ਖ਼ੁਦ ਮੇਰਾ ਭਤੀਜਾ ਵੀ ਡਾਕਟਰ ਦੀ ਨੌਕਰੀ ਕਰ ਰਿਹਾ ਹੈ ਅਤੇ ਉਹ ਉਸ ਸਮੇਂ ਵੀ ਨੌਕਰੀ ਕਰ ਰਿਹਾ ਸੀ। ਚੰਨੀ ਨੇ ਅੱਗੇ ਕਿਹਾ ਕਿ ਕਾਂਗਰਸ ਨੂੰ ਜਾਣਬੁੱਝ ਕੇ ਬਦਨਾਮ ਕੀਤਾ ਜਾ ਰਿਹਾ ਹੈ।

## ਭਗਵੰਤ ਮਾਨ ਦੀ ਸੁਰੱਖਿਆ ਟੀਮ ਵੱਲੋਂ ਮੁੱਖ ਮੰਤਰੀ ਲਈ ਕੇਂਦਰ ਦੀ ਜ਼ੈੱਡ ਪਲੱਸ ਛਤਰੀ ਲੈਣ ਤੋਂ ਕੀਤਾ ਇਨਕਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਰੱਖਿਆ ਟੀਮ ਨੇ ਉਨ੍ਹਾਂ ਨੂੰ ਪੰਜਾਬ ਅਤੇ ਦਿੱਲੀ ਖੇਤਰਾਂ ਲਈ ਕੇਂਦਰ ਵੱਲੋਂ ਦਿੱਤੀ ਜ਼ੈੱਡ ਪਲੱਸ ਸੁਰੱਖਿਆ ਛਤਰੀ ਨੂੰ ਠੁਕਰਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇ ਪੱਤਰ ਵਿਚ ਮੁੱਖ ਮੰਤਰੀ ਦੀ ਸੁਰੱਖਿਆ ਟੀਮ ਨੇ ਪੰਜਾਬ ਅਤੇ ਦਿੱਲੀ ਲਈ ਸੁਰੱਖਿਆ ਛਤਰੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਨ੍ਹਾਂ ਦੋਵਾਂ ਥਾਵਾਂ ’ਤੇ ਪੰਜਾਬ ਪੁਲਿਸ ਦੀ ਨਿਗਰਾਨੀ ਹੇਠ ਸੁਰੱਖਿਅਤ ਹਨ। ਸੂਤਰਾਂ ਨੇ ਕਿਹਾ ਕਿ ਸ਼੍ਰੀ ਮਾਨ ਲਈ ਅਜਿਹੇ ਸੁਰੱਖਿਆ ਘੇਰੇ ਦੀ ਸਿਫ਼ਾਰਸ਼ ਕੇਂਦਰੀ ਖ਼ੁਫ਼ੀਆ ਏਜੰਸੀਆਂ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਸਰਹੱਦੀ ਸੂਬੇ ਵਿਚ ਖ਼ਾਲਿਸਤਾਨੀ ਸਰਗਰਮੀਆਂ ਦੇ ਮੱਦੇਨਜ਼ਰ ਕੀਤੀ ਗਈ ਸੀ।

## ਪੰਜਾਬ ਸਰਕਾਰ ਵੱਲੋਂ ਜੇਲ੍ਹ ’ਚ ਬੰਦ ‘ਆਪ’ ਨੇਤਾ ਆਨੰਦਪੁਰ ਸਾਹਿਬ ਮਾਰਕੀਟ ਕਮੇਟੀ ਦਾ ਚੇਅਰਮੈਨ ਨਿਯੁਕਤ



**ਰੂਪਨਗਰ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖ਼ੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਰਤਪੁਰ ਸਾਹਿਬ ਦੇ ਪਾਰਟੀ ਆਗੂ ਨੂੰ ਸ੍ਰੀ ਆਨੰਦਪੁਰ ਸਾਹਿਬ ਮਾਰਕੀਟ ਕਮੇਟੀ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ। ਸੂਤਰਾਂ ਅਨੁਸਾਰ ਕਮਿੱਕਰ ਸਿੰਘ ਜੇਲ੍ਹ ਵਿਚ ਹੈ। ਇਸ ਸਬੰਧੀ ਟਵੀਟ ਕਰਕੇ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਮਿੱਕਰ ਸਿੰਘ ਡਾਢੀ ਨੂੰ ਆਨੰਦਪੁਰ ਸਾਹਿਬ ਮਾਰਕੀਟ ਕਮੇਟੀ ਦਾ ਚੇਅਰਮੈਨ ਬਣਾਏ ਜਾਣ ’ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ‘ਆਪ’ ’ਤੇ ਵਿਅੰਗ ਕਰਦਿਆਂ ਕਿਹਾ ਕਿ ਸਿਆਸਤ ਨੂੰ ਅਪਰਾਧੀਆਂ ਤੋਂ ਮੁਕਤ ਕਰਨ ਦਾ ਵਾਅਦਾ ਕਰਨ ਵਾਲੀ ਪਾਰਟੀ ਨੂੰ ਇਤਿਹਾਸਕ ਆਨੰਦਪੁਰ ਸਾਹਿਬ ਦੀ ਮਾਰਕੀਟ ਕਮੇਟੀ ਦਾ ਚੇਅਰਮੈਨ ਲਾਉਣ ਲਈ ਸਾਫ਼-ਸੁਥਰਾ ਵਿਅਕਤੀ ਨਹੀਂ ਲੱਭਿਆ।

## ਸ਼੍ਰੋਮਣੀ ਅਕਾਲੀ ਪੰਥਕ ਬੋਰਡ ਰਾਹੀਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨਗੇ ਬੀਬੀ ਜਗੀਰ ਕੌਰ

**ਲੁਧਿਆਣਾ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਜਿਨ੍ਹਾਂ ਨੂੰ ਲੰਘੇ ਦਿਨੀਂ ਸ਼੍ਰੋਮਣੀ ਅਕਾਲੀ ਪੰਥਕ ਬੋਰਡ ਬਣਾਉਣ ਦਾ ਐਲਾਨ ਕੀਤਾ ਸੀ। ਉਨ੍ਹਾਂ ਸਪੱਸ਼ਟ ਕਿਹਾ ਕਿ ਉਨ੍ਹਾਂ ਵੱਲੋਂ ਬਣਾਏ ਬੋਰਡ ਵਿਚ ਚੰਗੇ ਅਕਸ ਤੇ ਗੁਰਸਿੱਖ ਧਾਰਮਿਕ ਖੇਤਰ ਨਾਲ ਜੁੜੇ ਵਿਅਕਤੀਆਂ ਰਾਹੀਂ ਉਹ ਸ਼੍ਰੋ.ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਉਨ੍ਹਾਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਆਉਂਦੇ ਹਨ, ਤਾਂ ਉਨ੍ਹਾਂ ਕਿਹਾ ਕਿ ਮੈਂ ਹੁਣ ਕਿਧਰੇ ਨਹੀਂ ਜਾਵਾਂਗੀ, ਸਗੋਂ ਧਾਰਮਿਕ ਖੇਤਰ ਦੇ ਆਪਣੇ ਬਣਾਏ ਬੋਰਡ ਰਾਹੀਂ ਸ਼੍ਰੋਮਣੀ ਕਮੇਟੀ ਲਈ ਸੇਵਾ ਕਰਕੇ ਉਸ ਵਿਚ ਬਦਲਾਅ ਲਈ ਸਿਰ ਤੋੜ ਯਤਨ ਕਰਾਂਗੇ। ਉਸ ਵਿਚ ਵੱਡੇ ਪਰਿਵਾਰਾਂ ਦਾ ਦਖ਼ਲ ਖ਼ਤਮ ਕਰਨ ਦਾ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਹਾਂ ਮੈਨੂੰ ਪਾਰਟੀ ਵਿਚੋਂ ਕੱਢਣ ਵਾਲੇ ਅੱਜ ਜ਼ਰੂਰ ਸੋਚਣ। ਉਨ੍ਹਾਂ ਕਿਹਾ ਕਿ ਮੇਰੀ ਸੁਖਬੀਰ ਬਾਦਲ ਨਾਲ ਕੋਈ ਨਿੱਜੀ ਲੜਾਈ ਨਹੀਂ, ਸਿਧਾਂਤਾਂ ਦੀ ਲੜਾਈ ਹੈ, ਜੋ ਮੈਂ ਲੜਦੀ ਰਹਾਂਗੀ। ਬੀਬੀ ਜੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਰਾਜਸੀ ਲੜਾਈ ਲੜੇ, ਸਰਕਾਰਾਂ ਬਣਾਵੇ ਪਰ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣ ਤੋਂ ਗੁਰੇਜ਼ ਕਰੇ।

## ਬੀਬੀ ਜਗੀਰ ਕੌਰ ਵੱਲੋਂ ‘ਸ਼੍ਰੋਮਣੀ ਅਕਾਲੀ ਪੰਥ’ ਬੋਰਡ ਬਣਾਉਣ ਦਾ ਐਲਾਨ



**ਬੇਗੋਵਾਲ, (ਪੰਜਾਬ ਮੇਲ) -** ਸਿੱਖ ਪੰਥ ਦੀ ਸਿਆਸਤ ’ਚ ਅੱਜ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਸਬਾ ਬੇਗੋਵਾਲ ’ਚ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੇ 73ਵੇਂ ਤਿੰਨ ਰੋਜ਼ਾ ਸਾਲਾਨਾ ਸਮਾਗਮ ਦੇ ਆਖਰੀ ਦਿਨ ‘ਸ਼੍ਰੋਮਣੀ ਅਕਾਲੀ ਪੰਥ’ ਬੋਰਡ ਬਣਾਉਣ ਦਾ ਐਲਾਨ ਕੀਤਾ।

ਉਨ੍ਹਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਬੋਰਡ ਦਾ ਗਠਨ ਸਾਂਝੇ ਤੌਰ ’ਤੇ ਸਾਰੇ ਸਿੱਖ ਪੰਥ ਤੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਨਾਲ ਲੈ ਕੇ ਕੀਤਾ ਜਾਵੇਗਾ। ਇਹ ਬੋਰਡ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਵੋਟਾਂ ਬਣਾਉਣ ਦਾ ਕੰਮ ਕਰਵਾਏਗਾ । ਉਨ੍ਹਾਂ ਕਿਹਾ ਕਿ ਚੋਣਾਂ ਨੂੰ ਲੈ ਕੇ ਪਾਰਲੀਮਾਨੀ ਬੋਰਡ ਦਾ ਗਠਨ ਕੀਤਾ ਜਾਵੇਗਾ।

Global Allianz

LAW FIRM LLP

ਕਾਨੂੰਨੀ ਸਲਾਹ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਪੰਜਾਬ ਸਰਕਾਰ ਵੱਲੋਂ ਗੋਇੰਦਵਾਲ ਥਰਮਲ ਖ਼ਰੀਦਣ ਦਾ ਫੈਸਲਾ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਪ੍ਰਾਈਵੇਟ ਸੈਕਟਰ ਦੇ ਜੀਵੀਕੇ ਗੋਇੰਦਵਾਲ ਤਾਪ ਬਿਜਲੀ ਘਰ ਨੂੰ ਖ਼ਰੀਦਣ ਲਈ ਮੈਦਾਨ 'ਚ ਉੱਤਰਨ ਦਾ ਫ਼ੈਸਲਾ ਕੀਤਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਬਣੀ ਕੈਬਨਿਟ ਸਬ-ਕਮੇਟੀ ਨੇ ਇਸ ਪ੍ਰਾਈਵੇਟ ਥਰਮਲ ਨੂੰ ਖ਼ਰੀਦਣ ਲਈ ਪੰਜਾਬ ਦੇ ਹਿੱਤਾਂ ਦੇ ਪੱਖ ਤੋਂ ਨਫ਼ੇ-ਨੁਕਸਾਨ ਦੇਖਣ ਲਈ 2 ਜੂਨ ਨੂੰ ਇੱਕ ਮੀਟਿੰਗ ਵੀ ਕੀਤੀ ਹੈ। ਕੈਬਨਿਟ ਸਬ-ਕਮੇਟੀ ਖ਼ਰੀਦ ਪ੍ਰਕਿਰਿਆ, ਭਵਿੱਖ ਦੀਆਂ ਬਿਜਲੀ ਲੋੜਾਂ ਆਦਿ ਦੀਆਂ ਸੰਭਾਵਨਾਵਾਂ ਤਲਾਸ਼ ਰਹੀ ਹੈ। ਇਸ ਬਾਰੇ ਵਿੱਤ ਦੇ ਪ੍ਰਬੰਧ ਅਤੇ ਕਾਨੂੰਨੀ ਮਸ਼ਵਰੇ ਵੀ ਲਏ ਜਾ ਰਹੇ ਹਨ। ਵੇਰਵਿਆਂ



ਅਨੁਸਾਰ ਪਾਵਰਕੌਮ ਵੱਲੋਂ ਗੋਇੰਦਵਾਲ ਥਰਮਲ ਪਲਾਂਟ ਨੂੰ ਖ਼ਰੀਦਣ ਵਾਸਤੇ ਆਪਣੀ ਦਿਲਚਸਪੀ ਪਹਿਲਾਂ ਹੀ ਦਿਖਾਈ ਜਾ ਚੁੱਕੀ ਹੈ। ਅੱਗੇ ਥਰਮਲ ਦੀ ਖ਼ਰੀਦ ਲਈ ਵਿੱਤੀ ਬੋਲੀ ਦੇਣ ਦੀ ਆਖ਼ਰੀ ਤਰੀਕ 15 ਜੂਨ ਹੈ। ਸੂਤਰਾਂ ਅਨੁਸਾਰ ਪਾਵਰਕੌਮ ਦੇ 'ਬੋਰਡ

- **ਕੈਬਨਿਟ ਸਬ-ਕਮੇਟੀ ਵੱਲੋਂ ਖ਼ਰੀਦ ਪ੍ਰਕਿਰਿਆ ਬਾਰੇ ਚਰਚਾ ਸ਼ੁਰੂ**

ਆਫ਼ ਡਾਇਰੈਕਟਰਜ਼' ਦੀ ਮੀਟਿੰਗ ਵਿਚ ਇਸ ਨੂੰ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਨੇ ਇਹ ਫ਼ੈਸਲਾ ਹਾਲੇ ਕਰਨਾ ਹੈ ਕਿ ਗੋਇੰਦਵਾਲ ਥਰਮਲ ਦੀ ਖ਼ਰੀਦ ਲਈ ਕਿੰਨੀ ਰਾਸ਼ੀ ਦੀ ਬੋਲੀ ਦੇਣੀ ਹੈ। ਅਖੀਰ ਵਿਚ ਪੰਜਾਬ ਕੈਬਨਿਟ ਵਿਚ ਇਹ ਮਾਮਲਾ ਜਾਵੇਗਾ। ਜ਼ਿਕਰਯੋਗ ਹੈ ਕਿ ਚੰਨੀ ਸਰਕਾਰ ਸਮੇਂ 30 ਅਕਤੂਬਰ 2021 ਨੂੰ ਜੀਵੀਕੇ ਗੋਇੰਦਵਾਲ ਸਾਹਿਬ ਲਿਮਟਿਡ ਨਾਲ ਹੋਏ ਬਿਜਲੀ ਖ਼ਰੀਦ ਸਮਝੌਤੇ ਨੂੰ ਰੱਦ ਕਰਨ ਲਈ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ।

# ਅਕਾਲੀ ਦਲ ਲਈ ਵੱਡੀ ਚੁਣੌਤੀ ਸਾਬਤ ਹੋ ਸਕਦੀਆਂ ਨੇ ਸ਼੍ਰੋਮਣੀ ਕਮੇਟੀ ਚੋਣਾਂ

**ਅੰਮ੍ਰਿਤਸਰ, (ਪੰਘਜਾਬ ਮੇਲ)-** ਆਪਣੀ ਹੋਂਦ ਬਰਕਰਾਰ ਰੱਖਣ ਲਈ ਜੱਦੋ-ਜਹਿਦ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਵਾਸਤੇ ਆਗਾਮੀ ਆ ਰਹੀਆਂ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਇਕ ਵੱਡੀ ਚੁਣੌਤੀ ਸਾਬਤ ਹੋ ਸਕਦੀਆਂ ਹਨ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐੱਸ.ਐੱਸ. ਸਾਰੋਂ ਨੇ ਬੀਤੇ ਦਿਨੀਂ ਹੀ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਅਮਲ ਸ਼ੁਰੂ ਕਰਵਾਉਣ ਲਈ ਆਖਿਆ ਹੈ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਵਧੀਕ ਸਕੱਤਰ, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਤੇ ਹੋਰਨਾਂ ਨੂੰ ਪੱਤਰ ਭੇਜ ਕੇ ਨਿਰਦੇਸ਼ ਦਿੱਤੇ ਹਨ ਕਿ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਾਉਣ ਵਾਸਤੇ ਵੋਟਰ ਸੂਚੀਆਂ ਬਣਾਉਣ ਦੀ ਪ੍ਰਕਿਰਿਆ ਆਰੰਭੀ ਜਾਵੇ। ਭਾਵੇਂ ਅਜਿਹੀ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਵਿਚ ਸਮਾਂ ਲੱਗੇਗਾ,



ਪਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਧਿਰਾਂ ਵੀ ਹੁਣ ਛੇਤੀ ਹੀ ਸਰਗਰਮੀਆਂ ਵਧਾ ਦੇਣਗੀਆਂ। ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਵਾਸਤੇ ਵੀ ਇੱਕ ਵੱਡੀ ਚੁਣੌਤੀ ਬਣ ਕੇ ਉਭਰ ਸਕਦੀਆਂ ਹਨ। ਦੋ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਾਰ ਪ੍ਰਾਪਤ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਆਪਣੀ ਹੋਂਦ ਨੂੰ ਬਚਾਉਣ ਲਈ ਯਤਨਸ਼ੀਲ ਹੈ। ਪਾਰਟੀ ਦੇ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਪਾਰਟੀ ਲੀਡਰਸ਼ਿਪ ਵਿਚ ਬਦਲਾਅ ਦੀ ਮੰਗ ਕਰਦਿਆਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ, ਉਨ੍ਹਾਂ ਦਾ ਪੁੱਤਰ ਅਮਰਪਾਲ ਸਿੰਘ ਬੋਨੀ ਅਜਨਾਲਾ ਤੇ ਹੋਰ ਕਈ ਆਗੂ ਪਾਰਟੀ ਛੱਡ ਕੇ ਜਾ ਚੁੱਕੇ ਹਨ।

# ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਕੋਲੋਂ ਦੋ ਅਹਿਮ ਵਿਭਾਗ ਲਏ ਗਏ ਵਾਪਸ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਕੈਬਨਿਟ 'ਚ ਕੀਤੇ ਫ਼ੇਰਬਦਲ ਤੋਂ ਬਾਅਦ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਝਟਕਾ ਦਿੱਤਾ ਹੈ।



ਭਗਵੰਤ ਮਾਨ ਸਰਕਾਰ ਵੱਲੋਂ ਕੁਲਦੀਪ ਸਿੰਘ ਧਾਲੀਵਾਲ ਕੋਲੋਂ ਦੋ ਅਹਿਮ ਵਿਭਾਗ ਪੇਂਡੂ ਵਿਕਾਸ ਤੇ ਪੰਚਾਇਤ ਤੇ ਖੇਤੀਬਾੜੀ ਵਾਪਸ ਲੈ ਲਏ ਹਨ। ਉਨ੍ਹਾਂ ਨੂੰ ਹੁਣ ਐੱਨ.ਆਰ.ਆਈ. ਵਿਭਾਗ ਦੇ ਨਾਲ-ਨਾਲ ਪ੍ਰਸ਼ਾਸਨਿਕ ਸੁਧਾਰ ਵਿਭਾਗ ਦਿੱਤਾ ਗਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੈਬਨਿਟ ਦੇ ਵਿਸਥਾਰ ਮਗਰੋਂ ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਨਵੇਂ ਬਣੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦਿੱਤਾ ਗਿਆ ਹੈ। ਪਹਿਲਾਂ ਇਹ ਵਿਭਾਗ ਕੁਲਦੀਪ ਸਿੰਘ ਧਾਲੀਵਾਲ ਕੋਲ ਸੀ।

ਇਸ ਤੋਂ ਇਲਾਵਾ ਬਲਕਾਰ ਸਿੰਘ ਨੂੰ ਸਥਾਨਕ ਸਰਕਾਰਾਂ ਵਿਭਾਗ, ਕੁਲਦੀਪ ਸਿੰਘ ਧਾਲੀਵਾਲ ਨੂੰ ਐੱਨ.ਆਰ.ਆਈ. ਮਾਮਲੇ ਤੇ ਪ੍ਰਬੰਧਕੀ ਸੁਧਾਰ, ਗੁਰਮੀਤ ਸਿੰਘ ਮੀਤ ਹੇਅਰ ਨੂੰ ਜਲ ਸਰੋਤ ਵਿਭਾਗ ਸੌਂਪਿਆ ਗਿਆ ਹੈ। ਇਸ ਦੇ ਇਲਾਵਾ ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਦੇ ਨਾਲ ਪੰਚਾਇਤੀ ਵਿਭਾਗ ਦਿੱਤਾ ਗਿਆ ਹੈ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪ੍ਰਕਾਸ਼ ਸਿੰਘ ਬਾਦਲ 'ਤੇ ਲਾਏ ਦੋਸ਼ਾਂ ਦਾ ਅਕਾਲੀ ਦਲ ਵੱਲੋਂ ਸਪੱਸ਼ਟੀਕਰਨ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਹਰਿਆਣਾ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨੂੰ ਪਿਛਲੇ ਦਰਵਾਜ਼ੇ ਤੋਂ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦਾ ਯਤਨ ਕਰਨ ਲਈ ਬੇਨਕਾਬ ਕਰਨ ਦੀ ਥਾਂ ਪੰਜਾਬ ਯੂਨੀਵਰਸਿਟੀ ਦੇ ਮਾਮਲੇ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬਦਨਾਮੀ ਕਰ ਕੇ ਪੰਜਾਬ ਦਾ ਕੇਸ ਕਮਜ਼ੋਰ ਨਾ ਕਰਨ।




ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਭਗਵੰਤ ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਵੱਲੋਂ 2008 ਵਿਚ ਕੇਂਦਰ ਨੂੰ ਲਿਖੇ ਪੱਤਰ ਦੇ ਚੋਣਵੇਂ ਲੀਕ ਕਰ ਕੇ ਜਿਸ ਅਹੁਦੇ 'ਤੇ ਉਹ ਬੈਠੇ ਹਨ, ਉਸ ਦੀ ਮਰਿਆਦਾ ਨੂੰ ਖੋਰਾ ਲਗਾਇਆ ਹੈ। ਸਾਰੇ ਮਾਮਲੇ ਦੀ ਜਾਣਕਾਰੀ ਦਿੰਦਿਆਂ ਡਾ. ਚੀਮਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਜੋ ਸੇਵਾਮੁਕਤੀ ਦੀ ਉਮਰ ਵਿਚ ਵਾਧੇ ਤੋਂ ਇਲਾਵਾ ਖੋਜ ਸਕਾਲਰਾਂ ਲਈ ਮਾਣ ਭੱਤੇ ਵਿਚ ਵਾਧੇ ਦੀ ਮੰਗ ਕਰ ਰਹੇ ਸਨ, ਦੀ ਮੰਗ ਦੇ ਮੱਦੇਨਜ਼ਰ ਪਿਛਲੀ ਪੰਜਾਬ ਸਰਕਾਰ ਨੇ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਦਾ ਰੁਤਬਾ ਦੇਣ ਲਈ ਇਤਰਾਜ਼ ਨਹੀਂ ਸਰਟੀਫਿਕੇਟ ਦਿੱਤਾ ਸੀ। ਪਰ ਇਸ ਦੇ ਨਾਲ ਹੀ ਉਨ੍ਹਾਂ ਇਹ ਸ਼ਰਤ ਵੀ ਲਗਾਈ ਸੀ ਕਿ ਯੂਨੀਵਰਸਿਟੀ ਦਾ ਨਾਂ ਉਹੀ ਰਹੇਗਾ ਤੇ ਇਸ ਦੀ ਸੈਨੇਟ ਅਤੇ ਸਿੰਡੀਕੇਟ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ ਤੇ ਨਾ ਹੀ ਯੂਨੀਵਰਸਿਟੀ ਤੋਂ ਪੰਜਾਬ ਦੇ ਕਾਲਜਾਂ ਨੂੰ ਮਿਲੀ ਮਾਨਤਾ 'ਤੇ ਕੋਈ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਪੱਤਰ ਮੀਡੀਆ ਸਾਹਮਣੇ ਪੜ੍ਹਨ ਵੇਲੇ ਇਹ ਸਾਰੇ ਅੰਸ਼ ਵਿਚੋਂ ਪੜ੍ਹ ਕੇ ਨਹੀਂ ਸੁਣਾਏ। ਮੁੱਖ ਮੰਤਰੀ ਇਹ ਵੀ ਦੱਸਣ ਵਿਚ ਨਾਕਾਮ ਰਹੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਚਿੱਠੀ 'ਚ ਸਪੱਸ਼ਟ ਕਿਹਾ ਸੀ ਕਿ ਇਤਰਾਜ਼ ਨਹੀਂ ਸਰਟੀਫਿਕੇਟ ਸੂਬੇ ਨੂੰ ਹੋਰ ਕੇਂਦਰੀ ਤੇ ਵਿਸ਼ਵ ਯੂਨੀਵਰਸਿਟੀ ਦੇ ਰਾਹ ਵਿਚ ਅੜਿੱਕਾ ਨਹੀਂ ਬਣਨਾ ਚਾਹੀਦਾ। ਡਾ. ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਗੱਲ ਹੈ ਕਿ ਮੁੱਖ ਮੰਤਰੀ ਨੇ ਇਹ ਵੀ ਨਹੀਂ ਦੱਸਿਆ ਕਿ 2008 ਵਿਚ ਜਿਸ ਦਿਨ ਇਹ ਪੱਤਰ ਲਿਖਿਆ ਸੀ, ਉਸ ਤੋਂ ਪੰਜ ਦਿਨ ਬਾਅਦ ਵਾਪਸ ਲੈ ਲਿਆ ਸੀ। ਡਾ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ 2008 'ਚ ਲਿਖੀ ਚਿੱਠੀ ਦਾ ਮੌਜੂਦਾ ਕੇਸ ਨਾਲ ਕੋਈ ਲੈਣ-ਦੇਣ ਨਹੀਂ ਹੈ। ਪੰਜਾਬੀ ਇਸ ਗੱਲ ਤੋਂ ਹੈਰਾਨ ਹਨ ਕਿ ਭਗਵੰਤ ਮਾਨ ਹਰਿਆਣਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਦੁਆਉਣ ਲਈ ਪੰਜਾਬ ਦੇ ਰਾਜਪਾਲ ਵੱਲੋਂ ਸੱਦੀਆਂ ਮੀਟਿੰਗਾਂ ਵਿਚ ਵਾਰ-ਵਾਰ ਸ਼ਾਮਲ ਕਿਉਂ ਹੋ ਰਹੇ ਹਨ? ਉਨ੍ਹਾਂ ਕਿਹਾ ਕਿ ਇਹ ਸਭ ਕੁਝ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦਬਾਅ ਹੇਠ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਭਗਵੰਤ ਮਾਨ 'ਤੇ ਦਬਾਅ ਬਣਾ ਰਹੇ ਹਨ ਕਿ ਉਹ ਹਰਿਆਣਾ ਸਰਕਾਰ ਦੀਆਂ ਮੰਗਾਂ ਮੰਨਣ।




# ਮੈਕਸੀਕੋ ਪੁਲਿਸ ਵੱਲੋਂ ਮਨੁੱਖੀ ਸਰੀਰ ਦੇ ਅੰਗਾਂ ਨਾਲ ਭਰੇ 45 ਬੈਗ ਬਰਾਮਦ!



**ਮੈਕਸੀਕੋ, (ਪੰਜਾਬ ਮੇਲ)-** ਮੈਕਸੀਕਨ ਰਾਜ ਜੈਲਿਸਕੋ ਦੀ ਪੁਲਿਸ ਪਿਛਲੇ ਹਫ਼ਤੇ ਲਾਪਤਾ ਹੋਏ 7 ਨੌਜਵਾਨਾਂ ਦੀ ਭਾਲ ਕਰ ਰਹੀ ਸੀ। ਇਸ ਦੌਰਾਨ ਸਥਾਨਕ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ 45 ਅਜਿਹੇ ਬੈਗ ਮਿਲੇ ਹਨ , ਜਿਨ੍ਹਾਂ 'ਚ ਮਨੁੱਖੀ ਸਰੀਰ ਦੇ ਅੰਗ ਸਨ। ਇਹ ਸਾਰੇ ਬੈਗ ਇੱਕ ਟੋਏ ਵਿੱਚੋਂ ਮਿਲੇ ਹਨ।

ਜੈਲਿਸਕੋ ਸਟੇਟ ਪੁਲਿਸ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਨੇ ਮਨੁੱਖੀ ਸਰੀਰ ਦੇ ਅੰਗਾਂ ਨਾਲ ਭਰੇ 45 ਬੈਗ ਬਰਾਮਦ ਕੀਤੇ ਹਨ। ਇਸ ਵਿਚ ਪੁਰਸ਼ ਅਤੇ ਔਰਤ ਦੇ ਸਰੀਰ ਦੇ ਅੰਗ ਸ਼ਾਮਲ ਹਨ। ਪੁਲਿਸ ਨੂੰ ਜੈਲਿਸਕੋ ਵਿਚ ਸਥਿਤ ਇੱਕ ਤਕਨੀਕੀ ਕੇਂਦਰ, ਗੁਆਡਾਲਜਾਰਾ ਦੇ ਉਪਨਗਰ ਜ਼ਪੋਪਾਨ ਦੀ ਨਗਰਪਾਲਿਕਾ ਵਿਚ ਇੱਕ 40 ਮੀਟਰ (120 ਫੁੱਟ) ਟੋਏ ਵਿਚ ਇੱਕ ਮ੍ਰਿਤਕ ਲੋਕਾਂ ਦੇ ਸਰੀਰ ਦੇ ਅੰਗਾਂ ਵਾਲੇ ਬੈਗ ਮਿਲੇ ਹਨ।

ਮੈਕਸੀਕਨ ਰਾਜ ਜੈਲਿਸਕੋ ਦੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਹ ਪਿਛਲੇ 1 ਹਫਤੇ ਤੋਂ 7 ਲੋਕਾਂ ਦੀ ਤਲਾਸ਼ ਕਰ ਰਹੇ ਸਨ। ਇਨ੍ਹਾਂ ਵਿਚ 30 ਸਾਲ ਦੀਆਂ ਦੋ ਔਰਤਾਂ ਅਤੇ 5 ਪੁਰਸ਼ ਸਨ। ਇਹ ਸਾਰੇ ਲੋਕ ਪਿਛਲੇ ਮਹੀਨੇ ਦੀ 20 ਤਰੀਕ ਤੋਂ ਲਾਪਤਾ ਸਨ। ਸਾਰਿਆਂ ਨੂੰ ਵੱਖ-ਵੱਖ ਦਿਨਾਂ 'ਤੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਗਈ ਸੀ ਪਰ ਜਾਂਚਕਰਤਾਵਾਂ ਨੇ ਪਾਇਆ ਕਿ ਉਹ ਸਾਰੇ ਇੱਕੋ ਕਾਲ ਸੈਂਟਰ 'ਤੇ ਕੰਮ ਕਰਦੇ ਸਨ।

ਕਾਲ ਸੈਂਟਰ ਉਸੇ ਇਲਾਕੇ ਵਿਚ ਸੀ, ਜਿੱਥੋਂ ਪੁਲਿਸ ਨੇ ਮਨੁੱਖੀ ਸਰੀਰ ਦੇ ਅੰਗ ਬਰਾਮਦ ਕੀਤੇ ਸਨ। ਹਾਲਾਂਕਿ ਫੋਰੈਂਸਿਕ ਮਾਹਿਰਾਂ ਨੇ ਅਜੇ ਤੱਕ ਪੀੜਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਪਛਾਣ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ ਹੈ। ਪੁਲਿਸ ਦੀ ਮੁੱਢਲੀ ਜਾਂਚ ਵਿਚ ਪਤਾ ਲੱਗਾ ਹੈ ਕਿ ਕਾਲ ਸੈਂਟਰ ਵਿਚ ਨਜਾਇਜ਼ ਕੰਮਾਂ ਨੂੰ ਅੰਜਾਮ ਦਿੱਤਾ ਜਾਂਦਾ ਸੀ। ਸਥਾਨਕ ਮੀਡੀਆ ਨੇ ਦੱਸਿਆ ਕਿ ਅਧਿਕਾਰੀਆਂ ਨੂੰ ਮੌਕੇ ਤੋਂ ਮਾਰਿਜੁਆਨਾ, ਖੂਨ ਨਾਲ ਲਿਬੜੇ ਕੱਪੜੇ ਮਿਲੇ ਹਨ।

ਹਾਲ ਹੀ ਦੇ ਸਾਲਾਂ ਵਿਚ ਪੁਲਿਸ ਨੂੰ ਜੈਲਿਸਕੋ ਦੇ ਵੱਖ-ਵੱਖ ਖੇਤਰਾਂ ਵਿਚ ਪੁਰਸ਼ਾਂ ਦੇ ਸਰੀਰ ਦੇ ਅੰਗ ਮਿਲੇ ਹਨ। ਸਾਲ 2021 ਦੌਰਾਨ ਜੈਲਿਸਕੋ ਦੀ ਟੋਨਾਲਾ ਨਗਰਪਾਲਿਕਾ ਵਿਚ 70 ਬੈਗਾਂ ਵਿਚ 11 ਆਦਮੀਆਂ ਦੇ ਸਰੀਰ ਦੇ ਅੰਗ ਮਿਲੇ ਸਨ। ਇਸ ਤੋਂ ਇਲਾਵਾ ਸਾਲ 2019 'ਚ ਜ਼ਪੋਪਨ 'ਚ ਇਕ ਸੁੰਨਸਾਨ ਜਗ੍ਹਾ 'ਤੇ 119 ਬੋਰੀਆਂ 'ਚ 29 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਸਨ। ਸਾਲ 2018 'ਚ ਜੈਲਿਸਕੋ 'ਚ ਤਿੰਨ ਵਿਦਿਆਰਥੀ ਲਾਪਤਾ ਹੋ ਗਏ ਸਨ, ਜਿਨ੍ਹਾਂ ਦੀਆਂ ਲਾਸ਼ਾਂ 'ਤੇ ਤੇਜ਼ਾਬ ਪਾ ਕੇ ਗਲਾ ਘੁੱਟ ਦਿੱਤਾ ਗਿਆ ਸੀ।

# ਐਲੋਨ ਮਸਕ ਫਿਰ ਬਣੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ

■ ਫਰਾਂਸੀਸੀ ਉਦਯੋਗਪਤੀ ਬਰਨਾਰਡ ਅਰਨੌਲਟ ਨੂੰ ਪਿੱਛੇ ਛੱਡਿਆ



**ਵਾਸ਼ਿੰਗਟਨ, (ਪੰਜਾਬ ਮੇਲ)-** ਫਰਾਂਸੀਸੀ ਉਦਯੋਗਪਤੀ ਬਰਨਾਰਡ ਅਰਨੌਲਟ ਨੂੰ ਪਿੱਛੇ ਛੱਡਦੇ ਹੋਏ ਐਲੋਨ ਮਸਕ ਇੱਕ ਵਾਰ ਫਿਰ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। 192 ਬਿਲੀਅਨ ਡਾਲਰ ਦੀ ਸੰਪਤੀ ਦੇ ਨਾਲ, ਉਹ ਅਰਬਪਤੀਆਂ ਦੀ ਸੂਚੀ ਵਿਚ ਪਹਿਲੇ ਸਥਾਨ 'ਤੇ ਕਾਬਜ਼ ਹੈ। ਇਸ ਦੇ ਨਾਲ ਹੀ, ਬਰਨਾਰਡ ਅਰਨੌਲਟ ਹੁਣ 187 ਬਿਲੀਅਨ ਡਾਲਰ ਦੀ ਜਾਇਦਾਦ ਦੇ ਨਾਲ ਦੂਜੇ ਨੰਬਰ 'ਤੇ ਖਿਸਕ ਗਏ ਹਨ। ਬਰਨਾਰਡ ਅਰਨੌਲਟ ਐੱਲ.ਵੀ.ਐੱਮ.ਐੱਚ. ਦੇ ਸ਼ੇਅਰਾਂ ਵਿਚ 2.6 ਪ੍ਰਤੀਸ਼ਤ ਦੀ ਗਿਰਾਵਟ ਆਈ। ਬਲੂਮਬਰਗ ਬਿਲੀਨੇਅਰਸ ਇੰਡੈਕਸ ਵਿਚ ਇਸ ਸਾਲ ਚੋਟੀ ਦੇ ਸਥਾਨ ਲਈ ਮੁਕਾਬਲਾ ਵੇਖਿਆ ਜਾ ਰਿਹਾ ਸੀ। ਕਦੇ ਏਲੋਨ ਮਸਕ ਤੇ ਕਦੇ ਬਰਨਾਰਡ ਅਰਨੌਲਟ ਚੋਟੀ ਦੇ ਸਥਾਨ 'ਤੇ ਰਹੇ। ਹਾਲਾਂਕਿ, ਇਸ ਸਾਲ ਲੰਬੇ ਸਮੇਂ ਤੱਕ, ਬਰਨਾਰਡ ਅਰਨੌਲਟ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਰਹੇ ਅਤੇ ਐਲੋਨ ਮਸਕ ਦੂਜੇ ਸਥਾਨ 'ਤੇ ਸੀ।

ਪਿਛਲੇ ਸਾਲ ਅਮੀਰਾਂ ਦੀ ਸੂਚੀ 'ਚ ਦੂਜੇ ਨੰਬਰ 'ਤੇ ਖਿਸਕਣ ਵਾਲੇ ਐਲੋਨ ਮਸਕ ਦੀ ਸੰਪਤੀ 2023 'ਚ ਜ਼ਬਰਦਸਤ ਵਧੀ ਹੈ। ਇਸ ਦਾ ਮੁੱਖ ਕਾਰਨ ਉਸ ਦੀ ਆਟੋ ਕੰਪਨੀ ਟੇਸਲਾ ਦੇ ਸ਼ੇਅਰਾਂ 'ਚ ਵਾਧਾ ਰਿਹਾ ਹੈ। ਇਸ ਸਾਲ, ਟੇਸਲਾ ਦੇ ਸਟਾਕਾਂ ਵਿਚ 90 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਕਾਰਨ ਐਲੋਨ ਮਸਕ ਨੇ 2023 'ਚ ਹੀ ਆਪਣੀ ਸੰਪਤੀ 'ਚ 36 ਫੀਸਦੀ ਯਾਨੀ 50 ਅਰਬ ਡਾਲਰ ਦਾ ਵਾਧਾ ਕੀਤਾ।

ਬਰਨਾਰਡ ਅਰਨੌਲਟ 74 ਸਾਲ ਦਾ ਇੱਕ ਫ੍ਰੈਂਚ ਕਾਰੋਬਾਰੀ ਹੈ। ਦਸੰਬਰ 2022 ਵਿਚ ਉਹ ਮਸਕ ਨੂੰ ਪਿੱਛੇ ਛੱਡ ਕੇ ਪਹਿਲੀ ਵਾਰ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਬਣ ਗਿਆ। ਅਰਨੌਲਟ ਨੇ ਐੱਲ.ਵੀ.ਐੱਮ.ਐੱਚ. ਦੀ ਸਥਾਪਨਾ ਕੀਤੀ, ਜੋ ਕਿ ਲੁਈਸ ਵਿਟਨ, ਫੇਂਡੀ ਅਤੇ ਹੈਨੇਸੀ ਸਮੇਤ ਬ੍ਰਾਂਡਾਂ ਦਾ ਮਾਲਕ ਹੈ। ਬਲੂਮਬਰਗ ਨਿਊਜ਼ ਏਜੰਸੀ ਮੁਤਾਬਕ ਚੀਨ ਦੇ ਮਹੱਤਵਪੂਰਨ ਬਾਜ਼ਾਰ 'ਚ ਧੀਮੀ ਆਰਥਿਕ ਵਿਕਾਸ ਦੇ ਵਿਚਾਲੇ ਲਗਜ਼ਰੀ ਸੈਕਟਰ 'ਚ ਗਿਰਾਵਟ ਆਈ ਹੈ। ਅਜਿਹੇ 'ਚ ਐੱਲ.ਵੀ.ਐੱਮ.ਐੱਚ. ਦੇ ਸ਼ੇਅਰ ਅਪ੍ਰੈਲ ਤੋਂ ਲਗਭਗ 10 ਫੀਸਦੀ ਤੱਕ ਡਿੱਗ ਚੁੱਕੇ ਹਨ।

# ਬ੍ਰਿਟੇਨ 'ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਹੋਇਆ ਵਾਧਾ!

■ 1,40,000 ਭਾਰਤੀਆਂ ਨੇ ਪਿਛਲੇ ਸਾਲ ਲਿਆ ਦਾਖਲਾ

■ 2022 'ਚ 7 ਲੱਖ 70 ਹਜ਼ਾਰ ਵਿਦਿਆਰਥੀ ਭਾਰਤ ਤੋਂ ਦੂਜੇ ਦੇਸ਼ਾਂ 'ਚ ਪੜ੍ਹਨ ਲਈ ਗਏ

**ਲੰਡਨ, (ਪੰਜਾਬ ਮੇਲ)-** ਸਾਲ 2022 'ਚ 7 ਲੱਖ 70 ਹਜ਼ਾਰ ਵਿਦਿਆਰਥੀ ਭਾਰਤ ਤੋਂ ਦੂਜੇ ਦੇਸ਼ਾਂ 'ਚ ਪੜ੍ਹਨ ਲਈ ਗਏ ਸਨ। ਇਨ੍ਹਾਂ 'ਚੋਂ 1 ਲੱਖ 40 ਹਜ਼ਾਰ ਇਕੱਲੇ ਬ੍ਰਿਟੇਨ ਆਏ। ਬ੍ਰਿਟੇਨ ਦੇ ਨੈਸ਼ਨਲ ਸਟੇਟਿਸਟਿਕਸ ਦੇ ਦਫ਼ਤਰ ਦੇ ਨਵੇਂ ਅੰਕੜਿਆਂ ਅਨੁਸਾਰ 2022 ਵਿਚ ਲਗਭਗ ਇੱਕ ਚੌਥਾਈ ਵੀਜ਼ੇ ਭਾਰਤੀ ਨਾਗਰਿਕਾਂ ਨੂੰ ਦਿੱਤੇ ਗਏ ਅਤੇ ਇਨ੍ਹਾਂ 'ਚੋਂ 55 ਫੀਸਦੀ ਵਿਦਿਆਰਥੀਆਂ ਲਈ ਸਨ।

ਭਾਰਤੀ ਉੱਚ ਅਤੇ ਮੱਧ ਵਰਗ 'ਚ ਬ੍ਰਿਟੇਨ ਅਤੇ ਅਮਰੀਕਾ ਪਹਿਲੀ ਪਸੰਦ ਹਨ। ਇਸ ਦਾ ਕਾਰਨ ਅੰਗਰੇਜ਼ੀ ਭਾਸ਼ਾ ਵੀ ਹੈ, ਜੋ ਅੱਜ ਵੀ ਭਾਰਤੀ ਵਿਦਿਅਕ ਅਦਾਰਿਆਂ ਦੀ ਦੂਜੀ ਮੁੱਖ ਭਾਸ਼ਾ ਹੈ। ਉੱਚ ਫੀਸਾਂ ਅਤੇ ਲਾਗਤਾਂ ਦੇ ਕਾਰਨ, ਇਹ ਅਜੇ ਵੀ ਸਮੁੱਚੇ ਤੌਰ 'ਤੇ ਸਿਰਫ ਇੱਕ ਛੋਟਾ ਪ੍ਰਤੀਸ਼ਤ ਹੈ, ਜੋ ਵਿਦੇਸ਼ਾਂ ਵਿਚ ਪੜ੍ਹਦੇ ਹਨ। ਬਹੁਤ ਸਾਰੇ ਭਾਰਤੀ ਪਰਿਵਾਰ ਆਪਣੇ ਬੱਚਿਆਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਭੇਜਣ ਲਈ ਵੱਡੀਆਂ ਕੁਰਬਾਨੀਆਂ ਦਿੰਦੇ ਹਨ, ਅਕਸਰ ਆਪਣੇ ਘਰ ਗਿਰਵੀ ਰੱਖਦੇ ਹਨ ਜਾਂ ਵੱਡੇ ਨਿੱਜੀ ਕਰਜ਼ੇ ਲੈਂਦੇ ਹਨ, ਇਸ ਵਿਚਾਰ ਨਾਲ ਕਿ ਇਹ ਲੰਬੇ ਸਮੇਂ ਲਈ ਇੱਕ ਲਾਭਦਾਇਕ ਨਿਵੇਸ਼ ਹੈ।

ਬ੍ਰਿਟੇਨ ਦੇ ਪ੍ਰਤੀ ਵੱਧ ਰੁਝਾਨ ਦਾ ਕਾਰਨ ਇਹ ਹੈ ਕਿ ਅਮਰੀਕਾ ਦੇ ਮੁਕਾਬਲੇ 'ਚ ਬ੍ਰਿਟੇਨ 'ਚ ਪੜ੍ਹਾਈ ਸਸਤੀ ਹੈ। ਯੂ.ਕੇ. ਵਿਚ ਮਾਸਟਰ ਡਿਗਰੀ ਸਿਰਫ 1 ਸਾਲ ਦੀ ਹੈ, ਜਿਸ ਨਾਲ ਸਮੇਂ ਅਤੇ ਪੈਸੇ ਦੀ ਵੀ ਬਚਤ ਹੁੰਦੀ ਹੈ। 70 ਫੀਸਦੀ ਭਾਰਤੀ ਵਿਦਿਆਰਥੀ ਇੱਥੇ ਸਿਰਫ ਪੋਸਟ ਗ੍ਰੈਜੂਏਟ ਡਿਗਰੀ ਲਈ ਆਉਂਦੇ ਹਨ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com








# 'ਕੈਨੇਡਾ 'ਚ ਵਿਦੇਸ਼ੀ ਦਖਲਅੰਦਾਜ਼ੀ ਦੇ ਪ੍ਰਮੁੱਖ ਸਰੋਤਾਂ 'ਚੋਂ ਭਾਰਤ ਇੱਕ'

**ਓਟਾਵਾ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਡੀ ਥਾਮਸ ਦਾ ਕਹਿਣਾ ਹੈ ਕਿ ਭਾਰਤ ਕੈਨੇਡਾ ਵਿਚ ਵਿਦੇਸ਼ੀ ਦਖਲਅੰਦਾਜ਼ੀ ਦੇ ਪ੍ਰਮੁੱਖ ਸਰੋਤਾਂ ਵਿਚੋਂ ਇੱਕ ਹੈ। ਜੋਡੀ ਥਾਮਸ ਦਾ ਕਹਿਣਾ ਹੈ ਕਿ "ਕਈ ਸਟੇਟ ਆਗੂ ਅਤੇ ਗੈਰ-ਸਟੇਟ ਪ੍ਰਤੀਨਿਧੀ" ਕੈਨੇਡਾ ਵਿਚ ਵਿਦੇਸ਼ੀ ਦਖਲਅੰਦਾਜ਼ੀ ਕਰ ਰਹੇ ਹਨ ਅਤੇ ਪਿਛਲੇ ਹਫ਼ਤੇ ਇੱਕ ਕਾਨਫਰੰਸ ਵਿਚ ਉਸ ਨੇ ਤਿੰਨ ਦੇਸ਼ਾਂ ਚੀਨ, ਰੂਸ ਅਤੇ ਈਰਾਨ ਨੂੰ ਸੂਚੀਬੱਧ ਕੀਤਾ, ਜਿਨ੍ਹਾਂ ਦਾ ਓਟਾਵਾ ਅਕਸਰ ਹਵਾਲਾ ਦਿੰਦਾ ਹੈ। ਪਰ ਥਾਮਸ ਨੇ ਵਿਸ਼ੇਸ਼ ਤੌਰ 'ਤੇ ਭਾਰਤ ਦਾ ਵੀ ਜ਼ਿਕਰ ਕੀਤਾ, ਇੱਕ ਅਜਿਹਾ ਦੇਸ਼ ਜਿਸ ਨੂੰ ਲਿਬਰਲਾਂ ਮਤਲਬ ਟਰੂਡੋ ਸਰਕਾਰ ਨੇ ਆਪਣੀ ਇੰਡੋ-ਪੈਸੀਫਿਕ ਰਣਨੀਤੀ ਵਿਚ ਨਜ਼ਦੀਕੀ ਆਰਥਿਕ ਅਤੇ ਵਿਗਿਆਨਕ ਸਬੰਧਾਂ ਨੂੰ ਸਥਾਪਿਤ ਕਰਨ ਲਈ ਤਰਜੀਹ ਵਜੋਂ ਰੇਖਾਂਕਿਤ ਕੀਤਾ। ਇਹ ਵੀ ਕਿਹਾ ਗਿਆ ਹੈ ਕਿ ਭਾਰਤ ਵੱਲੋਂ ਸਿੱਖ ਕੈਨੇਡੀਅਨ ਨੂੰ ਅਕਸਰ ਨਿਸ਼ਾਨਾ



ਬਣਾਇਆ ਜਾਂਦਾ ਰਿਹਾ ਹੈ।

ਫੈਡਰਲ ਏਜੰਸੀਆਂ ਨੇ ਹਾਲ ਹੀ ਦੇ ਸਾਲਾਂ ਵਿਚ ਚੇਤਾਵਨੀ ਦਿੱਤੀ ਹੈ ਕਿ ਭਾਰਤ ਕੈਨੇਡਾ ਵਿਚ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ, ਅਤੇ ਥਾਮਸ ਤੋਂ ਪਹਿਲਾਂ ਦੇ ਅਹੁਦੇਦਾਰ ਨੇ ਸੁਝਾਅ ਦਿੱਤਾ ਸੀ ਕਿ ਭਾਰਤ ਸਰਕਾਰ ਵਿਚ ਸ਼ਰਾਰਤੀ ਤੱਤਾਂ ਨੇ ਟਰੂਡੋ ਨੂੰ ਉਸ ਦੀ ਭਾਰਤ ਫੇਰੀ ਦੌਰਾਨ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਇੱਕ ਗੰਭੀਰ ਅਪਰਾਧਿਕ ਰਿਕਾਰਡ ਵਾਲੇ ਵਿਅਕਤੀ ਜਸਪਾਲ ਅਟਵਾਲ ਨੂੰ ਟਰੂਡੋ ਦੇ ਭਾਰਤ ਦੌਰੇ ਦੌਰਾਨ ਦੋ ਸਮਾਗਮਾਂ ਵਿਚ ਬੁਲਾਇਆ ਗਿਆ ਸੀ। ਸੰਸਦ ਮੈਂਬਰਾਂ ਦੀ ਰਾਸ਼ਟਰੀ ਸੁਰੱਖਿਆ ਕਮੇਟੀ ਦੀ ਇੱਕ ਰਿਪੋਰਟ ਵਿਚ ਪਾਇਆ ਗਿਆ ਕਿ ਆਰ.ਸੀ.ਐੱਮ.ਪੀ. ਟਰੂਡੋ ਦੇ ਸੁਰੱਖਿਆ ਸੰਬੰਧੀ ਵੇਰਵੇ ਨੂੰ ਸੁਚੇਤ ਕਰਨ ਵਿਚ ਅਸਫਲ ਰਹੀ।

ਇਸ ਮੌਕੇ ਭਾਰਤ ਨੇ ਦਲੀਲ ਦਿੱਤੀ ਹੈ ਕਿ ਕੈਨੇਡਾ ਦੇ ਕਈ ਤੱਤ ਭਾਰਤ ਦੇ ਘਰੇਲੂ ਮਾਮਲਿਆਂ ਵਿਚ ਦਖਲਅੰਦਾਜ਼ੀ ਦੇ ਪਿੱਛੇ ਹਨ, ਖਾਸ ਤੌਰ 'ਤੇ ਕੁਝ ਸਿੱਖਾਂ ਦੀ ਅਗਵਾਈ ਵਾਲੀ ਵੱਖਵਾਦੀ ਲਹਿਰ ਜਿਸ ਵਿਚ ਕਈ ਵਾਰ ਹਿੰਸਾ ਵੀ ਸ਼ਾਮਲ ਹੁੰਦੀ ਹੈ। ਐੱਨ.ਡੀ.ਪੀ. ਨੇ ਅਕਸਰ ਭਾਰਤ ਨੂੰ ਵਿਦੇਸ਼ੀ ਦਖਲਅੰਦਾਜ਼ੀ ਦੇ ਸਰੋਤ ਵਜੋਂ ਹਵਾਲਾ ਦਿੱਤਾ ਹੈ, ਇਹ ਦਲੀਲ ਦਿੱਤੀ ਹੈ ਕਿ ਕੈਨੇਡਾ ਨੂੰ ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਨੂੰ ਲੈ ਕੇ ਦੇਸ਼ ਨਾਲ ਆਪਣੇ ਸਬੰਧਾਂ ਨੂੰ ਸੀਮਤ ਕਰਨਾ ਚਾਹੀਦਾ ਹੈ। ਉੱਧਰ ਓਟਾਵਾ ਵਿਚ ਭਾਰਤ ਦੇ ਹਾਈ ਕਮਿਸ਼ਨ ਨੇ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ ਹੈ। ਫੈਡਰਲ ਏਜੰਸੀਆਂ ਨੇ ਅਪ੍ਰਤੱਖ ਤੌਰ 'ਤੇ ਭਾਰਤ ਦੇ ਹਾਲ ਹੀ ਦੇ ਸਾਲਾਂ ਵਿਚ ਕੈਨੇਡਾ ਵਿਚ ਗ਼ਲਤ ਪ੍ਰਭਾਵ ਪਾਉਣ ਦੀ ਚੇਤਾਵਨੀ ਦਿੱਤੀ ਹੈ।

# ਕੇਂਦਰ ਵੱਲੋਂ ਭਗਵੰਤ ਮਾਨ ਨੂੰ 'ਜ਼ੈੱਡ ਪਲੱਸ' ਸੁਰੱਖਿਆ

**ਨਵੀਂ ਦਿੱਲੀ, (ਪੰਜਾਬ ਮੇਲ)-**ਕੇਂਦਰ ਸਰਕਾਰ ਨੇ ਦੇਸ਼ ਤੇ ਵਿਦੇਸ਼ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੇਸ਼ ਤੇ ਵਿਦੇਸ਼ ਤੋਂ ਸੰਭਾਵੀ ਖਤਰੇ ਨੂੰ ਦੇਖਦਿਆਂ ਉਨ੍ਹਾਂ ਨੂੰ 'ਜ਼ੈੱਡ ਪਲੱਸ' ਸੁਰੱਖਿਆ ਦਿੱਤੀ ਹੈ। ਇਹ ਜਾਣਕਾਰੀ ਅਧਿਕਾਰਤ ਸੂਤਰਾਂ ਨੇ ਦਿੱਤੀ। ਸੂਤਰਾਂ ਨੇ ਦੱਸਿਆ ਕਿ 49 ਸਾਲਾ ਭਗਵੰਤ ਮਾਨ ਨੂੰ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀ.ਆਰ.ਪੀ.ਐੱਫ.) ਦੇ ਵੀ.ਆਈ.ਪੀ. ਸੁਰੱਖਿਆ ਦਸਤੇ ਵੱਲੋਂ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਭਗਵੰਤ ਮਾਨ ਨੂੰ ਪੂਰੇ ਭਾਰਤ 'ਚ ਸਿਖਰਲੀ ਸ਼੍ਰੇਣੀ ਦੀ 'ਜ਼ੈੱਡ ਪਲੱਸ' ਸੁਰੱਖਿਆ ਦਿੱਤੀ ਜਾਵੇਗੀ ਅਤੇ ਗ੍ਰਹਿ ਮੰਤਰਾਲੇ ਨੇ ਹਾਲ ਹੀ ਵਿਚ ਇਸ ਦੀ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸੀ.ਆਰ.ਪੀ.ਐੱਫ. ਜਲਦੀ ਹੀ ਭਗਵੰਤ ਮਾਨ ਦੀ ਸੁਰੱਖਿਆ ਦਾ ਜ਼ਿੰਮਾ ਸੰਭਾਲੇਗੀ ਅਤੇ ਇਸ ਲਈ 55 ਹਥਿਆਰਬੰਦ ਜਵਾਨਾਂ ਦੀ ਟੀਮ ਭੇਜੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਸੁਰੱਖਿਆ ਤੋਂ ਇਲਾਵਾ ਦਿੱਤੀ ਗਈ 'ਜ਼ੈੱਡ ਪਲੱਸ' ਸੁਰੱਖਿਆ ਮੁੱਖ ਮੰਤਰੀ ਦੀ ਰਿਹਾਇਸ਼ ਤੇ ਉਨ੍ਹਾਂ ਦੇ ਪਰਿਵਾਰ ਦੇ ਨੇੜਲੇ ਮੈਂਬਰਾਂ ਨੂੰ ਦਿੱਤੀ ਜਾਵੇਗੀ।

# ਅਦਾਲਤ ਵੱਲੋਂ ਟਾਈਟਲਰ ਖ਼ਿਲਾਫ਼ ਦਾਇਰ ਸੀ.ਬੀ.ਆਈ. ਚਾਰਜਸ਼ੀਟ ਦਾ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)-** ਇੱਥੋਂ ਦੀ ਇਕ ਅਦਾਲਤ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਪੁਲ ਬੰਗਸ਼ ਕੇਸ 'ਚ ਦਾਇਰ ਚਾਰਜਸ਼ੀਟ ਦਾ ਨੋਟਿਸ ਲਿਆ ਹੈ। ਇਹ ਕੇਸ 1984 ਦੇ ਸਿੱਖ-ਵਿਰੋਧੀ ਦੰਗਿਆਂ ਦੌਰਾਨ ਤਿੰਨ ਲੋਕਾਂ ਦੀ ਹੱਤਿਆ ਕਰਨ ਤੇ ਗੁਰਦੁਆਰੇ ਨੂੰ ਅੱਗ ਲਾਉਣ ਨਾਲ ਸਬੰਧਤ ਹੈ। ਮੁੱਖ ਮੈਟਰੋਪੌਲਿਟਨ ਮੈਜਿਸਟਰੇਟ ਨੇ ਦੋਸ਼ ਪੱਤਰ ਦਾ ਨੋਟਿਸ ਲੈਂਦਿਆਂ ਮਾਮਲੇ ਨੂੰ ਵਧੀਕ ਚੀਫ ਮੈਟਰੋਪਾਲੀਟਨ ਮੈਜਿਸਟਰੇਟ (ਏ.ਸੀ.ਐੱਮ.ਐੱਮ.) ਦੀ ਅਦਾਲਤ ਵਿਚ ਭੇਜ ਦਿੱਤਾ ਕਿਉਂਕਿ ਇਹ ਮਾਮਲਾ ਇਕ ਸਾਬਕਾ ਸੰਸਦ ਮੈਂਬਰ ਨਾਲ ਜੁੜਿਆ ਹੋਇਆ ਹੈ। ਏ.ਸੀ.ਐੱਮ.ਐੱਮ. ਵੱਲੋਂ ਚਾਰਜਸ਼ੀਟ ਦਾ 8 ਜੂਨ ਨੂੰ ਨੋਟਿਸ ਲੈਣ ਦੀ ਸੰਭਾਵਨਾ ਹੈ ਤੇ ਟਾਈਟਲਰ ਨੂੰ ਸੰਮਨ ਜਾਰੀ ਕੀਤੇ ਜਾ ਸਕਦੇ ਹਨ। ਸੀ.ਬੀ.ਆਈ. ਨੇ ਚਾਰਜਸ਼ੀਟ 'ਚ ਕਿਹਾ ਹੈ ਕਿ 'ਟਾਈਟਲਰ ਨੇ ਆਜ਼ਾਦ ਮਾਰਕੀਟ ਵਿਚ ਪੁਲ ਬੰਗਸ਼ ਗੁਰਦੁਆਰੇ 'ਤੇ ਇਕੱਠੀ ਹੋਈ ਭੀੜ ਨੂੰ ਭੜਕਾਇਆ, ਜਿਸ ਨੇ ਮਗਰੋਂ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਤੇ ਤਿੰਨ ਸਿੱਖਾਂ ਦੀ ਮੌਤ ਹੋ ਗਈ ਸੀ।

# ਦਿੱਲੀ ਹਾਈ ਕੋਰਟ ਵੱਲੋਂ ਮਨੀਸ਼ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ (ਆਪ) ਨੇਤਾ ਮਨੀਸ਼ ਸਿਸੋਦੀਆ ਨੂੰ ਅੰਤਰਿਮ ਜ਼ਮਾਨਤ ਦੇਣ ਤੋਂ ਸੋਮਵਾਰ ਨੂੰ ਇਨਕਾਰ ਕਰ ਦਿੱਤਾ। ਜਸਟਿਸ ਦਿਨੇਸ਼ ਸ਼ਰਮਾ ਨੇ ਕਿਹਾ ਕਿ ਦੋਸ਼ ਬੇਹੱਦ ਗੰਭੀਰ ਹਨ, ਇਸ ਲਈ ਉਨ੍ਹਾਂ ਨੂੰ 6 ਹਫ਼ਤਿਆਂ ਲਈ ਰਿਹਾਅ ਕਰਨਾ ਮੁਸ਼ਕਲ ਹੈ। ਸਿਸੋਦੀਆ ਨੇ ਆਪਣੀ ਪਤਨੀ ਸੀਮਾ ਦੀ ਖ਼ਰਾਬ ਸਿਹਤ ਦਾ ਹਵਾਲਾ ਦਿੰਦੇ ਹੋਏ 6 ਹਫ਼ਤਿਆਂ ਲਈ ਰਿਹਾਈ ਦੀ ਮੰਗ ਕੀਤੀ ਸੀ। ਜਿਸ 'ਤੇ ਕੋਰਟ ਨੇ ਸ਼ਨੀਵਾਰ ਨੂੰ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ। ਕੋਰਟ ਨੇ ਫ਼ੈਸਲੇ ਦੌਰਾਨ ਕਿਹਾ ਕਿ ਮਨੀਸ਼ ਸਿਸੋਦੀਆ ਦੀ ਪਤਨੀ ਦੀ ਸਿਹਤ ਨੂੰ ਦੇਖਦੇ ਹੋਏ ਇਹ ਨਿਰਦੇਸ਼ ਜਾਰੀ ਕੀਤਾ ਜਾਂਦਾ ਹੈ ਕਿ ਸੀਮਾ ਸਿਸੋਦੀਆ ਨੂੰ ਬਿਹਤਰ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਲਾਜ



ਕਿੱਥੇ ਕਰਵਾਉਣ ਹੈ, ਇਹ ਸੀਮਾ ਅਤੇ ਪਰਿਵਾਰ ਦੀ ਪਸੰਦ 'ਤੇ ਨਿਰਭਰ ਕਰੇਗਾ। ਹਾਲਾਂਕਿ ਕੋਰਟ ਦਾ ਸੁਝਾਅ ਹੈ ਕਿ ਏਮਜ਼ ਦੇ ਡਾਕਟਰਾਂ ਦਾ ਬੋਰਡ ਉਨ੍ਹਾਂ ਦੀ ਜਾਂਚ ਕਰ ਸਕਦਾ ਹੈ। ਕੋਰਟ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਜਿਸ ਦਿਨ ਸੀਮਾ ਸਿਸੋਦੀਆ ਚਾਹੇ ਉਸੇ ਦਿਨ ਮਨੀਸ਼ ਸਿਸੋਦੀਆ ਨੂੰ ਪਤਨੀ ਨਾਲ ਮਿਲਵਾਉਣ ਲਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਦਰਮਿਆਨ ਘਰ ਜਾਂ ਹਸਪਤਾਲ ਲਿਜਾਇਆ ਜਾਵੇ ਪਰ ਪੁਲਿਸ ਕਮਿਸ਼ਨਰ ਇਸ ਗੱਲ ਦਾ ਧਿਆਨ ਰੱਖਣ ਕਿ ਘਰ ਜਾਂ ਹਸਪਤਾਲ ਦੇ ਬਾਹਰ ਮੀਡੀਆ ਮੌਜੂਦ ਨਾ ਹੋਵੇ।

# ਅਫਗਾਨਿਸਤਾਨ 'ਚ 80 ਵਿਦਿਆਰਥਣਾਂ ਨੂੰ ਦਿੱਤਾ ਜ਼ਹਿਰ !

**ਹੇਰਾਤ, (ਪੰਜਾਬ ਮੇਲ)-** ਦੇਸ਼ ਈਰਾਨ ਤੋਂ ਬਾਅਦ ਹੁਣ ਅਫਗਾਨਿਸਤਾਨ 'ਚ ਵੀ ਲੜਕੀਆਂ ਨੂੰ ਜ਼ਹਿਰ ਦੇਣ ਦੀ ਘਟਨਾ ਸਾਹਮਣੇ ਆਈ ਹੈ। ਇੱਥੇ ਉੱਤਰੀ ਖੇਤਰ ਦੇ ਦੋ ਵੱਖ-ਵੱਖ ਸਕੂਲਾਂ ਵਿਚ ਪ੍ਰਾਇਮਰੀ ਜਮਾਤਾਂ ਵਿਚ ਪੜ੍ਹਦੀਆਂ ਦਰਜਨਾਂ ਵਿਦਿਆਰਥਣਾਂ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ। ਕੁੜੀਆਂ ਜ਼ਹਿਰ ਖਾਣ ਲੱਗ ਪਈਆਂ ਤੇ ਕਈਆਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਇਹ ਜਾਣਕਾਰੀ ਇਲਾਕੇ ਦੇ ਸਿੱਖਿਆ ਅਧਿਕਾਰੀਆਂ ਨੇ ਦਿੱਤੀ ਹੈ। ਅਫਗਾਨਿਸਤਾਨ ਵਿਚ ਤਾਲਿਬਾਨ ਦਾ ਰਾਜ ਹੈ ਤੇ ਅਗਸਤ 2021 ਵਿਚ ਤਾਲਿਬਾਨ ਦੇ ਕਾਬੁਲ 'ਤੇ ਕਬਜ਼ਾ ਕਰਨ ਤੋਂ ਬਾਅਦ ਲੜਕੀਆਂ ਨੂੰ ਜ਼ਹਿਰ ਦੇਣ ਦਾ ਇਹ ਪਹਿਲਾ ਮਾਮਲਾ ਹੈ। ਇਸ ਤੋਂ ਪਹਿਲਾਂ 2015 ਵਿਚ ਅਫਗਾਨਿਸਤਾਨ ਵਿਚ ਕੁੜੀਆਂ ਨੂੰ ਵੀ ਜ਼ਹਿਰ ਦਿੱਤਾ ਗਿਆ ਸੀ, ਹਾਲਾਂਕਿ ਉਦੋਂ ਤਾਲਿਬਾਨ ਸੱਤਾ ਵਿਚ ਨਹੀਂ ਸੀ। ਇਹ ਘਟਨਾ ਹੇਰਾਤ ਸੂਬੇ ਦੀ ਹੈ, ਜਿੱਥੇ 600 ਸਕੂਲੀ ਵਿਦਿਆਰਥਣਾਂ ਨੂੰ ਜ਼ਹਿਰ ਦਿੱਤਾ ਗਿਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਅਫ਼ਗਾਨ ਕੁੜੀਆਂ ਨੂੰ ਜ਼ਹਿਰ ਦੇਣ ਵਾਲੇ ਲੋਕਾਂ ਦਾ ਪਤਾ ਨਹੀਂ ਲੱਗਾ, ਦੋਵਾਂ ਘਟਨਾਵਾਂ ਦੀ ਕਿਸੇ ਜਥੇਬੰਦੀ ਨੇ ਜ਼ਿੰਮੇਵਾਰੀ ਨਹੀਂ ਲਈ।

**■ ਪਹਿਲਾਂ 600 ਬੱਚਿਆਂ ਨੂੰ ਦਿੱਤਾ ਗਿਆ ਸੀ ਜ਼ਹਿਰ**




# ਹੁਣ ਪਹਿਲਵਾਨ ਕਰਨਗੇ ਮਹਾਪੰਚਾਇਤ!

ਨਵੀਂ ਦਿੱਲੀ, (ਪੰਜਾਬ ਮੇਲ)- ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਵਿਰੋਧ ਕਰ ਰਹੇ ਪਹਿਲਵਾਨਾਂ ਨੂੰ ਕਈ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਹਰਿਆਣਾ ਦੇ ਸੋਨੀਪਤ ਦੀ ਗੋਹਾਨਾ ਤਹਿਸੀਲ ਦੇ ਮੁੰਡਲਾਣਾ ਪਿੰਡ ਵਿਚ ਐਤਵਾਰ (4 ਜੂਨ) ਨੂੰ ਪਹਿਲਵਾਨਾਂ ਦੇ ਸਮਰਥਨ ਵਿਚ ਇੱਕ ਸਰਬ-ਜਾਤੀ ਪੰਚਾਇਤ ਦਾ ਆਯੋਜਨ ਕੀਤਾ ਗਿਆ। ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ, ਰਾਸ਼ਟਰੀ ਲੋਕ ਦਲ (ਆਰ.ਐੱਲ.ਡੀ.) ਦੇ ਪ੍ਰਧਾਨ ਜਯੰਤ ਚੌਧਰੀ, ਓਲੰਪਿਕ ਤਮਗਾ ਜੇਤੂ ਪਹਿਲਵਾਨ ਬਜਰੰਗ ਪੂਨੀਆ, ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਸਮੇਤ ਕਈ ਲੋਕਾਂ ਨੇ ਸ਼ਿਰਕਤ ਕੀਤੀ।

ਪੰਚਾਇਤ ਦੌਰਾਨ ਪਹਿਲਵਾਨਾਂ ਦੀ ਕਾਰਗੁਜ਼ਾਰੀ ਸਬੰਧੀ ਕਈ ਮੁੱਦੇ ਵਿਚਾਰੇ ਗਏ। ਇਸ ਦੌਰਾਨ ਪੂਨੀਆ ਨੇ ਕਿਹਾ, "ਅਸੀਂ ਇਕੱਠੇ ਹੋ ਕੇ ਇਸ ਅੰਦੋਲਨ ਵਿਚ ਜਿੱਤ ਹਾਸਿਲ ਕਰਾਂਗੇ। ਅਸੀਂ ਨਹੀਂ ਚਾਹੁੰਦੇ ਕਿ ਪੰਚਾਇਤਾਂ ਰੋਜ਼ਾਨਾ ਕਰਵਾਈਆਂ ਜਾਣ ਕਿਉਂਕਿ ਵੱਖਰੀਆਂ ਪੰਚਾਇਤਾਂ ਹੋਣ ਨਾਲ ਸਾਡੀ ਏਕਤਾ ਨਜ਼ਰ ਨਹੀਂ ਆ ਰਹੀ ਅਤੇ ਸਰਕਾਰ ਇਸ ਦਾ ਸਿੱਧਾ ਫਾਇਦਾ ਚੁੱਕ ਰਹੀ ਹੈ।"

**ਇਕੱਠਿਆਂ ਲੜਨ ਨਾਲ ਮਿਲੇਗੀ ਜਿੱਤ : ਬਜਰੰਗ ਪੂਨੀਆ**



ਉਨ੍ਹਾਂ ਕਿਹਾ, "ਤੁਸੀਂ 28 ਮਈ ਨੂੰ ਆਉਣ ਦੀ ਕੋਸ਼ਿਸ਼ ਕੀਤੀ ਪਰ ਤੁਸੀਂ ਨਹੀਂ ਆ ਸਕੇ ਅਤੇ ਪੁਲਿਸ ਨੇ ਤੁਹਾਨੂੰ ਰੋਕ ਲਿਆ। ਤੁਸੀਂ ਵੱਖ ਹੋ ਕੇ ਨਹੀਂ ਜਿੱਤ ਸਕੋਗੇ। ਆਓ ਸਾਰੀਆਂ ਜਥੇਬੰਦੀਆਂ ਇਕਜੁੱਟ ਹੋ ਜਾਣ। ਅਸੀਂ ਮਹਾਪੰਚਾਇਤ ਕਰਾਂਗੇ। ਅਸੀਂ ਵੱਡਾ ਫੈਸਲਾ ਲਵਾਂਗੇ। ਤਿੰਨ-ਚਾਰ ਦਿਨਾਂ ਵਿਚ ਪਹਿਲਵਾਨਾਂ ਦੀ ਪੰਚਾਇਤ ਦਾ ਜਗ੍ਹਾ ਅਤੇ ਸਮਾਂ ਦੱਸਿਆ ਜਾਵੇਗਾ। ਉਨ੍ਹਾਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਮਹਾਂਪੰਚਾਇਤ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਉੱਥੇ ਹੀ ਰਾਜਪਾਲ ਮਲਿਕ ਨੇ ਕਿਹਾ ਕਿ ਇਹ ਧੀਆਂ ਦੀ ਇੱਜ਼ਤ ਦਾ ਸਵਾਲ ਹੈ। ਉਨ੍ਹਾਂ ਕਿਹਾ, "ਜਦੋਂ ਦਿੱਲੀ ਪੁਲਿਸ ਧੀਆਂ ਨੂੰ ਜੰਤਰ-ਮੰਤਰ 'ਤੇ ਘੜੀਸ ਰਹੀ ਸੀ, ਤਾਂ ਉਨ੍ਹਾਂ ਦਾ ਖ਼ੂਨ ਖੌਲ ਰਿਹਾ ਸੀ। ਇਸੇ ਲਈ ਹੁਣ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਉਹ ਵੱਖ-ਵੱਖ ਰਾਜਾਂ 'ਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨਗੇ ਅਤੇ ਪਹਿਲਵਾਨਾਂ ਦਾ ਸਮਰਥਨ ਕਰਨ ਲਈ ਕਹਿਣਗੇ।" ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

## ਖਾਪ ਮਹਾਪੰਚਾਇਤ ਵੱਲੋਂ ਬ੍ਰਿਜ ਭੂਸ਼ਨ ਨੂੰ ਗ੍ਰਿਫ਼ਤਾਰ ਕਰਨ ਲਈ ਸਰਕਾਰ ਨੂੰ 9 ਜੂਨ ਤੱਕ ਦਾ ਅਲਟੀਮੇਟਮ



ਕੁਰੂਕਸ਼ੇਤਰ, (ਪੰਜਾਬ ਮੇਲ)- ਕੁਰੂਕਸ਼ੇਤਰ ਦੀ ਜਾਟ ਧਰਮਸ਼ਾਲਾ ਵਿਚ ਹੋਈ ਖਾਪ ਮਹਾਪੰਚਾਇਤ ਵਿਚ ਸਰਕਾਰ ਨੂੰ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ 9 ਜੂਨ ਤੱਕ ਦਾ ਅਲਟੀਮੇਟਮ ਦਿੱਤਾ ਹੈ। ਇਸ ਮੌਕੇ ਕਿਹਾ ਗਿਆ ਕਿ ਧੀਆਂ ਨੂੰ ਇਨਸਾਫ ਦਿਵਾਉਣ ਲਈ ਤਨ, ਮਨ ਅਤੇ ਧਨ ਨਾਲ ਸੰਘਰਸ਼ ਕੀਤਾ ਜਾਵੇਗਾ। ਜਦੋਂ ਤੱਕ ਬ੍ਰਿਜ ਭੂਸ਼ਨ ਦੀ ਗ੍ਰਿਫ਼ਤਾਰੀ ਨਹੀਂ ਹੋ ਜਾਂਦੀ, ਉਦੋਂ ਤੱਕ ਖਾਪਾਂ ਦੀ ਸੰਘਰਸ਼ ਨੂੰ ਹਮਾਇਤ ਜਾਰੀ ਰਹੇਗੀ।

## ਇਸਰੋ ਵੱਲੋਂ 3 ਜੁਲਾਈ ਨੂੰ ਚੰਦਰਯਾਨ-3 ਕੀਤਾ ਜਾਵੇਗਾ ਲਾਂਚ

ਬੰਗਲੁਰੂ, (ਪੰਜਾਬ ਮੇਲ)- ਇਸਰੋ ਵੱਲੋਂ 3 ਜੁਲਾਈ ਨੂੰ ਚੰਦਰਯਾਨ-3 ਸ੍ਰੀਹਰੀਕੋਟਾਪੁਰ ਤੋਂ ਜਾਰੀ ਕੀਤਾ ਜਾਵੇਗਾ। ਇਸ ਦੇ ਮੱਦੇਨਜ਼ਰ ਰੂਸ ਨੇ ਆਪਣਾ ਮੂਨ ਲੈਂਡਰ ਮਿਸ਼ਨ ਮੁਲਤਵੀ ਕਰ ਦਿੱਤਾ ਹੈ, ਤਾਂ ਕਿ ਚੰਦਰਯਾਨ-3 ਨੂੰ ਚੰਨ 'ਤੇ ਉਤਰਨ ਦਾ ਮੌਕਾ ਮਿਲ ਸਕੇ। ਇਸਰੋ ਅਧਿਕਾਰੀਆਂ ਅਨੁਸਾਰ ਜੇਕਰ ਚੰਦਰਯਾਨ-3 ਦੀ ਲਾਂਚਿੰਗ ਸਫਲ ਹੋ ਜਾਂਦੀ ਹੈ, ਤਾਂ ਭਾਰਤ ਅਜਿਹਾ ਕਰਨ ਵਾਲਾ ਚੌਥਾ ਦੇਸ਼ ਬਣ ਜਾਵੇਗਾ। ਇਸ ਤੋਂ ਪਹਿਲਾਂ ਅਮਰੀਕਾ, ਰੂਸ ਅਤੇ ਚੀਨ ਚੰਨ 'ਤੇ ਆਪਣੇ ਵਾਹਨ ਉਤਾਰ ਚੁੱਕੇ ਹਨ। ਦੱਸਣਾ ਬਣਦਾ ਹੈ ਕਿ ਚੰਦਰਯਾਨ-2 ਮਿਸ਼ਨ 22 ਜੁਲਾਈ 2019 ਨੂੰ ਲਾਂਚ ਕੀਤਾ ਗਿਆ ਸੀ ਤੇ 7 ਸਤੰਬਰ 2019 ਨੂੰ ਚੰਨ ਦੇ ਦੱਖਣੀ ਧਰੁਵ 'ਤੇ ਉਤਰਨ ਦੀ ਕੋਸ਼ਿਸ਼ ਕਰ

**ਰੂਸ ਨੇ ਭਾਰਤ ਲਈ ਆਪਣੇ ਮਿਸ਼ਨ ਨੂੰ ਮੁਲਤਵੀ ਕੀਤਾ**



ਰਿਹਾ ਵਿਕਰਮ ਲੈਂਡਰ ਕਰੈਸ਼ ਹੋ ਗਿਆ ਸੀ। ਉਦੋਂ ਤੋਂ ਭਾਰਤ ਚੰਦਰਯਾਨ-3 ਮਿਸ਼ਨ ਦੀ ਤਿਆਰੀ ਕਰ ਰਿਹਾ ਹੈ। ਇਸਰੋ ਦੇ ਮੁਖੀ ਐੱਸ. ਸੋਮਨਾਥ ਨੇ ਕਿਹਾ ਕਿ ਉਹ ਚੰਦਰਯਾਨ-2 ਮਿਸ਼ਨ ਵਿਚ ਅਸਫਲ ਰਹੇ ਸਨ। ਚੰਦਰਯਾਨ-3 ਮਿਸ਼ਨ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ ਅਤੇ ਅਸੀਂ ਇਤਿਹਾਸ ਰਚਾਂਗੇ।

## ਕੈਨੇਡਾ 'ਚ ਭਾਰਤੀ ਵਿਦਿਆਰਥਣ ਦੇ ਕਤਲ ਦੇ ਦੋਸ਼ੀ 'ਤੇ ਚੱਲੇਗਾ ਮੁਕੱਦਮਾ


ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 2022 ਵਿਚ ਇਕ ਭਾਰਤੀ ਵਿਦਿਆਰਥਣ ਦਾ ਕਤਲ ਕਰਨ ਦੇ ਦੋਸ਼ੀ ਵਿਅਕਤੀ 'ਤੇ ਦੂਜੇ ਦਰਜੇ ਦੇ ਕਤਲ ਦੇ ਦੋਸ਼ 'ਚ ਮੁਕੱਦਮਾ ਚੱਲੇਗਾ। ਇਕ ਮੀਡੀਆ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਗਈ। ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਓਕਾਨਾਗਨ ਕੈਂਪਸ ਵਿਚ 24 ਸਾਲਾ ਹਰਮਨਦੀਪ ਕੌਰ 'ਤੇ 26 ਫਰਵਰੀ, 2022 ਨੂੰ ਹੋਏ ਹਮਲੇ ਤੋਂ ਬਾਅਦ 23 ਸਾਲਾ ਦਾਂਤੇ ਓਗਨੀਬੇਨ-ਹੇਬਰਨ ਨੂੰ ਮਾਨਸਿਕ ਸਿਹਤ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਕ ਮਹੀਨੇ ਬਾਅਦ ਉਸ 'ਤੇ ਹਰਮਨਦੀਪ




ਕੌਰ ਦੇ ਕਤਲ ਦਾ ਦੋਸ਼ ਲਗਾਇਆ ਗਿਆ ਸੀ ਅਤੇ ਉਦੋਂ ਤੋਂ ਉਹ ਹਿਰਾਸਤ ਵਿਚ ਹੈ। ਗਲੋਬਲ ਨਿਊਜ਼ ਨੇ ਦੱਸਿਆ ਕਿ ਹੁਣ ਮੁਕੱਦਮੇ ਦੀ ਤਾਰੀਖ਼ ਤੈਅ ਕਰਨ ਲਈ ਉਸ ਦੇ 12 ਜੂਨ ਨੂੰ ਅਦਾਲਤ ਵਿਚ ਮੁੜ ਪੇਸ਼ ਹੋਣ ਦੀ ਉਮੀਦ ਹੈ। ਹਰਮਨਦੀਪ ਕੌਰ ਇਕ ਵਿਦਿਆਰਥਣ ਸੀ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਓਕਾਨਾਗਨ ਕੈਂਪਸ ਵਿਚ ਸੁਰੱਖਿਆ ਗਾਰਡ ਵਜੋਂ ਵੀ ਕੰਮ ਕਰਦੀ ਸੀ, ਜਦੋਂ ਉਸ 'ਤੇ ਜਾਨਲੇਵਾ ਹਮਲਾ ਹੋਇਆ ਸੀ। ਹਰਮਨਦੀਪ ਕੌਰ, ਜੋ ਕਿ ਭਾਰਤ ਤੋਂ ਆਈ ਸੀ, ਕੈਨੇਡਾ ਵਿਚ ਪੰਜ ਸਾਲਾਂ ਤੋਂ ਰਹਿ ਰਹੀ ਸੀ ਅਤੇ ਪੈਰਾਮੈਡਿਕ ਬਣਨ ਦੀ ਇੱਛਾ ਰੱਖਦੀ ਸੀ।

## ਚੰਡੀਗੜ੍ਹ ਦੀ ਅਦਾਲਤ ਵੱਲੋਂ ਬੇਅੰਤ ਸਿੰਘ ਕਤਲ ਦੇ ਦੋਸ਼ੀ ਗੁਰਮੀਤ ਸਿੰਘ ਨੂੰ ਜ਼ਮਾਨਤ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਗੁਰਮੀਤ ਸਿੰਘ ਨੂੰ ਚੰਡੀਗੜ੍ਹ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਚੀਫ਼ ਜੁਡੀਸ਼ਲ ਮੈਜਿਸਟਰੇਟ ਅਮਨਇੰਦਰ ਸਿੰਘ ਸੰਧੂ ਦੀ ਅਦਾਲਤ ਨੇ ਉਸ ਨੂੰ ਦੋ-ਦੋ ਲੱਖ ਰੁਪਏ ਦੀਆਂ ਜ਼ਮਾਨਤਾਂ ਭਰਨ ਲਈ ਕਿਹਾ। ਐਡਵੋਕੇਟ ਜਸਪਾਲ ਸਿੰਘ ਮੰਜਪੁਰ ਅਤੇ ਦਿਲਸ਼ੇਰ ਸਿੰਘ ਜੰਡਿਆਲਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਦੋਸ਼ੀ ਲਈ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਉਮਰ ਕੈਦ ਪੂਰੀ ਕਰ ਚੁੱਕੇ ਉਨ੍ਹਾਂ ਸਾਰੇ ਦੋਸ਼ੀਆਂ ਨੂੰ ਰੈਗੂਲਰ ਜ਼ਮਾਨਤ 'ਤੇ ਰਿਹਾਅ ਕੀਤਾ ਜਾਵੇ, ਜਿਨ੍ਹਾਂ ਦੀ ਪੱਕੀ ਰਿਹਾਈ ਦਾ ਮਾਮਲਾ ਸਮਰਥ ਅਧਿਕਾਰੀਆਂ ਕੋਲ ਫ਼ੈਸਲੇ ਦੀ ਉਡੀਕ 'ਚ ਹੋਵੇ। ਇਸ ਤੋਂ ਪਹਿਲਾਂ ਇੱਕ ਹੋਰ ਦੋਸ਼ੀ ਲਖਵਿੰਦਰ ਸਿੰਘ ਉਰਫ਼ ਲੱਖਾ ਮਈ ਵਿਚ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਗੁਰਮੀਤ 27 ਸਾਲਾਂ ਤੋਂ ਸਲਾਖਾਂ ਪਿੱਛੇ ਹੈ। ਇਸ ਵੇਲੇ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਗੁਰਮੀਤ ਨੇ ਇਸ ਆਧਾਰ 'ਤੇ ਰਿਹਾਈ ਦੀ ਮੰਗ ਕੀਤੀ ਕਿ ਉਹ ਜੇਲ੍ਹ ਵਿਚ 27 ਸਾਲ ਪੂਰੇ ਕਰ ਚੁੱਕਾ ਹੈ। ਉਸ ਨੇ ਦਲੀਲ ਦਿੱਤੀ ਕਿ ਉਸ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਕਈ ਹੋਰ ਉਮਰ ਕੈਦ ਦੇ ਦੋਸ਼ੀਆਂ ਨੂੰ 14 ਸਾਲ ਦੀ ਸਜ਼ਾ ਪੂਰੀ ਹੋਣ 'ਤੇ ਰਿਹਾਅ ਕੀਤਾ ਗਿਆ ਸੀ।

# ੯ਵਾਂ ੧ਓ ਨੈਸ਼ਨਲ ਗਤਕਾ ਕੱਪ ਸੀਚੇਵਾਲ ਵਿਖੇ ਪੂਰੀ ਸ਼ਾਨੋ ਸ਼ੌਕਤ ਨਾਲ ਹੋਇਆ ਸ਼ੁਰੂ : ਡਾਕਟਰ ਰਜਿੰਦਰ ਸੋਹਲ

■ **ਬਲਜਿੰਦਰ ਸਿੰਘ ਤੂਰ ਜਨਰਲ ਸਕੱਤਰ ਗਤਕਾ ਫੈਡਰੇਸ਼ਨ ਆਫ ਇੰਡੀਆ ਅਤੇ ਗਤਕਾ ਕੋਚ ਗੁਰਵਿੰਦਰ ਕੌਰ ਦੀ ਦੇਖ ਰੇਖ ਵਿਚ ਹੋ ਰਹੇ ਮੁਕਾਬਲੇ**



**ਚੰਡੀਗੜ੍ਹ, (ਹਰਦੇਵ ਚੌਹਾਨ/ ਪੰਜਾਬ ਮੇਲ)**- ਸ਼੍ਰੀਮਾਨ ਸੰਤ ਅਵਤਾਰ ਸਿੰਘ ਸੀਚੇਵਾਲ ਦੀ 35ਵੀਂ ਸਾਲਾਨਾ ਬਰਸੀ ਨੂੰ ਸਮਰਪਿਤ 9ਵਾਂ ੧ਓ ਨੈਸ਼ਨਲ ਗਤਕਾ ਕੱਪ ਨਿਰਮਲ ਕੁਟੀਆ, ਪਿੰਡ ਸੀਚੇਵਾਲ ਜ਼ਿਲ੍ਹਾ ਜਲੰਧਰ ਵਿਖੇ ਸ਼ਾਨੋ-ਸ਼ੌਕਤ ਨਾਲ ਸ਼ੁਰੂ ਹੋਇਆ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਰਜਿੰਦਰ ਸਿੰਘ ਸੋਹਲ ਨੇ ਦੱਸਿਆ ਕਿ ਇਸ ਕੱਪ ਦਾ ਉਦਘਾਟਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਪੰਜਾਬ ਦੇ ਪਾਰਲੀਮਾਨੀ ਮਾਮਲਿਆਂ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਕੈਬਨਿਟ ਮੰਤਰੀ ਸਰਦਾਰ ਬਲਕਾਰ ਸਿੰਘ ਨੇ ਕੀਤਾ।

ਬਲਜਿੰਦਰ ਸਿੰਘ ਤੂਰ ਜਨਰਲ ਸਕੱਤਰ ਗਤਕਾ ਫੈਡਰੇਸ਼ਨ ਆਫ ਇੰਡੀਆ ਅਤੇ ਗਤਕਾ ਕੋਚ ਗੁਰਵਿੰਦਰ ਕੌਰ ਦੀ ਦੇਖ-ਰੇਖ ਹੇਠ ਕਰਵਾਏ ਜਾ ਰਹੇ ਇਸ ਨੈਸ਼ਨਲ ਗਤਕਾ ਕੱਪ ਵਿਚ ਵੱਡੀ ਗਿਣਤੀ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਟੀਮਾਂ ਦੇ ਖਿਡਾਰੀ ਭਾਗ ਲੈ ਰਹੇ ਹਨ ਅਤੇ ਆਪਣੀ ਕਲਾ ਦੇ ਜੌਹਰ ਦਿਖਾ ਰਹੇ ਹਨ।

ਜ਼ਿਕਰਯੋਗ ਹੈ ਕਿ ਗਤਕੇ ਦੇ ਨੈਸ਼ਨਲ ਖੇਡਾਂ ਅਤੇ ਖੇਲੋ ਇੰਡੀਆ ਵਿਚ ਸ਼ਾਮਲ ਹੋਣ ਮਗਰੋਂ ਵੱਡੀ ਗਿਣਤੀ ਵਿਚ ਆਪਣੇ ਵਿਰਸੇ ਨੂੰ ਪਿਆਰ ਕਰਨ ਵਾਲੇ ਬੱਚੇ ਗਤਕੇ ਨਾਲ ਜੁੜ ਰਹੇ ਹਨ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ ਗਤਕੇ ਨੂੰ ਲੈ ਕੇ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗਤਕਾ ਸਾਡੇ ਗੁਰੂ ਸਾਹਿਬਾਨ ਦੀ ਕੀਮਤੀ ਦੇਣ ਹੈ। ਇਹ ਨਾ ਸਿਰਫ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਬਾਣੀ ਨਾਲ ਜੋੜਨ ਵਿਚ ਵੀ ਸਹਾਇਕ ਸਿੱਧ ਹੁੰਦਾ, ਬਲਕਿ ਖਿਡਾਰੀਆਂ ਨੂੰ ਅਨੁਸ਼ਾਸਨ ਵਿਚ ਰੱਖਣ ਵਿਚ ਵੀ ਸਹਾਈ ਹੈ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਬਲਕਾਰ ਸਿੰਘ ਨੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਪੰਜਾਬ ਗਤਕਾ ਐਸੋਸੀਏਸ਼ਨ ਦੀ ਯੋਗ ਰਹਿਨੁਮਾਈ ਹੇਠ ਗਤਕਾ ਖੇਡਣ ਵਾਲੇ ਬੱਚਿਆਂ ਦਾ ਭਵਿੱਖ ਵੀ ਸੁਰੱਖਿਅਤ ਹੱਥਾਂ ਵਿਚ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗਤਕਾ ਕੱਪ ਵੱਧ ਤੋਂ ਵੱਧ ਕਰਵਾਉਣ ਦੀ ਲੋੜ ਹੈ, ਤਾਂ ਜੋ ਉੱਚ ਕੋਟੀ ਦੇ ਖਿਡਾਰੀ ਤਿਆਰ ਕੀਤੇ ਜਾ ਸਕਣ।

ਸਫਾ 1 ਦਾ ਬਾਕੀ

## ਘੱਲੂਘਾਰਾ ਦਿਵਸ: ਜਥੇਦਾਰ ਵੱਲੋਂ ਸਿੱਖਾਂ ਨੂੰ ਅਕਾਲ ਤਖਤ...

ਕਾਰੋਬਾਰ ਅਤੇ ਵਪਾਰਕ ਅਦਾਰੇ ਬੰਦ ਹਨ। ਘੱਲੂਘਾਰਾ ਦਿਵਸ ਦੇ ਸਬੰਧ ਵਿਚ ਸਵੇਰੇ ਅਕਾਲ ਤਖ਼ਤ ਵਿਖੇ ਆਖੰਡ ਪਾਠ ਦੇ ਭੋਗ ਪਾਏ ਗਏ।

ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਆਪਣੇ ਤੌਰ 'ਤੇ ਵੱਖਰਾ ਸੰਦੇਸ਼ ਵੀ ਜਾਰੀ ਕੀਤਾ ਗਿਆ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਗੁਰਦੁਆਰਾ ਥੜ੍ਹਾ ਸਾਹਿਬ ਨੇੜੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਜਿਵੇਂ ਹੀ ਅਖੰਡ ਪਾਠ ਦਾ ਭੋਗ ਪਿਆ ਤਾਂ ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਹੋਰ ਨੌਜਵਾਨ ਸਿੱਖ ਜਥੇਬੰਦੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਪੁਲਿਸ ਵੱਲੋਂ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤੇ ਅਤੇ ਗੁਰਦੁਆਰਿਆਂ ਦੇ ਆਲੇ-ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ। ਹਰਿਮੰਦਰ ਸਾਹਿਬ ਦੇ ਕੈਂਪਸ ਵਿਚ ਵੀ ਵੱਡੀ ਗਿਣਤੀ 'ਚ ਚਿੱਟ ਕੱਪੜੀਏ ਪੁਲਿਸ ਮੁਲਾਜ਼ਮ ਤਾਇਨਾਤ ਰਹੇ।

# ਵਿਸ਼ਵ ਗੱਤਕਾ ਫੈਡਰੇਸ਼ਨ ਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਵਲੋਂ ਗੱਤਕੇ ਨੂੰ ਕੌਮੀ ਖੇਡਾਂ 'ਚ ਸ਼ਾਮਲ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ

■ **86 ਸਾਲ ਬਾਅਦ ਗੱਤਕਾ ਖੇਡ ਨੂੰ ਮਿਲਿਆ ਮਾਣ; ਦੁਬਾਰਾ ਕੌਮਾਂਤਰੀ ਖੇਡਾਂ 'ਚ ਸ਼ਾਮਲ ਹੋਇਆ**

■ **ਅਗਲਾ ਟੀਚਾ ਗੱਤਕੇ ਨੂੰ ਏਸ਼ੀਅਨ ਸੈਫ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ 'ਚ ਸ਼ਾਮਲ ਕਰਾਉਣਾ: ਡਾ. ਦੀਪ ਸਿੰਘ, ਅਮਰੀਕਾ**



ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ (ਅਮਰੀਕਾ)

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜੱਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਨੇ ਭਾਰਤ ਵਿਚ ਗੱਤਕਾ ਖੇਡ ਨੂੰ ਨੈਸ਼ਨਲ ਖੇਡਾਂ ਵਿਚ ਸ਼ਾਮਲ ਕਰਨ 'ਤੇ ਅਥਾਹ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਪ੍ਰਾਪਤੀ ਦਾ ਸਦਕਾ ਕੁੱਲ ਦੁਨੀਆਂ ਦੇ ਗੱਤਕਾ ਖਿਡਾਰੀਆਂ ਵਿਚ ਵੱਡੀ ਖੁਸ਼ੀ ਦੀ ਲਹਿਰ ਹੈ ਅਤੇ ਭਾਰਤ ਵਿਚ ਗੱਤਕਾ ਖੇਡ ਨੂੰ ਮਾਨਤਾ ਤੇ ਮਿਲੀ ਤਰੱਕੀ ਦਾ ਮਾਡਲ ਹੋਰਨਾਂ ਮੁਲਕਾਂ ਵਿਚ ਵੀ ਲਾਗੂ ਕਰਵਾਇਆ ਜਾਵੇਗਾ, ਤਾਂ ਜੋ ਇਸ ਮਾਣ-ਮੱਤੀ ਖੇਡ ਨੂੰ ਸਮੁੱਚੀ ਦੁਨੀਆਂ ਵਿਚ ਮਾਨਤਾ ਦਿਵਾ ਕੇ ਮਕਬੂਲ ਕੀਤਾ ਜਾ ਸਕੇ।

ਪ੍ਰੈੱਸ ਨਾਲ ਖੁਸ਼ੀ ਜ਼ਾਹਿਰ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨਿਊਯਾਰਕ (ਅਮਰੀਕਾ) ਨੇ ਦੱਸਿਆ ਕਿ ਉਲੰਪਿਕ ਕਮੇਟੀ ਵਲੋਂ ਲਗਭਗ 86 ਸਾਲ ਬਾਅਦ ਗੱਤਕਾ ਖੇਡ ਨੂੰ ਦੁਬਾਰਾ ਮਾਨਤਾ ਦੇਣਾ ਜਿੱਥੇ ਇਸ ਵਿਰਾਸਤੀ ਖੇਡ ਵਿਚ ਦੁਬਾਰਾ ਜਾਨ ਪਾਵੇਗੀ, ਉੱਥੇ ਹੀ ਇਸ ਖੇਡ ਨਾਲ ਜੁੜੀਆਂ ਫੈਡਰੇਸ਼ਨਾਂ, ਕੋਚਾਂ ਅਤੇ ਖਿਡਾਰੀਆ ਲਈ ਵੀ ਬਹੁਤ ਹੀ ਲਾਹੇਵੰਦ ਸਾਬਿਤ ਹੋਵੇਗੀ। ਇਸ ਮੌਕੇ ਜਿੱਥੇ ਉਨ੍ਹਾਂ ਵਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਮਾਨਤਾ ਪ੍ਰਾਪਤ ਨੈਸ਼ਨਲ ਗੱਤਕਾ ਐਸੋਸ਼ੀਏਸ਼ਨ ਆਫ ਇੰਡੀਆ, ਜੋ ਕਿ ਭਾਰਤ ਵਿਚ ਗੱਤਕਾ ਖੇਡ ਦੀ ਤਰੱਕੀ ਲਈ ਪੱਬਾਂ ਭਾਰ ਹੋ ਕੇ ਕੰਮ ਕਰ ਰਹੀ ਹੈ, ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੂੰ ਵਧਾਈ ਵੀ ਦਿੱਤੀ, ਉੱਥੇ ਹੀ ਉਨ੍ਹਾਂ ਵਲੋਂ ਉਲੰਪਿਕ ਐਸੋਸੀਏਸ਼ਨ ਦਾ ਧੰਨਵਾਦ ਵੀ ਕੀਤਾ ਗਿਆ। ਉਨ੍ਹਾਂ ਵਿਰਾਸਤੀ ਖੇਡ ਦੇ ਮਾਣ-ਮੱਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆਂ ਕਿ ਗੱਤਕਾ ਖੇਡ ਸੰਨ 1936 ਵਿਚ ਅਣਵੰਡੇ ਪੰਜਾਬ ਦੀ ਲਾਹੌਰ ਯੂਨੀਵਰਸਿਟੀ (ਹੁਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਿਚ ਬਤੌਰ ਯੂਨੀਵਰਸਟੀ ਦੇ ਖੇਡ ਕੈਲੰਡਰ ਦਾ ਹਿੱਸਾ ਹੋਇਆ ਕਰਦੀ ਸੀ। ਉਸ ਸਮੇਂ ਦੀ ਸਚਿੱਤਰ ਰੂਲ-ਬੁੱਕ (ਇੰਗਲਿਸ਼ ਵਿਚ) ਸ. ਕੇ.ਐੱਸ. ਅਕਾਲੀ, ਖੇਡ ਡਾਇਰੈਕਟਰ, ਆਰ.ਐੱਸ.ਡੀ. ਕਾਲਜ, ਫਿਰੋਜਪੁਰ, ਪੰਜਾਬ ਰਾਜ ਵਲੋਂ ਲਿਖੀ ਗਈ ਸੀ, ਜੋ ਕਿ ਉਸ ਸਮੇਂ ਯੂਨੀਵਰਸਿਟੀ ਅਤੇ ਕਾਲਜਾਂ ਵਿਚ ਹੋਣ ਵਾਲੇ ਗੱਤਕਾ ਖੇਡ ਦੇ ਮੁਕਾਬਲਿਆਂ ਵਿਚ ਅਧਿਕਾਰਿਤ ਤੌਰ 'ਤੇ ਵਰਤੀ ਜਾਂਦੀ ਰਹੀ ਹੈ। (ਫੋਟੋ ਨਾਲ ਨੱਥੀ)


ਅੱਗੇ ਦੱਸਦਿਆਂ ਉਨ੍ਹਾਂ ਚਾਨਣਾ ਪਾਇਆ ਕਿ ਵਿਸ਼ਵ ਗੱਤਕਾ ਫੈਡਰੇਸ਼ਨਨ ਵਲੋਂ ਗੱਤਕਾ ਖੇਡ ਨੂੰ ਪ੍ਰਫੁੱਲਿਤ ਅਤੇ ਕੁੱਲ ਦੁਨੀਆਂ ਤੱਕ ਪ੍ਰਚਾਰਨ ਹਿੱਤ ਰੋਡ ਮੈਪ ਉਲੀਕਦਿਆਂ ਇੱਕ "ਵਿਜਨ ਡਾਕੂਮੈਂਟ-2030" ਵੀ ਤਿਆਰ ਕੀਤਾ ਗਿਆ ਹੈ। ਜਿਸ ਤਹਿਤ ਅਗਲਾ ਟੀਚਾ ਗੱਤਕਾ ਖੇਡ ਨੂੰ ਏਸ਼ੀਆਡ, ਸ਼ੈਫ ਗੇਮਜ਼ ਤੇ ਰਾਸ਼ਟਰਮੰਡਲ ਖੇਡਾਂ ਵਿਚ ਸ਼ਾਮਲ ਕਰਾਉਣਾ ਹੈ ਕਿਉਂਕਿ ਗੱਤਕਾ ਖੇਡ ਦੇ ਹਾਣ ਦੀਆਂ ਖੇਡਾਂ ਪਹਿਲਾਂ ਹੀ ਉਪਰੋਕਤ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿਚ ਸ਼ਾਮਲ ਹੋ ਚੁੱਕੀਆਂ ਹਨ। ਉਨ੍ਹਾਂ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਵੱਖ-ਵੱਖ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਅਤੇ ਮੁੱਖ ਤੌਰ 'ਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਸਮੂਹ ਅਹੁਦੇਦਾਰਾਂ, ਕੋਚਾਂ ਅਤੇ ਖਿਡਾਰੀਆਂ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਉਨ੍ਹਾਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸ. ਲਵਪ੍ਰੀਤ ਸਿੰਘ ਅਮਨ (ਇੰਟਰਨੈਸ਼ਨਲ ਰੈਫਰੀ ਕੌਸ਼ਲ ਦੇ ਸੀਨੀਅਰ ਰੈਫਰੀ ਕੈਨੇਡਾ), ਸ. ਕਲਵਿੰਦਰ ਸਿੰਘ ਰਾਏ (ਵਾਇਸ ਪ੍ਰਧਾਨ ਗੱਤਕਾ ਫੈਡਰੇਸ਼ਨ ਯੂ.ਐੱਸ.ਏ ਕੈਲੀਫੋਰਨੀਆ), ਸ. ਗਗਨਦੀਪ ਸਿੰਘ ਬਰੇਲੀ (ਨਿਊਯਾਰਕ), ਸ. ਸੁਜਾਨ ਸਿੰਘ ਤੇ ਸ. ਜਸਕੀਰਤ ਸਿੰਘ, ਸ. ਬਲਜਿੰਦਰ ਸਿੰਘ (ਸਾਰੇ ਸੀਨੀਅਰ ਕੋਚ) ਅਤੇ ਬੀਬਾ ਸਰਬਜੀਤ ਕੌਰ ਵੀ ਹਾਜ਼ਰ ਸਨ।




# ਕਰੋਨਾ ਕਾਲ ਦੀ ਸੁਚੱਜੀ ਪੇਸ਼ਕਾਰੀ ਦਾ ਬਿਰਤਾਂਤ 'ਜ਼ਹਿਰ ਮਹੁਰਾ'

**ਜਸਵੰਤ ਕੌਰ ਮਣੀ**
ਖੋਜਾਰਥੀ ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਮੋਬਾਇਲ : 98888-70822
(Punjab Mail USA)

**ਲੇਖਕ - ਡਾ.ਬਰਿੰਦਰ ਕੌਰ**
**ਪ੍ਰਕਾਸ਼ਕ -ਸਪਤਰਿਸ਼ੀ ਪਬਲੀਕੇਸ਼ਨਜ਼ ਚੰਡੀਗੜ੍ਹ,**
**ਕੁੱਲ ਪੰਨੇ- 115. ਕੀਮਤ-150**







ਡਾ. ਬਰਿੰਦਰ ਕੌਰ ਦਾ ਨਾਵਲ ਜ਼ਹਿਰ ਮਹੁਰਾ ਕਰੋਨਾ ਤਾਲਾਬੰਦੀ ਦੌਰਾਨ ਦੀ ਸਿਰਜਣ ਪ੍ਰਕਿਰਿਆ ਦਾ ਇੱਕ ਵੱਖਰਾ ਤੇ ਨਿਵੇਕਲਾ ਨਮੂਨਾ ਹੈ, ਜਿਸ ਵਿਚ ਤਾਲਾਬੰਦੀ ਦੇ ਸਮੇਂ ਦਾ ਸੁਚੱਜਾ ਤੇ ਸਿਰਜਣਾਤਮਕ ਪ੍ਰਯੋਗ ਉੱਭਰਦਾ ਦਿਖਾਈ ਦਿੰਦਾ ਹੈ। ਇਸ ਪੁਸਤਕ ਦੀ ਵਿਧਾ ਨਾਵਲ ਹੈ। ਇਸ ਪੁਸਤਕ ਤੋਂ ਪਹਿਲਾਂ ਉਨ੍ਹਾਂ ਦੀਆਂ ਕਾਫ਼ੀ ਖੋਜ ਪੁਸਤਕਾਂ ਭਾਸ਼ਾ, ਲੋਕਧਾਰਾ ਅਤੇ ਸੱਭਿਆਚਾਰ ਨਾਲ ਸੰਬੰਧਤ ਆ ਚੁੱਕੀਆਂ ਹਨ। 12 ਕਾਂਡਾਂ ਵਿਚ ਲਿਖੇ ਇਸ ਨਾਵਲ ਦਾ ਮੁੱਖ ਥੀਮ ਕਰੋਨਾ ਮਹਾਂਮਾਰੀ ਸਮੇਂ ਹੋਈ ਤਾਲਾਬੰਦੀ ਦੇ ਸਮੇਂ ਦੇ ਸਹਿਮ, ਇਸ ਸਮੇਂ ਦੌਰਾਨ ਪੇਸ਼ ਹੋਈਆ ਸਮਾਜਿਕ, ਆਰਥਿਕ, ਵਿੱਦਿਅਕ ਆਦਿ ਸਮੱਸਿਆਵਾਂ ਅਤੇ ਇਨ੍ਹਾਂ ਖੇਤਰਾਂ 'ਤੇ ਪਏ ਪ੍ਰਭਾਵਾਂ ਨੂੰ ਵੀ ਬਿਆਨ ਕਰਦਾ ਹੈ। ਹਰ ਦਿਨ ਦੇ ਬਦਲਦੇ-ਉੱਭਰਦੇ ਕਰੋਨਾ ਪੀੜਤ ਅੰਕੜੇ ਅਤੇ ਇਨ੍ਹਾਂ ਲਈ ਹੁੰਦੇ ਨਿੱਤ ਦਿਨ ਦੇ ਨਿਵੇਕਲੇ ਇਲਾਜਾਂ ਕਾਰਨ ਕਿਤੇ-ਕਿਤੇ ਵਿਅੰਗਮਈ ਸਥਿਤੀ ਵੀ ਉਪਜਦੀ ਦਿਖਾਈ ਦਿੰਦੀ ਹੈ। ਭਵਿੱਖੀ ਖੋਜ ਲਈ ਇਹ ਅੰਕੜੇ ਸਹਾਇਤਾ ਪ੍ਰਦਾਨ ਸਮੱਗਰੀ ਸਮੋਈ ਬੈਠੇ ਹਨ। ਕਰੋਨਾ ਸੰਕਟ ਦੌਰਾਨ ਆਏ ਪਰਿਵਰਤਨਾਂ ਅਤੇ ਸਮੱਸਿਆਵਾਂ ਨੂੰ ਪ੍ਰਗਟਾਉਣ ਦੇ ਨਾਲ-ਨਾਲ ਇਹ ਨਾਵਲ ਇਸ ਮਹਾਂਮਾਰੀ ਦੌਰਾਨ ਵਾਪਰੇ ਕੁਝ ਸਾਕਾਰਾਤਮਕ ਪੱਖਾਂ ਜਿਵੇਂ ਮਨੁੱਖਤਾ ਦੀ ਸੇਵਾ, ਵਾਤਾਵਰਣਿਕ ਸ਼ੁੱਧਤਾ, ਸੁਚੱਜੀ ਜ਼ਿੰਦਗੀ ਜਿਊਣ ਦੇ ਆਚਾਰ-ਵਿਹਾਰ ਆਦਿ ਨੂੰ ਵੀ ਬਿਆਨ ਕਰਦਾ ਹੈ। ਇਸ ਨਾਵਲ ਦੀ ਭੂਮਿਕਾ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜ਼ੇ ਸਾਹਿਤਕਾਰ ਮਨਮੋਹਨ ਨੇ ਲਿਖੀ ਹੈ। ਨਾਵਲ ਬਿਰਤਾਂਤ ਵਿਧਾ ਵਿਚ ਲਿਖੀ ਇਸ ਪੁਸਤਕ ਜ਼ਰੀਏ ਡਾ. ਬਰਿੰਦਰ ਕੌਰ ਨੇ ਵੱਖ-ਵੱਖ ਵਿਦਵਾਨਾਂ ਦੇ ਸੰਦਰਭ ਰਾਹੀਂ ਤਾਲਾਬੰਦੀ ਦੌਰਾਨ ਉਪਜੀ ਸਾਹਿਤ ਸਿਰਜਣਾ ਅਤੇ ਗਿਆਨ ਵਿਗਿਆਨ ਦੇ ਹੋਰਨਾਂ ਖੇਤਰਾਂ ਵਿਚ ਹੋਈਆਂ ਖੋਜਾਂ ਨੂੰ ਵੀ ਬਿਆਨ ਕੀਤਾ ਹੈ। ਇਸੇ ਤਹਿਤ ਹੀ ਤਾਲਾਬੰਦੀ ਦੇ ਸਮੇਂ ਵੱਖ-ਵੱਖ ਵਿਦਵਾਨਾਂ ਦੀਆਂ ਸਿਰਜਣਾਵਾਂ ਦੇ ਸੰਦਰਭ ਰਾਹੀਂ ਆਪਣੇ ਖ਼ੁਦ ਦੇ ਏਕਾਂਤਵਾਸ ਵਿਚੋਂ ਪੈਦਾ ਹੋਈ ਸਿਰਜਣਾ ਜ਼ਹਿਰ ਮਹੁਰਾ ਨੂੰ ਵੀ ਇਸੇ ਦਾ ਹੀ ਸਿੱਟਾ ਦੱਸਦੇ ਹਨ। ਜ਼ਹਿਰ ਮਹੁਰਾ ਕੋਵਿਡ 19 ਨੂੰ ਕਿਹਾ ਗਿਆ ਹੈ। ਇਸਦੇ ਸਿਰਲੇਖ ਨੂੰ ਸਪੱਸ਼ਟ ਕਰਦੇ ਹੋਏ ਲੇਖਿਕਾ ਲਿਖਦੀ ਹੈ ਕਿ "ਅੱਜ ਤਾਂ ਅਜੇ ਤੀਸਰਾ ਹੀ ਦਿਨ ਹੈ ਜ਼ਹਿਰ ਮਹੁਰੇ ਦਾ। ਹੈਰਾਨ ਨਾ ਹੋਵੋ ਕਿਉਂਕਿ ਮੈਂ ਕਰੋਨਾ ਵਾਇਰਸ ਨੂੰ ਇਹ ਨਾਮ ਦਿੱਤੈ....। ਜ਼ਹਿਰ ਦੀ ਸੰਗਯਾ ਕ੍ਰੋਧ ਹੈ ਅਤੇ ਮਹੁਰਾ ਤੋਂ ਭਾਵ ਵੀ ਵਿਸ਼ੈਲਾ ਜਾਂ ਵਿੱਖ ਭਰਿਆ ਹੈ। ਇਸ ਲਈ ਜ਼ਿਹਨ 'ਚ ਵਾਰ-ਵਾਰ ਇਹ ਵਾਇਰਸ ਗੁੱਸੇ ਵਾਲਾ, ਕ੍ਰੋਧੀ ਸੁਭਾਅ ਦਾ ਵਿਸ਼ੈਲਾ ਭਾਵ ਰੱਖਣ ਕਰਕੇ ਇਹ ਨਾਮ ਵਾਰ-ਵਾਰ ਘੁੰਮ ਰਿਹਾ ਹੈ ਜਾਂ ਸ਼ਾਇਦ ਇਸ ਲਈ ਇਸ ਵਾਸਤੇ ਲਗਭਗ ਸਾਡੇ ਘਰਾਂ ਵਿਚ ਜ਼ਹਿਰੀਲੇ ਜਨੌਰਾਂ ਜਿਵੇਂ ਕੋਹੜ, ਕਿਰਲੀਆਂ ਅਤੇ ਸੱਪਾਂ ਤੋਂ ਬਚਾਓ ਲਈ ਘਰਾਂ ਵਿਚ ਮੋਰ ਦੇ ਪੰਖਾਂ ਨੂੰ ਰੱਖਿਆ ਜਾਂਦਾ ਸੀ। "ਮਨਮੋਹਨ ਦੇ ਸ਼ਬਦਾਂ ਅਨੁਸਾਰ, "ਜ਼ਹਿਰ ਮਹੁਰਾ' ਦੇ ਬਿਰਤਾਂਤਕ ਪੈਰਾਡਾਇਮ 'ਚ ਕਈ ਪ੍ਰਬਲ ਮੋਟਿਫ਼ ਹਨ ਪਰ ਸਭ ਤੋਂ ਵੱਧ ਪ੍ਰਬਲ ਮੋਟਿਫ਼ ਮੌਤ ਜਾਂ ਮੌਤ ਦੇ ਭੈਅ ਦਾ ਹੈ। ਮਹਾਂਮਾਰੀਆਂ 'ਚ ਮੌਤ ਬਹੁਤ ਵਿਕਰਾਲ ਰੂਪ 'ਚ ਹਰ ਮਨੁੱਖ ਮੂਹਰੇ ਦਰਪੇਸ਼ ਹੁੰਦੀ ਹੈ। ਇਹ ਮੌਤ ਦਾ ਮੋਟਿਫ਼ ਲਗਾਤਾਰ ਬਿਰਤਾਂਤ ਦੀ ਭਾਸ਼ਾ ਦੇ ਆਰ-ਪਾਰ ਫੈਲਦਾ ਹੈ।" ਗੁਰਬਾਣੀ ਦੀਆਂ ਤੁਕਾਂ ਇਸ ਸਮੇਂ ਵਿਚਰਦੇ ਮੌਤ ਦੇ ਭੈਅ ਅਤੇ ਸਹਿਜਮਈ ਜੀਵਨ ਜਿਉਣ ਲਈ ਬਲ ਬਖ਼ਸ਼ਦੀਆਂ ਹਨ। ਉੱਤਮ ਪੁਰਖੀ ਸ਼ੈਲੀ ਵਿਚ ਲਿਖੀ ਇਹ ਪੁਸਤਕ ਆਪਣੇ ਆਪ ਵਿਚ ਇੱਕ ਨਿਵੇਕਲੀ ਸਾਹਿਤਕ ਵਿਧਾ ਦੀ ਉਸਾਰੀ ਕਰਦੀ ਹੈ। ਨਾਵਲ ਵਿਚਲੀ ਸ਼ੇਅਰੋ ਸ਼ੇਅਰੀ ਕਿਤੇ-ਕਿਤੇ ਇਸ ਵਿਚ ਵੱਖਰਾ ਰਸ ਘੋਲਦੀ ਪ੍ਰਤੀਤ ਹੁੰਦੀ ਹੈ,

ਸਲਾਮਤ ਰਹੇ ਵੋ ਸ਼ਹਿਰ ਜਿਸ ਮੇ ਤੁਮ ਬਸੇ ਹੋ

ਇਕ ਤੁਮਹਾਰੀ ਖ਼ਾਤਿਰ ਹਮ ਪੂਰੇ ਸ਼ਹਿਰ ਕੋ ਦੁਆ ਦੇਤੇ ਹੈ.....

ਸਫਾ 1 ਦਾ ਬਾਕੀ

## 2022 'ਚ 72.6 ਫ਼ੀਸਦੀ ਭਾਰਤੀਆਂ ਨੇ ਹਾਸਲ ਕੀਤੇ...

2.91 ਲੱਖ ਸੀ ਜਾਂ ਕੁੱਲ ਪ੍ਰਵਾਨਿਤ ਅਰਜ਼ੀਆਂ ਦਾ 66% ਸੀ। ਪ੍ਰਵਾਨਿਤ ਪਟੀਸ਼ਨਾਂ ਵਾਲੇ ਲਾਭਪਾਤਰੀਆਂ ਦਾ ਔਸਤ ਮੁਆਵਜ਼ਾ ਵਿੱਤੀ ਸਾਲ 2021 ਵਿਚ 108,000 ਡਾਲਰ ਤੋਂ ਵਿੱਤੀ ਸਾਲ 2022 ਵਿਚ 118,000 ਡਾਲਰ ਹੋ ਗਿਆ, ਜਿਸ ਵਿਚ 9.3% ਦਾ ਵਾਧਾ ਹੋਇਆ।

ਅਮਰੀਕਾ ਵਿਚ 'ਸ਼ੁਰੂਆਤੀ ਰੁਜ਼ਗਾਰ' ਲਈ ਐੱਚ-1ਬੀ ਵੀਜ਼ਾ ਅਰਜ਼ੀਆਂ ਦਾਇਰ ਕੀਤੀਆਂ ਜਾਂਦੀਆਂ ਹਨ। ਵਿੱਤੀ ਸਾਲ 2022 ਵਿਚ ਸ਼ੁਰੂਆਤੀ ਰੁਜ਼ਗਾਰ ਲਈ ਲਗਭਗ 1.32 ਲੱਖ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ, ਜਦੋਂ ਕਿ ਪਿਛਲੇ ਵਿੱਤੀ ਸਾਲ ਵਿਚ ਇਹ 1.23 ਲੱਖ ਸੀ। 2022 ਦੇ ਅਖੀਰ ਅਤੇ 2023 ਦੇ ਪਹਿਲੇ ਕੁਝ ਮਹੀਨਿਆਂ ਵਿਚ ਛਾਂਟੀ ਦੀ ਇੱਕ ਲੜੀ ਦੇਖੀ ਗਈ ਹੈ, ਜੋ ਅਗਲੇ ਸਾਲ ਦੀ ਰਿਪੋਰਟ ਵਿਚ ਪ੍ਰਤੀਬਿੰਬਤ ਹੋਵੇਗੀ। ਇਹ ਧਿਆਨਦੇਣ ਯੋਗ ਹੈ ਕਿ ਜਦੋਂ ਕਿ ਐੱਚ-1ਬੀ ਵੀਜ਼ਾ ਅਲਾਟਮੈਂਟ ਲਈ 85,000 ਦਾ ਸਾਲਾਨਾ ਕੋਟਾ ਹੈ, ਉੱਥੇ ਕੁਝ ਸ਼੍ਰੇਣੀਆਂ ਜਿਵੇਂ ਕਿ ਉੱਚ ਸਿੱਖਿਆ ਨਾਲ ਜੁੜੇ ਰੁਜ਼ਗਾਰਦਾਤਾਵਾਂ ਨੂੰ ਕੈਪ ਤੋਂ ਛੋਟ ਦਿੱਤੀ ਗਈ ਹੈ, ਨਤੀਜੇ ਵਜੋਂ ਨਵੀਆਂ ਨੌਕਰੀਆਂ ਲਈ ਐੱਚ-1ਬੀ ਵੀਜ਼ਾ ਦੀ ਮਨਜ਼ੂਰੀ ਦਾ ਅੰਕੜਾ ਉੱਚਾ ਹੈ। 4.41 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਉਨ੍ਹਾਂ ਲੋਕਾਂ ਦਾ ਇੱਕ ਮਹੱਤਵਪੂਰਨ ਹਿੱਸਾ ਬਣੇ ਰਹੇ, ਜਿਨ੍ਹਾਂ ਨੇ ਸਫਲਤਾਪੂਰਵਕ ਐੱਫ-1 ਤੋਂ ਐੱਚ-1ਬੀ ਵੀਜ਼ਾ ਵਿਚ ਤਬਦੀਲੀ ਕੀਤੀ।

ਵਿੱਤੀ ਸਾਲ 2022 ਦੌਰਾਨ ਭਾਰਤ ਵਿਚ ਜਨਮੇ ਲਗਭਗ 77,673 ਵਿਅਕਤੀਆਂ ਨੇ ਨਵੇਂ ਰੁਜ਼ਗਾਰ ਲਈ ਐੱਚ-1ਬੀ ਵੀਜ਼ਾ ਪ੍ਰਾਪਤ ਕੀਤਾ (ਜੋ ਕੁੱਲ ਦਾ 58.7% ਹੈ)। ਇਹ ਚੀਨ ਵਿਚ ਪੈਦਾ ਹੋਏ ਦੇ ਅੰਕੜੇ 18,911 (ਜਾਂ ਕੁੱਲ ਦਾ 14,3%) ਹਨ। ਵਿੱਤੀ ਸਾਲ 2021 ਦੌਰਾਨ ਭਾਰਤੀਆਂ ਨੇ ਸ਼ੁਰੂਆਤੀ ਰੁਜ਼ਗਾਰ ਲਈ 75,858 (61.5%) ਵੀਜ਼ੇ ਪ੍ਰਾਪਤ ਕੀਤੇ ਸਨ। ਚੀਨੀਆਂ ਨੇ ਅਜਿਹੇ 15.2% ਵੀਜ਼ੇ ਪ੍ਰਾਪਤ ਕੀਤੇ ਸਨ।

ਸਫਾ 1 ਦਾ ਬਾਕੀ

## ਅਮਰੀਕੀ ਸਰਕਾਰ ਵੱਲੋਂ ਗੈਰ ਕਾਨੂੰਨੀ ਤੌਰ 'ਤੇ ਆਉਣ...

ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਕੀਤਾ ਹੈ, ਜਿਨ੍ਹਾਂ ਦੀ ਗਿਣਤੀ 72,177 ਦੇ ਕਰੀਬ ਹੈ।

ਈ.ਆਰ.ਓ., ਨਿਆਂ ਵਿਭਾਗ ਦੇ ਇਮੀਗ੍ਰੇਸ਼ਨ ਸਮੀਖਿਆ ਲਈ ਕਾਰਜਕਾਰੀ ਦਫ਼ਤਰ ਦੇ ਨਾਲ ਇਮੀਗ੍ਰੇਸ਼ਨ ਜੱਜਾਂ ਦੇ ਆਦੇਸ਼ਾਂ ਸਮੇਤ, ਅਮਰੀਕਾ ਵਿਚ ਰਹਿਣ ਲਈ ਕਾਨੂੰਨੀ ਆਧਾਰ ਤੋਂ ਬਿਨਾਂ ਵਿਅਕਤੀਆਂ ਨੂੰ ਹਟਾਉਣ ਦਾ ਸੰਚਾਲਨ ਕਰਦਾ ਹੈ। ਹਟਾਉਣ ਦੀ ਕਾਰਵਾਈ ਵਿਚ ਰੱਖੇ ਗਏ ਗੈਰ-ਨਾਗਰਿਕਾਂ ਨੂੰ ਇਮੀਗ੍ਰੇਸ਼ਨ ਅਦਾਲਤਾਂ ਵਿਚ ਇਮੀਗ੍ਰੇਸ਼ਨ ਜੱਜਾਂ ਤੋਂ ਉਨ੍ਹਾਂ ਦੀ ਬਣਦੀ ਪ੍ਰਕਿਰਿਆ ਪ੍ਰਾਪਤ ਹੁੰਦੀ ਹੈ, ਜੋ ਕਿ ਈ.ਓ.ਆਈ.ਆਰ. ਦੁਆਰਾ ਕੰਟਰੋਲ ਕੀਤੀਆਂ ਜਾਂਦੀਆਂ ਹਨ। ਸੰਚਾਲਨ ਸੁਰੱਖਿਆ ਕਾਰਨਾਂ ਕਰਕੇ, ਆਈ.ਸੀ.ਈ. ਭਵਿੱਖ ਜਾਂ ਲੰਬਿਤ ਆਵਾਜਾਈ ਕਾਰਜਾਂ ਦੀ ਪੁਸ਼ਟੀ ਜਾਂ ਚਰਚਾ ਨਹੀਂ ਕਰਦਾ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਸਰਕਾਰ ਵੱਲੋਂ ਹੁਣ ਬਾਰਡਰ 'ਤੇ ਕਾਫੀ ਸਖਤੀ ਦੇਖਣ ਨੂੰ ਮਿਲ ਰਹੀ ਹੈ, ਜਿਸ ਕਰਕੇ ਸਰਕਾਰ ਵੱਲੋਂ ਇਹ ਵਿਸ਼ੇਸ਼ ਕਦਮ ਉਠਾਏ ਗਏ ਹਨ।

ਸਫਾ 1 ਦਾ ਬਾਕੀ

## ਕੈਲੀਫੋਰਨੀਆ ਸੈਨੇਟ ਵੱਲੋਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ...

18 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਵਿਚ ਸਾਰੇ ਸਵਾਰੀਆਂ ਲਈ ਇੱਕ ਯੂਨੀਵਰਸਲ ਹੈਲਮੇਟ ਕਾਨੂੰਨ ਹੈ। 29 ਰਾਜਾਂ ਵਿਚ ਖਾਸ ਸਵਾਰੀਆਂ ਲਈ ਇੱਕ ਨਿਸ਼ਚਿਤ ਉਮਰ (18 ਜਾਂ 21) ਤੋਂ ਬਾਅਦ ਹੈਲਮੇਟ ਦੀ ਲੋੜ ਹੁੰਦੀ ਹੈ। ਸਿਰਫ਼ ਇਲੀਨੋਇਸ, ਆਇਓਵਾ ਅਤੇ ਨਿਊ ਹੈਂਪਸ਼ਾਇਰ ਵਿਚ ਮੋਟਰਸਾਈਕਲ ਹੈਲਮੇਟ ਕਾਨੂੰਨ ਨਹੀਂ ਹਨ।

**ਕੈਨੇਡਾ ਵਿਚ ਵੀ ਸਿੱਖਾਂ ਨੂੰ ਮਿਲੀ ਛੋਟ :** ਸਿੱਖਾਂ ਲਈ ਹੈਲਮੇਟ 'ਤੇ ਛੋਟ ਦੇਣ ਸਬੰਧੀ ਕੈਨੇਡਾ ਅਤੇ ਯੂ.ਕੇ. ਵਰਗੇ ਹੋਰ ਦੇਸ਼ਾਂ ਵਿਚ ਵੀ ਵਿਚਾਰ-ਚਰਚਾ ਜਾਰੀ ਹੈ। ਕੈਨੇਡਾ ਵਿਚ ਸਿੱਖਾਂ ਨੂੰ ਅਲਬਰਟਾ, ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ ਅਤੇ ਓਨਟਾਰੀਓ ਸਮੇਤ ਕਈ ਸੂਬਿਆਂ ਵਿਚ ਮੋਟਰਸਾਈਕਲ ਹੈਲਮੇਟ ਕਾਨੂੰਨਾਂ ਤੋਂ ਛੋਟ ਹੈ। ਬਿੱਲ ਦੇ ਸਮਰਥਕਾਂ ਵਿਚ ਲੀਜੈਂਡਰੀ ਸਿੱਖ ਰਾਈਡਰਜ਼, ਸਿੱਖ ਲੈਜੈਂਡਜ਼ ਆਫ ਅਮਰੀਕਾ ਅਤੇ ਸਿੱਖ ਸੇਂਟਸ ਮੋਟਰਸਾਈਕਲ ਕਲੱਬ ਸ਼ਾਮਲ ਹਨ।

ਸਫਾ 1 ਦਾ ਬਾਕੀ

## ਟੈਕਸਾਸ ਤੋਂ ਇਕ ਨਿੱਜੀ ਜਹਾਜ਼ 20 ਪ੍ਰਵਾਸੀਆਂ ਨੂੰ...

ਕੈਲੀਫੋਰਨੀਆ ਅਟਾਰਨੀ ਜਨਰਲ ਰਾਬ ਬੋਨਟਾ ਦੀ ਸਪੋਕਸਪਰਸਨ ਤਾਰਾ ਗਾਲਗੋਸ ਅਨੁਸਾਰ 20 ਪ੍ਰਵਾਸੀਆਂ ਕੋਲ ਜਿਹੜੇ ਕਾਗਜ਼-ਪੱਤਰ ਹਨ, ਉਸ ਤੋਂ ਪਤਾ ਲੱਗਾ ਹੈ ਕਿ ਇਹ ਪ੍ਰਵਾਸੀ ਫਲੋਰਿਡਾ ਤੋਂ ਆਏ ਹਨ। ਉਨ੍ਹਾਂ ਕਿਹਾ ਕਿ ਅਟਾਰਨੀ ਜਨਰਲ ਦੇ ਦਫਤਰ ਵਲੋਂ ਇਨ੍ਹਾਂ ਪ੍ਰਵਾਸੀਆਂ ਦੇ ਦੇਸ਼ ਸਮੇਤ ਹੋਰ ਵੇਰਵੇ ਇੱਕਠੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰੰਤੂ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਜੋ ਜਹਾਜ਼ ਕੈਲੀਫੋਰਨੀਆ ਲੈ ਕੇ ਆਇਆ ਹੈ, ਉਸ ਨੂੰ ਚਲਾਉਣ ਵਾਲਾ ਠੇਕੇਦਾਰ ਉਹ ਹੀ ਹੈ, ਜਿਸ ਨੇ ਪਿਛਲੇ ਸ਼ੁੱਕਰਵਾਰ ਇਕ ਚਾਰਟਡ ਉਡਾਣ ਰਾਹੀਂ 16 ਪ੍ਰਵਾਸੀ ਕੈਲੀਫੋਰਨੀਆ ਭੇਜੇ ਸਨ।



‘ਬਾਗਬਾਂ ਨੇ ਆਗ ਦੀ ਜਬ ਆਸ਼ਿਆਨੇ ਕੋ ਮਿਰੇ, ਜਿਨ ਪੇ ਤਕੀਆ ਥਾ ਵਹੀ ਪੱਤੇ ਹਵਾ ਦੇਨੇ ਲਗੇ’

# ਧਰਮ ਯੁੱਧ ਮੋਰਚੇ ਤੋਂ ਭਰਮ ਬੁੱਧ ਦਾ ਇਹ ਸਫਰ !

ਕੁਲਵੰਤ ਸਿੰਘ ਢੇਸੀ
ਯੂ.ਕੇ.
kulwantsinghdhesi@hotmail.com



1966 ਵਿਚ ਕਿਸੇ ਨੇ ਨਹੀਂ ਸੋਚਿਆ ਹੋਣਾ ਕਿ ਪੰਜਾਬੀ ਬੋਲੀ ਦੇ ਆਧਾਰ ’ਤੇ ਬਣੇ ਪੰਜਾਬੀ ਸੂਬੇ ਵਿਚ 2023 ਵਿਚ ਸਿੱਖਾਂ ਦੇ ਰਾਜਨੀਤਿਕ ਹਾਲਾਤ ਕੀ ਹੋਣਗੇ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਵੇਲੇ ਸੰਘਰਸ਼ ਕਰ ਰਹੇ ਸਿੱਖ ਆਗੂਆਂ ਦਾ ਆਦਰਸ਼ ਸਿੱਖਾਂ ਦੇ ਬੋਲਬਾਲੇ ਦਾ ਤਾਂ ਸੀ ਪਰ ਉਨ੍ਹਾਂ ਨੂੰ ਇਹ ਅਹਿਸਾਸ ਨਾ ਸੀ ਕਿ ਜਿਨ੍ਹਾਂ ਆਗੂਆਂ ਨੇ ਅੱਗੇ ਜਾ ਕੇ ਸਿੱਖ ਰਾਜਨੀਤੀ ਦੀ ਅਗਵਾਈ ਕਰਨੀ ਹੈ, ਉਹ ਸਿੱਖਾਂ ਦੇ ਬੋਲ-ਬਾਲੇ ਵਿਚ ਆਪਣੇ ਰਾਜ ਭਾਗ ਨੂੰ ਮਾਣਦੇ ਹੋਏ ਸਿੱਖੀ ਦੇ ਬੋਲਬਾਲੇ ਨੂੰ ਛੱਡ ਜਾਣਗੇ। ਜਿਸ ਵੇਲੇ ਕੁਨਬਾਪ੍ਰਵਰੀ ਵਾਲੀ ਅਤੇ ਭਾਈ ਭਤੀਜਾਵਾਦ ਵਾਲੀ ਅਕਾਲੀ ਦਲ ਦੀ ਖ਼ੁਦਗਰਜ਼ ਰਾਜਨੀਤੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਨੂੰ ਆਪਣੇ ਤੰਗ ਸਿਆਸੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ, ਤਾਂ ਸਮੇਂ-ਸਮੇਂ ਕੀਤੇ ਨਾਜਾਇਜ਼ ਸਮਝੌਤਿਆਂ ਕਾਰਨ ਸਿੱਖ ਰਾਜਨੀਤੀ ਦੇ ਪੈਰਾਂ ਥੱਲਿਓਂ ਰਾਜਨੀਤਿਕ ਜ਼ਮੀਨ ਖਿਸਕਦੀ-ਖਿਸਕਦੀ ਆਖਰ ਅਲੋਪ ਹੋ ਗਈ, ਜਿਸ ਦੇ ਸਿੱਟੇ ਵਜੋਂ ਅਕਾਲੀ ਦਲ (ਬਾਦਲ) ਹੁਣ ਹਾਸ਼ੀਏ ’ਤੇ ਜਾ ਖੜ੍ਹਾ ਹੋਇਆ ਹੈ। ਸਿੱਖ ਚਿੰਤਕਾਂ ਨੂੰ ਅਜਿਹਾ ਜਾਪਣ ਲੱਗ ਪਿਆ ਹੈ ਕਿ ਅਕਾਲੀ ਦਲ ਬਾਦਲ ਇਸ ਆਪ ਸਹੇੜੇ ਸੰਕਟ ਵਿਚੋਂ ਬਾਹਰ ਨਹੀਂ ਆ ਸਕੇਗਾ, ਜਦਕਿ ਬਾਦਲ ਅਕਾਲੀ ਦਲ ਦਾ ਬਦਲ ਵੀ ਅਜੇ ਕੋਈ ਨਜ਼ਰ ਨਹੀਂ ਆ ਰਿਹਾ। ਬਾਦਲ ਅਕਾਲੀ ਦਲ ਤੋਂ ਨਿਰਾਸ਼ ਸਿੱਖ ਆਗੂ ਭਾਜਪਾ, ਆਮ ਆਦਮੀ ਪਾਰਟੀ ਜਾਂ ਕਾਂਗਰਸ ਵੱਲ ਹਾ ਰਹੇ ਹਨ।

ਸੰਨ 1962 ਤੋਂ ਸੰਨ 1964 ਤੱਕ ਪੰਜਾਬ ਦੇ ਕਾਗਰਸੀ ਮੁੱਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਦਾ ਸੁਫਨਾ ਪੰਜਾਬ ਨੂੰ ਮਹਾਂ ਪੰਜਾਬ ਵਜੋਂ ਦੇਖਣ ਦਾ ਸੀ। ਸੰਨ 1930 ਦੌਰਾਨ ਸ: ਕੈਰੋਂ ਜਦੋਂ ਅਮਰੀਕਾ ਤੋਂ ਪੜ੍ਹ ਕੇ ਆਇਆ, ਤਾਂ ਉਸ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਅਕਾਲੀ ਦਲ ਨਾਲ ਸ਼ੁਰੂ ਕਰਕੇ ਕਾਂਗਰਸ ਦੀ ਸ਼ਰਨ ਲੈ ਲਈ। ਇਹ ਉਹ ਸਮਾਂ ਸੀ, ਜਦੋਂ ਅਨੇਕਾਂ ਸਿੱਖਾਂ ਦੇ ਦਿਲੋ-ਦਿਮਾਗ ’ਤੇ ਦੇਸ਼ ਦੀ ਆਜ਼ਾਦੀ ਲਈ ਤੜਫ ਸੀ ਅਤੇ ਉਹ ਗਾਂਧੀ ਦੀ ਨਾ ਮਿਲਵਰਤਣ ਲਹਿਰ ਦਾ ਹਿੱਸਾ ਬਣ ਗਏ ਸਨ। ਦੇਸ਼ ਪਿਆਰ ਦੇ ਜੋਸ਼ ਵਿਚ ਉਨ੍ਹਾਂ ਨੇ ਭਾਰਤ ਵਿਚ ਘੱਟਗਿਣਤੀ ਸਿੱਖਾਂ ਦੇ ਰਾਜਨੀਤਿਕ ਭਵਿੱਖ ਪ੍ਰਤੀ ਕਦੀ ਕੋਈ ਵੀ ਚਿੰਤਾ ਜ਼ਾਹਿਰ ਨਹੀਂ ਸੀ ਕੀਤੀ। ਸ: ਕੈਰੋਂ ਵਿੱਦਿਅਕ ਤੌਰ ’ਤੇ ਐੱਮ.ਏ. ਹੁੰਦੇ ਹੋਏ ਅਤੇ ਅਮਰੀਕੀ ਤਰਜੇ ਜੀਵਨ ਨੂੰ ਜਾਣਦੇ ਮਾਣਦੇ ਹੋਏ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨਾਲੋਂ ਦੁਨਿਆਵੀ ਵਿੱਦਿਆ ਵਿਚ ਬਿਹਤਰ ਸਨ ਪਰ ਉਸ ਵੇਲੇ ਨਾ ਤਾਂ ਕੈਰੋਂ ਨੂੰ ਅਤੇ ਨਾ ਹੀ ਮਾਸਟਰ ਤਾਰਾ ਸਿੰਘ ਨੂੰ ਆਪਣੀ ਘੱਟ ਗਿਣਤੀ ਕੌਮ ਦੇ ਭਵਿੱਖ ਦੀ ਕੋਈ ਚਿੰਤਾ ਸੀ। ਜਿਸ ਵੇਲੇ ਮਾਸਟਰ ਤਾਰਾ ਸਿੰਘ ਵਰਗੇ ਆਗੂਆਂ ਨੂੰ ਭਾਰਤ ਵਿਚ ਆਪਣੀ ਕੌਮ ਦੇ ਗੁਲਾਮ ਭਵਿੱਖ ਦਾ ਅਹਿਸਾਸ ਹੋਇਆ, ਤਾਂ ਬੜੀ ਦੇਰ ਹੋ ਗਈ ਸੀ। ਸੰਨ 1950 ਵਿਚ ਦੇਸ਼ ਦਾ ਸੰਵਿਧਾਨ ਸਿੱਖਾਂ ਦੀ ਸਹਿਮਤੀ ਤੋਂ ਬਗੈਰ ਹੀ ਲਾਗੂ ਹੋ ਗਿਆ ਸੀ, ਜਿਸ ਮੁਤਾਬਕ ਨਾ ਤਾਂ ਸਿੱਖ ਕੋਈ ਵੱਖਰੀ ਕੌਮ ਸਨ ਅਤੇ ਨਾ ਹੀ ਸਿੱਖਾਂ ਨੂੰ ਦੇਸ਼ ਵਿਚ ਕੋਈ ਵਿਸ਼ੇਸ਼ ਹੱਕ ਸਨ। ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਅਕਾਲੀ ਦਲ ਵਲੋਂ ਵਿੱਢੇ ਧਰਮ ਯੁੱਧ ਦਾ ਅੰਤ ਦਰਬਾਰ ਸਾਹਿਬ ’ਤੇ ਭਾਰਤੀ ਫੌਜਾਂ ਦੇ ਹਮਲੇ ਮਗਰੋਂ ਇੰਦਰਾ ਦੇ ਹੋਏ ਕਤਲ ਕਾਰਨ ਦੇਸ਼ ਭਰ ’ਚ ਸਿੱਖ ਦੇ ਕਤਲਾਂ ਨਾਲ ਖਤਮ ਹੋ ਗਿਆ। ਅਜੋਕਾ ਅਕਾਲੀ ਦਲ ਇਕ ਪਰਿਵਾਰ ਦਾ ਦਲ ਹੋਣ ਕਾਰਨ ਆਪਣੇ ਨਾਮ ਨਾਲ ਅਕਾਲੀ ਦਲ ਬਾਦਲ ਲਿਖਦਾ ਹੈ, ਜੋ ਕਿ ਸਿੱਖ ਦਿਲੋ-ਦਿਮਾਗ ਤੋਂ ਦੂਰ ਹੋ ਗਿਆ ਹੈ। ਸਿੱਖ ਆਗੂਆਂ ਵਲੋਂ ਸ਼ੁਰੂ ਕੀਤੇ ਧਰਮ ਯੁੱਧ ਨੂੰ ਜਿਨ੍ਹਾਂ ਪ੍ਰਮੁੱਖ ਆਧਾਰਾਂ ’ਤੇ ਖੜ੍ਹਿਆਂ ਕਰਨ ਦੇ ਯਤਨ ਕੀਤੇ ਸਨ, ਆਓ ਉਨ੍ਹਾਂ ਦੀ ਸੱਚਾਈ ਨੂੰ ਜਾਣੀਏ।

## ਸਿੱਖ ਜਰਾਇਮਪੇਸ਼ਾ ਕੌਮ ਦੇ ਗਸ਼ਤੀ ਪੱਤਰ ਦਾ ਸੱਚ

ਇਹ ਗੱਲ ਅਕਸਰ ਪ੍ਰਚਾਰੀ ਜਾਂਦੀ ਰਹੀ ਹੈ ਕਿ 10 ਅਕਤੂਬਰ 1947 ਨੂੰ ਪੰਜਾਬ ਸਰਕਾਰ ਨੇ ਆਪਣੇ ਡਿਪਟੀ ਕਮਿਸ਼ਨਰਾਂ ਨੂੰ ਇੱਕ ਗਸ਼ਤੀ ਗੁਪਤ ਪੱਤਰ ਜਾਰੀ ਕਰਕੇ ਵਿਸ਼ੇਸ਼ ਹਦਾਇਤ ਕੀਤੀ ਸੀ ਕਿ ਸਮੁੱਚੇ ਤੌਰ ’ਤੇ ਸਿੱਖ ਜਮਾਂਦਰੂ ਫਸਾਦੀ ਅਤੇ ਜਰਾਇਮ ਪੇਸ਼ਾ ਲੋਕ ਹਨ, ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁੱਧ ਵਿਸ਼ੇਸ਼ ਸਾਧਨ ਅਪਨਾਉਣ। ਇਸ ਸਬੰਧੀ ਇੰਟਰਨੈੱਟ ’ਤੇ ਕਿਸੇ ਹਜ਼ਾਰਾ ਸਿੰਘ ਦਾ ਲਿਖਿਆ ਲੇਖ ਪਿਆ ਹੈ, ਜਿਸ ਦਾ ਵਿਸ਼ਾ ਹੈ, ‘ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤੇ ਜਾਣ ਦੀ ਹਕੀਕਤ।’ ਇਸ ਲੇਖ ਵਿਚ ਡਾ: ਦਿਲਗੀਰ ਦੇ ਨਜ਼ਰੀਏ ਤੋਂ ਲਿਖਿਆ ਗਿਆ ਹੈ ਕਿ ਇਸ ਗਸ਼ਤੀ ਪੱਤਰ ਵਿਚ ਸਿੱਖਾਂ ਲਈ ਅੰਗਰੇਜ਼ੀ ਦਾ ਲਫਜ਼ ਲਾਅਲੈਸ ਪੀਪਲ (**Lawless People**) ਵਰਤਿਆ ਗਿਆ, ਜਿਸ ਦਾ ਪੰਜਾਬੀ ਤਰਜ਼ਮਾ ਜਰਾਇਮ ਪੇਸ਼ਾ ਲੋਕ ਕੀਤਾ ਗਿਆ। ਸ1 ਗੁਰਦਰਸ਼ਨ ਸਿੰਘ ਢਿੱਲੋਂ ਦੀ ਕਿਤਾਬ ‘ਇੰਡੀਆ ਕੁਮਿਟਿਸ ਸੁਸਾਈਡ’ ਦੇ ਪੰਨਾ 11 ਦੀ ਗਵਾਹੀ ਨਾਲ ਲਿਖਿਆ ਮਿਲਦਾ ਹੈ, **Without reference to the law of the land the Sikhs in general and the Sikhs migrants in particular must be treated as a criminal tribe**. ਭਾਵ ਕਿ ਲਾਗੂ ਕਾਨੂੰਨਾਂ ਤੋਂ ਉਪਰ ਉੱਠ ਕੇ ਆਮ ਸਾਧਾਰਨ ਸਿੱਖਾਂ ਅਤੇ ਖਾਸ ਕਰਕੇ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖ ਨੂੰ ਅਪਰਾਧੀ ਗਿਰੋਹਾਂ ਦੇ ਤੌਰ ’ਤੇ ਲਿਆ ਜਾਵੇ।’

ਸ: ਹਜ਼ਾਰਾ ਸਿੰਘ ਨੇ ਲਿਖਿਆ ਹੈ ਕਿ ਇਸ ਮਾਮਲੇ ਵਿਚ ਆਮ ਤੌਰ ’ਤੇ ਸਿਰਦਾਰ ਕਪੂਰ ਸਿੰਘ ਦੀ 1972 ਵਿਚ ਛਪੀ ਪੁਸਤਕ ‘ਸਾਚੀ ਸਾਖੀ’ ਵਿਚ ਦਿੱਤੇ ਜ਼ਿਕਰ ਨੂੰ ਹੀ ਪ੍ਰਮਾਣਕ ਤੌਰ ’ਤੇ ਵਰਤਿਆ ਜਾਂਦਾ ਹੈ, ਜਿਸ ਵਿਚ ਉਨ੍ਹਾਂ ਨੇ ਲਿਖਿਆ ਕਿ 10 ਅਕਤੂਬਰ 1947 ਨੂੰ ਸਰਕਾਰੀ ਨੀਤੀ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਇੱਕ ਗੁਪਤ ਪੱਤਰ ਲਿਖਿਆ ਗਿਆ ਸੀ, ਜਿਸ ਵਿਚ ਹਦਾਇਤ ਸੀ ਕਿ, ‘ਸਿੱਖ ਜਮਾਂਦਰੂ ਫਸਾਦੀ ਲੋਕ ਹਨ ਤੇ ਇਹ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁੱਧ ਵਿਸ਼ੇਸ਼ ਸਾਧਨ ਅਪਨਾਉਣ।’ ਹਜ਼ਾਰਾ ਸਿੰਘ ਮੁਤਾਬਕ ਇਸ ਪੱਤਰ ਬਾਰੇ ਮੌਕੇ ਦੇ ਗ੍ਰਹਿ ਸਕੱਤਰ ਸ: ਸਵਰਨ ਸਿੰਘ ਜਾਂ ਮੰਤਰੀ ਮੰਡਲ ਨੂੰ ਕੋਈ ਵੀ ਇਲਮ ਨਹੀਂ ਸੀ। ਹਜ਼ਾਰਾ ਸਿੰਘ ਮੁਤਾਬਕ ਸਬੰਧਤ ਹਦਾਇਤਾਂ ਤਾਂ ਅੰਗਰੇਜ਼ ਰਾਜ ਕਾਲ ਤੋਂ ਹੀ ਹਿੰਦੂ ਅਤੇ ਮੁਸਲਮਾਨਾਂ ਦੇ ਕੁਝ ਜਰਾਇਮ ਪੇਸ਼ਾ ਗਿਰੋਹਾਂ ਦੇ ਨਾਲ-ਨਾਲ ਰਾਅ ਸਿੱਖਾਂ ਦੇ ਗਿਰੋਹਾਂ ਬਾਰੇ ਗੁਪਤ ਰੂਪ ਵਿਚ ਲਾਗੂ ਹੁੰਦੀਆਂ ਰਹੀਆਂ ਹਨ।

ਇਹ ਸਾਰੀ ਵਿਆਖਿਆ ਦੇਣ ਤੋਂ ਮਤਲਬ ਇਹ ਹੈ ਕਿ ਪੰਜਾਬ ਦੇ ਹਜ਼ਾਰਾਂ ਸਿੰਘ ਵਰਗੇ ਪੜ੍ਹੇ-ਲਿਖੇ ਸੋਸ਼ਲਿਸਟ ਸਿੱਖ ਆਪਣੇ ਜਮਾਤੀ ਖਾਸੇ ਨੂੰ ਮੁੱਖ ਰੱਖਦੇ ਹੋਏ ਭਾਰਤੀ ਸਟੇਟ ਖਿਲਾਫ ਕਿਸੇ ਗੰਭੀਰ ਤੋਂ ਗੰਭੀਰ ਦੋਸ਼ ਨੂੰ ਵੀ ਅੱਖੋਂ-ਪਰੋਖੇ ਕਰਨ ਲਈ ਮਜਬੂਰ ਹਨ। ਇਸ ਤੋਂ ਅੱਗੇ ਹਿੰਦੂ ਲੋਕਾਂ ਦਾ ਨੰਬਰ ਆਉਂਦਾ ਹੈ, ਜੋ ਆਪਣੇ ਫਿਰਕੂ ਖਾਸੇ ਕਾਰਨ ਸਬੰਧਤ ਹਦਾਇਤਾਂ, ਵਿਧਾਨ ਦੀ ਧਾਰਾ 25ਬੀ ਜਾਂ ਪਾਣੀਆਂ ਵਰਗੇ ਗੰਭੀਰ ਤੋਂ ਗੰਭੀਰ ਮੁੱਦੇ ’ਤੇ ਵੀ ਸਿੱਖਾਂ ਨਾਲ ਖੜ੍ਹਨ ਨੂੰ ਤਿਆਰ ਨਹੀਂ ਹਨ, ਭਾਵੇਂ ਕਿ ਇਹ ਇਕ ਵੱਖਰੀ ਗੱਲ ਹੈ ਕਿ ਅਕਾਲੀ ਦਲ ਬਾਦਲ ਨਾਲ ਗੱਠਜੋੜ ਸਮੇਂ ਉਹ ਉੱਭਰ ਕੇ ਸਿੱਖਾਂ ਦੇ ਵਿਰੋਧ ਵਿਚ ਨਹੀਂ ਆਏ। ਪੰਜਾਬ ਦੀ ਸ਼ਿਵ ਸੈਨਾ ਜਾਂ ਹੋਰ ਉਲਾਰ ਹਿੰਦੂ ਜਥੇਬੰਦੀਆਂ ਤਾਂ ਹਮੇਸ਼ਾਂ ਹੀ ਸਿੱਖਾਂ ਦੇ ਵਿਰੋਧ ਵਿਚ ਰਹੀਆਂ ਹਨ। ਇਸ ਤੋਂ ਅੱਗੇ ਉਨ੍ਹਾਂ ਲੋਕਾਂ ਦਾ ਨੰਬਰ ਅਉਂਦਾ ਹੈ, ਜੋ ਆਪਣੇ ਜਾਤੀ ਖਾਸੇ ਕਾਰਨ ਅਜਿਹੇ ਗੰਭੀਰ ਮੁੱਦਿਆਂ ਨੂੰ ਕੋਈ ਤਰਜੀਹ ਨਹੀਂ ਦਿੰਦੇ। ਪੰਜਾਬ ਦੀ ਹਰ ਜਾਤ, ਹਰ ਜਮਾਤ ਅਤੇ ਹਰ ਫਿਰਕੇ ਲਈ ਸਿੱਖ ਤਾਂ ਕੀ ਪੰਜਾਬ ਦੇ ਹਿੱਤਾਂ ਤੋਂ ਵੀ ਵੱਧ ਕੇ ਆਪੋ ਆਪਣੇ ਸਮੂਹ ਦੇ ਹਿੱਤ ਪਿਆਰੇ ਹਨ। ਹੋਰਾਂ ਦੀ ਗੱਲ ਛੱਡੋ, ਸਿੱਖਾਂ ਦਾ ਵੱਡਾ ਹਿੱਸਾ ਭਾਰਤੀ ਸਟੇਟ ਦੀਆਂ ਸਿੱਖ ਵਿਰੋਧੀ ਸਾਜਸ਼ਾਂ ਪ੍ਰਤੀ ਤੌਖਲੇ ਵਿਚ ਨਹੀਂ ਹੈ।

## ਸੰਵਿਧਾਨ ਦੀ ਧਾਰਾ 25 ਬਾਰੇ ਵਿਵਾਦ

ਉਪਰੋਕਤ ਕੈਨੇਡੀਅਨ ਸਿੱਖ ਹਜ਼ਾਰਾ ਸਿੰਘ ਨੇ ਇਸ ਸਬੰਧੀ ਆਪਣੀ ਇੱਕ ਖੋਜ ਵਿਚ ਲਿਖਿਆ ਹੈ ਕਿ ਸੰਵਿਧਾਨ ਦੀ ਧਾਰਾ 25 ਬਾਰੇ ਸਿੱਖਾਂ ਵਲੋਂ ਅਕਸਰ ਕਿਹਾ ਜਾਂਦਾ ਹੈ ਕਿ ਇਸ ਧਾਰਾ ਵਿਚ ਸਿੱਖਾਂ ਨੂੰ ਸਿੱਖ ਹੀ ਨਹੀਂ ਮੰਨਿਆ ਗਿਆ, ਸਗੋਂ ਧਾਰਾ 25 ਤਾਂ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਐਲਾਨਦੀ ਹੈ, ਇਹ ਧਾਰਾ ਸਿੱਖ ਧਰਮ ਦੀ ਅੱਡਰੀ ਹੋਂਦ ਨੂੰ ਨਹੀਂ ਮੰਨਦੀ, ਇਸ ਧਾਰਾ ਰਾਹੀਂ ਸਿੱਖਾਂ ਨੂੰ ਹਿੰਦੂ ਬਣਾਇਆ ਗਿਆ ਹੈ ਜਾਂ ਇਸ ਧਾਰਾ ਰਾਹੀਂ ਸਿੱਖ ਧਰਮ ਨੂੰ ਹਿੰਦੂ ਧਰਮ ਨਾਲ ਨੂੜਿਆ ਗਿਆ ਹੈ।

ਸ: ਹਜ਼ਾਰਾ ਸਿੰਘ ਦਾ ਕਹਿਣਾ ਹੈ ਕਿ ਸੰਨ 1982 ਤੱਕ ਸੰਵਿਧਾਨ ਦੀ ਧਾਰਾ 25 ਬਾਰੇ ਸਿੱਖਾਂ ਵਿਚ ਕੋਈ ਵਿਵਾਦ ਨਹੀਂ ਸੀ। ਅਗਸਤ 1982 ਨੂੰ ਧਰਮ ਯੁੱਧ ਮੋਰਚਾ ਲਗਾਏ ਜਾਣ ਦੇ ਡੇਢ ਸਾਲ ਬਾਅਦ ਸੰਵਿਧਾਨ ਦੀ ਧਾਰਾ ਨੂੰ ਇਸ ਤਰ੍ਹਾਂ ਪ੍ਰਚਾਰਿਆ ਜਾਣ ਲੱਗਾ, ਜਿਵੇਂ ਸਾਰੇ ਪੁਆੜੇ ਦੀ ਜੜ੍ਹ ਇਹ ਧਾਰਾ ਹੀ ਹੋਵੇ। 27 ਜਨਵਰੀ 1984 ਨੂੰ ਅਕਾਲੀ ਦਲ ਨੇ ਸੰਵਿਧਾਨ ਦੀ ਇਸ ਧਾਰਾ ਵਿਚ ਸੋਧ ਕਰਨ ਲਈ ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ ਦਿੱਤਾ ਅਤੇ ਸੋਧ ਨਾ ਕੀਤੇ ਜਾਣ ’ਤੇ ਇਸ ਨੂੰ ਸਾੜਨ ਦਾ ਐਲਾਨ ਕਰ ਦਿੱਤਾ। 28 ਫਰਵਰੀ, 1984 ਨੂੰ ਸ: ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਜਾ ਕੇ ਅਤੇ ਬਾਕੀ ਸਿੱਖ ਆਗੂਆਂ ਨੇ ਚੰਡੀਗੜ੍ਹ ਜਾ ਕੇ ਇਸ ਧਾਰਾ ਦੀਆਂ ਕਾਪੀਆ ਪਾੜ ਦਿੱਤੀਆਂ। ਇਨ੍ਹਾਂ ਆਗੂਆਂ ਦੀਆਂ ਗ੍ਰਿਫਤਾਰੀਆਂ ਵੀ ਹੋਈਆਂ ਅਤੇ ਇਨ੍ਹਾਂ ਖਿਲਾਫ ਮੁਕੱਦਮੇ ਵੀ ਹੋਏ, ਜੋ ਕਿ ਬਾਅਦ ਵਿਚ ਰਫਾ-ਦਫਾ ਹੋ ਗਏ।

(2) ਕੀ ਹੈ ਧਾਰਾ 25:

ਭਾਰਤੀ ਸੰਵਿਧਾਨ ਦੀ ਧਾਰਾ 25 ਇਸ ਪ੍ਰਕਾਰ ਹੈ:

‘25: ਜ਼ਮੀਰ (ਆਤਮਾ) ਅਤੇ ਧਰਮ ਨੂੰ ਖੁੱਲ੍ਹੇਆਮ ਅਪਣਾਉਣ, ਮੰਨਣ ਅਤੇ ਪ੍ਰਚਾਰ ਦੀ ਆਜ਼ਾਦੀ:

(1) ਜਨਤਕ ਵਿਵਸਥਾ, ਨੈਤਿਕਤਾ (ਸਦਾਚਾਰ) ਅਤੇ ਸਿਹਤ ਅਤੇ ਇਸ ਦੀਆਂ ਹੋਰ ਧਾਰਾਵਾਂ ਦੇ ਅਧੀਨ ਰਹਿੰਦੇ ਹੋਏ, ਸਾਰੇ ਵਿਅਕਤੀਆਂ ਨੂੰ ਜ਼ਮੀਰ ਦੀ ਆਜ਼ਾਦੀ ਅਤੇ ਖੁੱਲ੍ਹੇਆਮ ਧਰਮ ਅਪਣਾਉਣ, ਮੰਨਣ ਅਤੇ ਪ੍ਰਚਾਰਨ ਦਾ ਬਰਾਬਰ ਦਾ ਹੱਕ ਹੋਏਗਾ।

(2) ਵਿਧਾਨ ਦੀ ਇਸ ਧਾਰਾ ਦੀ ਕੋਈ ਗੱਲ ਕਿਸੇ ਮੌਜੂਦਾ ਕਾਨੂੰਨ ਦੀ ਕ੍ਰਿਆ ਨੂੰ ਪ੍ਰਭਾਵਿਤ ਨਹੀਂ ਕਰੇਗੀ ਜਾਂ ਸਰਕਾਰ ਨੂੰ ਕੋਈ ਐਸਾ ਕਾਨੂੰਨ ਬਣਾਉਣ ਤੋਂ ਨਹੀਂ ਰੋਕੇਗੀ, ਜੋ ਕਿ:

(ਏ) ਧਰਮ ਨੂੰ ਮੰਨਣ ਨਾਲ ਸੰਬੰਧਿਤ ਕਿਸੇ ਆਰਥਿਕ, ਵਿੱਤੀ, ਰਾਜਨੀਤਕ ਜਾਂ ਹੋਰ ਧਰਮ ਨਿਰਪੱਖ ਸਰਗਰਮੀ ਨੂੰ ਨਿਯੰਤ੍ਰਿਤ ਜਾਂ ਸੀਮਿਤ ਕਰਨ ਸਬੰਧੀ ਹੋਏ:

(ਬੀ) ਸਮਾਜਿਕ ਭਲਾਈ ਅਤੇ ਸੁਧਾਰ ਵਾਸਤੇ ਜਾਂ ਜਨਤਕ ਕਿਸਮ ਦੀਆਂ ਹਿੰਦੂ ਧਾਰਮਿਕ ਸੰਸਥਾਵਾਂ ਨੂੰ ਹਿੰਦੂਆਂ ਦੀਆਂ ਸਾਰੀਆਂ ਸ਼੍ਰੇਣੀਆਂ ਅਤੇ ਵਰਗਾਂ ਲਈ ਖੋਲ੍ਹਣ ਵਾਸਤੇ ਹੋਏ।

- ਵਿਆਖਿਆ 1 ਕ੍ਰਿਪਾਨਾਂ ਪਹਿਨਣੀਆਂ ਅਤੇ ਰੱਖਣੀਆਂ ਸਿੱਖ ਧਰਮ ਨੂੰ ਮੰਨਣ ਦਾ ਅੰਗ ਸਮਝੀਆਂ ਜਾਣਗੀਆਂ।
- ਵਿਆਖਿਆ 2 ਭਾਗ (2) ਦੇ ਉਪਭਾਗ ਵਿਚ ਹਿੰਦੂਆਂ ਪ੍ਰਤੀ ਹਵਾਲੇ ਦਾ ਜੋ ਅਰਥ ਸਮਝਿਆ ਜਾਏਗਾ, ਉਸ ਵਿਚ ਸਿੱਖ, ਜੈਨ ਜਾਂ ਬੋਧੀ ਨੂੰ ਮੰਨਣ ਵਾਲੇ ਵਿਅਕਤੀਆਂ ਦਾ ਹਵਾਲਾ ਵੀ ਸ਼ਾਮਲ ਹੋਏਗਾ ਅਤੇ ਹਿੰਦੂ ਧਾਰਮਿਕ ਸੰਸਥਾਵਾਂ ਸਬੰਧੀ ਹਵਾਲੇ ਨੂੰ ਵੀ ਇਸੇ ਅਨੁਸਾਰ ਹੀ ਸਮਝਿਆ ਜਾਵੇਗਾ।

ਹੁਣ ਸਵਾਲਾਂ ਦਾ ਸਵਾਲ ਇਹ ਹੈ ਕਿ ਆਪਣੇ ਸਿਆਸੀ ਕਾਲ ਵਿਚ ਕੀ ਕਦੀ ਅਕਾਲੀ ਦਲ ਨੇ ਸੰਵਿਧਾਨ ਦੀ ਇਸ ਧਾਰਾ ’ਤੇ ਕੋਈ ਗੰਭੀਰ ਚਿੰਤਨ ਕੀਤਾ ਵੀ ਹੋਵੇਗਾ ਜਾਂ ਇਸ ਨੂੰ ਕੇਵਲ ਮੋਰਚਿਆਂ ਨੂੰ ਤਿੱਖੇ ਕਰਨ ਦੀ ਲੋੜ ਲਈ ਉਭਾਰਿਆ ਗਿਆ। ਇਹ ਵੀ ਸਵਾਲ ਹੈ ਕਿ ਅੱਜ ਦਾ ਬਾਦਲ ਅਕਾਲੀ ਦਲ ਕੀ ਕਦੀ ਇਸ ਮੰਗ ਦਾ ਜ਼ਿਕਰ ਕਰਦਾ ਕਿਸੇ ਨੇ ਸੁਣਿਆ ਹੈ ? ਅਸਲ ਗੱਲ ਇਹ ਹੈ ਕਿ ਅਕਾਲੀ ਦਲ ਕੇਵਲ ਅਤੇ ਕੇਵਲ ਆਪਣੇ ਸਿਆਸੀ ਲਾਭ ਲਈ ਹੀ ਸਿੱਖਾਂ ਨੂੰ ਭੜਕਾਉਣ ਲਈ ਹੀ ਇਨ੍ਹਾਂ ਮੁੱਦਿਆਂ ਨੂੰ ਹਵਾ ਦਿੰਦਾ ਰਿਹਾ ਹੈ। ਇਸ ਤੋਂ ਅਗਲੀ ਅਹਿਮ ਗੱਲ ਇਹ ਹੈ ਕਿ ਜੇਕਰ ਭਾਰਤ ਸਰਕਾਰ ਸਿੱਖਾਂ ਦੀ ਇੱਛਾ ਮੁਤਾਬਕ ਇਸ ਧਾਰਾ ਵਿਚ ਸੋਧ ਕਰਨ ਲਈ ਤਿਆਰ ਹੋ ਜਾਂਦੀ ਹੈ, ਤਾਂ ਕੀ ਇਸ ਨਾਲ ਸਿੱਖ ਧਰਮ ਦੀ ਭਾਰਤ ਵਿਚ ਆਜ਼ਾਦੀ ਬਰਕਰਾਰ ਹੋ ਜਾਵੇਗੀ ?

## ਪੰਜਾਬ ਦੇ ਪਾਣੀਆਂ ਦੀ ਲੁੱਟ

ਅਕਾਲੀ ਦਲ ਦੀਆਂ ਮੰਗਾਂ ਵਿਚੋਂ ਪ੍ਰਮੁੱਖ ਮੰਗ ਪੰਜਾਬ ਦੇ ਪਾਣੀਆਂ ਦੀ ਹੋ ਰਹੀ ਲੁੱਟ ਰਹੀ ਹੈ। ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ’ਤੇ ਪੰਜਾਬ ਹਰਿਆਣਾ ਵਿਚ ਚਿਰਾਂ ਤੋਂ ਖਿੱਚੋਤਾਣ ਹੈ। ਪਹਿਲਾਂ ਭਾਖੜਾ ਨੰਗਲ ਬੋਰਡ ਰਾਹੀਂ ਪੰਜਾਬ ਨੂੰ ਪੰਜਾਬ ਦੇ ਪਾਣੀ ਤੋਂ ਲਾਂਭੇ ਕਰ ਦਿੱਤਾ ਗਿਆ ਅਤੇ ਹੁਣ ਰਹਿੰਦੀ ਕਸਰ ਹਿਮਾਚਲ ਤੋਂ ਸਿੱਧਾ ਹਰਿਆਣਾ ਨੂੰ ਲੋੜ ਮੁਤਾਬਕ ਪਾਣੀ ਦੇਣ ਦੀਆਂ ਸਾਜ਼ਿਸ਼ਾਂ ਨਾਲ ਪੰਜਾਬ ਇਸ ਸਬੰਧੀ ਬੇਬੱਸ ਹੁੰਦਾ ਨਜ਼ਰ ਆ ਰਿਹਾ ਹੈ। ਕਾਂਗਰਸ, ਅਕਾਲੀ, ਆਮ ਆਦਮੀ ਪਾਰਟੀ, ਭਾਜਪਾ ਜਾਂ ਇੰਝ ਕਹਿ ਲਈਏ ਕਿ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਕੇਵਲ ਜਨਤਕ ਮੂੰਹ ਰੱਖ ਰਖਾਈ ਲਈ ਪੰਜਾਬ ਦੇ ਪਾਣੀਆਂ ਬਾਰੇ ਬਿਆਨਬਾਜ਼ੀ ਕਰਦੀਆਂ ਹਨ, ਜਦਕਿ ਦੂਜੇ ਰਾਜਾਂ ਨੂੰ ਪੰਜਾਬ ਦੇ 70% ਜਾ ਰਹੇ ਮੁਫਤ ਪਾਣੀ ਪ੍ਰਤੀ ਇਨ੍ਹਾਂ ਸਾਰੀਆਂ ਪਾਰਟੀਆਂ ਵਿਚੋਂ ਕੋਈ ਵੀ ਰਾਜਨੀਤਿਕ ਪਾਰਟੀ ਸੁਹਿਰਦ ਨਹੀਂ ਹੈ। ਲੰਬਾ ਸਮਾਂ ਭਾਜਪਾ ਨੂੰ ਬੇਸ਼ਰਤ ਹਿਮਾਇਤ ਦੇਣ ਵਾਲਾ ਅਕਾਲੀ ਦਲ ਬਾਦਲ ਭਾਵੇਂ ਵਕਤੀ ਤੌਰ ਤੋਂ ਕਿਸਾਨੀ ਦੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਭਾਜਪਾ ਤੋਂ ਵੱਖ ਹੋ ਗਿਆ ਸੀ ਪਰ ਹੁਣ ਫਿਰ ਜਦੋਂ ਸੁਖਬੀਰ ਬਾਦਲ ਦਿੱਲੀ ਦੀ ਨਵੀਂ ਸਾਂਸਦ ਦੇ ਉਦਘਾਟਨ ਸਮੇਂ ਦੇਸ਼ ਦੇ 19 ਵਿਰੋਧੀ ਦਲਾਂ ਨਾਲ ਖੜ੍ਹਨ ਦੀ ਬਜਾਏ ਭਾਜਪਾ ਨਾਲ ਜਾ ਖੜ੍ਹਾ ਹੁੰਦਾ ਹੈ, ਤਾਂ ਉਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਵਿਚ ਆਪਣਾ ਰਾਜਸੀ ਅਧਾਰ ਮੁੜ ਕਾਇਮ ਕਰਨ ਲਈ ਸੁਖਬੀਰ ਬਾਦਲ ਮੁੜ ਭਾਜਪਾ ਦੀ ਰਾਜਸੀ ਬੁਰਕੀ ਵਲ ਦੇਖ ਰਿਹਾ ਹੈ, ਜਿਸ ਤੋਂ ਪੰਜਾਬ ਦੇ ਪਾਣੀਆਂ, ਪੰਜਾਬ ਦੀ ਰਾਜਧਾਨੀ, ਪੰਜਾਬ ਦੇ ਪੰਜਾਬੀ ਬੋਲਦੇ ਇਲਾਕਿਆਂ ਜਾਂ ਹੋਰ ਹੱਕੀ ਮੰਗਾਂ ਦੀ ਬਹਾਲੀ ਦੀ ਕੋਈ ਵੀ ਆਸ ਨਹੀਂ ਰੱਖੀ ਜਾ ਸਕਦੀ। ਪੰਜਾਬੀ ਦੀ ਇੱਕ ਕਹਾਵਤ ਹੈ ਕਿ ਉਹ ਫਿਰੇ ਨੱਥ ਘੜਾਉਣ ਅਤੇ ਉਹ ਫਿਰੇ ਨੱਕ ਵਢਾਉਣ ਨੂੰ। ਇਹ ਕਹਾਵਤ ਅਜੋਕੇ ਜੋੜ-ਤੋੜ ਦੇ ਹਾਲਾਤਾਂ ’ਤੇ ਢੁੱਕਦੀ ਦਿਖਾਈ ਦੇ ਰਹੀ ਹੈ।

ਇੱਕ ਗੱਲ ਸਪੱਸ਼ਟ ਹੈ ਕਿ ਪੰਜਾਬ ਦਾ ਬਹੁ ਗਿਣਤੀ ਹਿੰਦੂ ਤਬਕਾ ਪੰਜਾਬੀ ਸੂਬੇ ਅਤੇ ਪੰਜਾਬੀ ਬੋਲੀ ਦੇ ਹਮੇਸ਼ਾਂ ਹੀ ਵਿਰੋਧ ਵਿਚ ਰਿਹਾ ਅਤੇ ਇਸੇ ਵਿਰੋਧ ਵਿਚ ਜਨ ਸੰਗ ਨੇ ਪੰਜਾਬ ਦੇ ਹਿੰਦੂਆਂ ਨੂੰ ਆਪਣੀ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਉਣ ਲਈ ਪ੍ਰੇਰਿਤ ਕੀਤਾ, ਜਿਥੋਂ ਕਿ ਫਿਰ ਫਿਰਕੂ ਪਾੜਾ ਵਧਣ ਲੱਗ ਪਿਆ। ਮੌਜੂਦਾ ਭਾਜਪਾ ਦੇ ਤੇਵਰਾਂ ਤੋਂ ਪਤਾ ਚਲਦਾ ਹੈ ਕਿ ਉਹ ਜਿਥੇ ਪੰਜਾਬ ਵਿਚ ਆਪਣਾ ਰਾਜਨੀਤਿਕ ਅਧਾਰ ਬਨਾਉਣ ਲਈ ਸਿੱਖਾਂ ਨੂੰ ਆਪਣੇ ਨਾਲ ਗੰਢ ਰਹੀ ਹੈ, ਉਥੇ ਉਹ ਸਿੱਖਾਂ ਨੂੰ ਹਿੰਦੂ ਧਰਮ ਦਾ ਹੀ ਅੰਗ ਮੰਨਦੀ ਹੈ ਪਰ ਜਿਵੇਂ-ਜਿਵੇਂ ਪੰਜਾਬ ਵਿਚ ਕਾਂਗਰਸ ਵਾਂਗ ਭਾਜਪਾ ਦੇ ਪੈਰ ਪੱਕੇ ਹੋ ਜਾਣਗੇ, ਤਾਂ ਉਨ੍ਹਾਂ ਦਾ ਸਿੱਖਾਂ ਪ੍ਰਤੀ ਨਜ਼ਰੀਆ ਬਦਲਣ ਲੱਗਿਆਂ ਪਤਾ ਨਹੀਂ ਲੱਗਣਾ। ਜਦੋਂ ਕੋਈ ਘੱਟ ਗਿਣਤੀ ਕੌਮ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੋਵੇ, ਤਾਂ ਉਸ ਨੂੰ ਸੰਵਿਧਾਨ ਅਤੇ ਅਮਨ-ਕਾਨੂੰਨ ਦੀਆਂ ਪੜ੍ਹਤਾਂ ਤੋਂ ਉੱਪਰ ਉੱਠ ਕੇ ਬਹੁਤ ਕੁਝ ਅਣਲਿਖਿਆ ਵੀ ਵਿਚਾਰਨਾ ਪੈਂਦਾ ਹੈ। ਸਿੱਖਾਂ ਦੇ ਬਤੌਰ ਕੌਮ ਦੇ ਪੰਜਾਬ ਦੀ ਰਾਜਨੀਤੀ ਵਿਚੋਂ ਪੈਰ ਉੱਖੜ ਚੁੱਕੇ ਹਨ। ਪੰਜਾਬ ਦੀ ਪੜ੍ਹੀ-ਲਿਖੀ ਨੌਜੁਆਨੀ ਦੀ ਪਹਿਲ ਆਈਲੈਟਸ ਕਰਕੇ ਪੰਜਾਬ ਵਿਚੋਂ ਪ੍ਰਵਾਸ ਕਰਨ ਦੀ ਹੈ ਅਤੇ ਬਾਕੀ ਰਹਿ ਗਏ ਨੌਜੁਆਨਾਂ ਵਿਚ ਨਸ਼ਿਆਂ ਅਤੇ ਗੈਂਗ ਕਲਚਰ ਦੇ ਰੁਝਾਨ ਇਹ ਸਾਬਤ ਕਰਦੇ ਹਨ ਕਿ ਇਹ ਨੌਜੁਆਨੀ ਹੁਣ ਜਰਾਇਮ ਪੇਸ਼ਾ ਕੰਮਾਂ ਵੱਲ ਰੁਚਿਤ ਹੁੰਦੀ ਜਾਵੇਗੀ, ਜਿਸ ਨਾਲ ਸਰਕਾਰ ਨੂੰ ਇਨ੍ਹਾਂ ਨੂੰ ਕੁਚਲਣ ਦਾ ਸੌਖਾ ਬਹਾਨਾ ਮਿਲ ਜਾਵੇਗਾ।

## ਦੇਸ਼ ਦੇ ਸੰਘੀ ਢਾਂਚੇ ’ਤੇ ਭਾਜਪਾਈ ਸਿੰਘਾਸਨ ਦਾ ਨਾਗ ਵਲ

ਮੌਜੂਦਾ ਸਿੱਖ ਜੱਦੋ-ਜਹਿਦ ਦਾ ਮੁੱਢ ਜੇਕਰ ਅਨੰਦਪੁਰ ਸਾਹਿਬ ਦੇ ਮਤੇ ਨੂੰ ਮੰਨ ਲਿਆ ਜਾਵੇ, ਤਾਂ ਉਸ ਮਤੇ ਦੀ ਇਹ ਖਾਸ ਮੰਗ ਸੀ ਕਿ ਦੇਸ਼ ਵਿਚ ਸੰਘੀ ਢਾਂਚੇ ਨੂੰ ਸਥਾਪਤ ਕੀਤਾ ਜਾਵੇ, ਜੋ ਕਿ ਰਾਜਾਂ ਦੀ ਸੁਤੰਤਰ ਹੋਂਦ ਨਾਲ ਸਬੰਧਤ ਸੀ। ਇਸ ਮਤੇ ਮੁਤਾਬਕ ਭਾਰਤ ਬਹੁ ਕੌਮੀ ਦੇਸ਼ ਹੈ ਅਤੇ ਹਰ ਸੂਬੇ ਦੀ ਆਪਣੀ ਬੋਲੀ ਅਤੇ ਸੱਭਿਆਚਾਰਕ ਮੁੱਲਾਂ ਦੇ ਨਾਲ-ਨਾਲ ਆਪਣੀ ਵਿਲੱਖਣ ਹੋਂਦ ਹੈ। ਦੇਸ਼ ਦੀ ਇਸ ਵੰਨ-ਸੁਵੰਨਤਾ ਦੀ ਬਹਾਲੀ ਲਈ ਕੇਂਦਰ ਸੁਰੱਖਿਆ, ਅਮਨ-ਕਾਨੂੰਨ, ਨਿਆਂ ਪ੍ਰਣਾਲੀ ਜਾਂ ਡਾਕ ਤਾਰ ਦੇ ਅਧਿਕਾਰ ਹੱਥ ਰੱਖ ਕੇ ਹਰ ਰਾਜ ਦੀ ਬਣਦੀ ਸੁਤੰਤਰਤਾ ਨੂੰ ਬਹਾਲ ਰੱਖੇ। ਪਰ ਭਾਜਪਾ ਦੇ ਤੇਵਰਾਂ ਤੋਂ ਜਾਪਦਾ ਹੈ ਕਿ ਉਹ ਕਿਸੇ ਵੀ ਰਾਜ ਵਿਚ ਆਪਣੇ ਵਿਰੋਧੀ ਰਾਜਨੀਤਿਕ ਦਲ ਨੂੰ ਮਨਜ਼ੂਰ ਕਰਨ ਨੂੰ ਹੀ ਤਿਆਰ ਨਹੀਂ ਹੈ। ਪਿਛਲੀ ਵਾਰ ਗਣਤੰਤਰਤਾ ਦਿਵਸ ’ਤੇ ਤਾਮਿਲ ਨਾਡੂ, ਕੇਰਲਾ ਅਤੇ ਪੱਛਮੀ ਬੰਗਾਲ ਦੀਆਂ ਝਾਕੀਆਂ ਨੂੰ ਹੀ ਰੱਦ ਕਰ ਦਿੱਤਾ ਗਿਆ ਸੀ ਕਿਉਂਕਿ ਉਥੇ ਗੈਰ ਭਾਜਪਾ ਸਰਕਾਰਾਂ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਭਾਜਪਾ ਹੁਣ ਘੱਟੋ-ਘੱਟ ਅਗਲੇ ਵੀਹ ਸਾਲ ਲਈ ਆਪਣੀਆਂ ਚੰਮ ਦੀਆਂ ਚਲਾਏਗੀ ਅਤੇ ਦੇਸ਼ ਵਿਚ ਵਨ ਪਾਰਟੀ ਰੂਲ ਨੂੰ ਪੱਕਿਆਂ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਏਗੀ। ਪੰਜਾਬ ਦੇ ਕਮਿਊਨਿਸਟਾਂ ਨੇ ਧਰਮ ਯੁੱਧ ਮੋਰਚੇ ਦੌਰਾਨ ਭਾਵੇਂ ਸਿੱਖ ਖਾੜਕੂਆਂ ਖਿਲਾਫ ਮਰਨ ਜੀਣ ਦਾ ਘੋਲ ਲੜਿਆ ਪਰ ਭਾਜਪਾ ਦੇ ਤੇਵਰ ਦੇਖ ਕੇ ਇਹ ਲੋਕ ਵੀ ਬੇਬੱਸ ਹੁੰਦੇ ਦਿਖਾਈ ਦੇ ਰਹੇ ਹਨ। ਇਨ੍ਹੀਂ ਦਿਨੀਂ ਅਸਟਰੇਲੀਆ ਵਿਚ ਇੱਕ ਸਾਬਕਾ ਕਮਿਊਨਿਸਟ ਆਗੂ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਕਿ ਭਾਵੇਂ ਉਸ ਦਾ ਪਰਿਵਾਰਕ ਪਿਛੋਕੜ ਕਮਿਊਨਿਸਟਾਂ ਦਾ ਰਿਹਾ ਹੈ ਪਰ ਹੁਣ ਉਸ ਦੇ ਵਿਚਾਰ ਇਸ ਕਰਕੇ ਬਦਲ ਗਏ ਹਨ ਕਿ ਜੇਕਰ ਭਾਰਤ ਵਿਚ 85% ਬਹੁਗਿਣਤੀ ਵਾਲੀ ਹਿੰਦੂ ਕੌਮ ਨੂੰ ਹਿੰਦੂ ਰਾਜ ਦੀ ਲੋੜ ਹੈ, ਤਾਂ ਪੰਜਾਬ ਦੇ ਸਿੱਖਾਂ ਨੂੰ ਆਪਣੇ ਸਿੱਖ ਰਾਜ ਬਾਰੇ ਸੋਚਣ ਤੋਂ ਕੌਣ ਰੋਕ ਸਕਦਾ ਹੈ।

## ਸਿੱਖ ਜਾਅਲੀ ਫੀਲਿੰਗ ਤੋਂ ਸੁਚੇਤ ਰਹਿਣ

ਅੱਜਕੱਲ੍ਹ ਪੰਜਾਬ ਅਤੇ ਦੇਸ਼ ਦੇ ਹਾਲਾਤਾਂ ’ਤੇ ਤਪਸਰਾ ਕਰਨ ਸਬੰਧੀ ਅੱਧੀ ਦਰਜਨ ਦੇ ਕਰੀਬ ਯੂ ਟਿਊਬ ’ਤੇ ਚੱਲ ਰਹੇ ਰੇਡੀਓ ਅਤੇ ਟੀ.ਵੀ. ਸਟੇਸ਼ਨਾਂ ਵਿਚ ਵਾਰ-ਵਾਰ ਜਿਸ ਵਿਅਕਤੀ ਦਾ ਨਾਮ ਸੁਣਨ ਨੂੰ ਮਿਲਦਾ ਹੈ, ਉਹ ਨਾਮ ਰਣਜੀਤ ਸਿੰਘ ਗਿੱਲ ਉਰਫ ਕੁੱਕੀ ਗਿੱਲ ਦਾ ਹੈ। ਕੁੱਕੀ ਗਿੱਲ ਲੁਧਿਆਣਾ ਖੇਤੀਬਾੜੀ ਦੇ ਰਹਿ ਚੁੱਕੇ ਵਾਈਸ ਚਾਂਸਲਰ ਡਾ: ਖੇਮ ਸਿੰਘ ਦਾ ਪੁੱਤਰ ਹੈ, ਜੋ ਆਪਣੇ ਜੀਵਨ ਦੇ ਸੁਨਿਹਰੇ ਭਵਿੱਖ ਵੱਲ ਵਧ ਰਿਹਾ ਸੀ ਕਿ ਦਿੱਲੀ ਵਿਚ ਸਿੱਖ ਕਤਲੇਆਮ ਦੇ ਦੋਸ਼ੀ ਲਲਿਤ ਮਾਕਨ ਦੇ ਕਤਲ ’ਚ ਗ੍ਰਿਫਤਾਰ ਹੋ ਗਿਆ। ਪਹਿਲਾਂ ਅਮਰੀਕਾ ਵਿਚ ਅਤੇ ਫੇਰ ਭਾਰਤ ਵਿਚ ਲੰਬਾ ਸਮਾਂ ਜੇਲ੍ਹਾਂ ਕੱਟ ਕੇ ਰਿਹਾਅ ਹੋਇਆ ਕੁੱਕੀ ਹੁਣ ਸਿੱਖ ਸਮਾਜ ਵਿਚ ਆਪਣੇ ਤੌਰ ’ਤੇ ਇੱਕੋ ਇੱਕ ਵਿਅਕਤੀ ਹੈ, ਜੋ ਬਿਨਾ ਕਿਸੇ ਲੋਅ ਲਿਹਾਜ ਤੋਂ ਬੜੀ ਬੇਬਾਕੀ ਨਾਲ ਬੋਲ ਰਿਹਾ ਹੈ। ਬੇਬਾਕੀ ਦੇ ਐਸੇ ਸੰਦਰਭ ਵਿਚ ਸੁਰਜੀਤ ਪਾਤਰ ਦਾ ਇੱਕ ਸ਼ਿਅਰ ਬਹੁਤ ਬੋਲਿਆ ਜਾਂਦਾ ਰਿਹਾ ਹੈ:-

ਏਨਾ ਵੀ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ...

ਪਰ ਕੁੱਕੀ ਗਿੱਲ ਨੂੰ ਸ਼ਾਇਦ ਇਕੱਲੇ ਰਹਿਣ ਜਾਂ ਅਰਥੀ ਦੀ ਚਿੰਤਾ ਨਹੀਂ ਹੈ। ਇਹ ਸ਼ਾਇਦ ਇਸ ਲਈ ਕਿ ਪੰਜਾਬ ਵਿਚ ਹੁਣ ਉਸ ਖਾੜਕੂਵਾਦ ਦਾ ਬੋਲਬਾਲਾ ਨਹੀਂ ਹੈ, ਜਿਸ ਦਾ ਕਿ ਕਦੀ ਕੁੱਕੀ ਖੁਦ ਵੀ ਹਿੱਸਾ ਰਿਹਾ ਹੈ।

ਜਿਸ ਵੇਲੇ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿਚ ਪੰਜਾਬ ਦੀ ਨੌਜਵਾਨੀ ਮੁੜ ਉਲਾਰ ਹੁੰਦੀ ਜਾ ਰਹੀ ਸੀ, ਤਾਂ ਕੁੱਕੀ ਗਿੱਲ ਨੇ ਦੋ ਟੁੱਕ ਗੱਲ ਵੱਖ-ਵੱਖ ਅੰਦਾਜ਼ ਵਿਚ ਕਹੀ ਸੀ, ਜਿਸ ਦਾ ਤੱਤਸਾਰ ਇਹ ਬਣਦਾ ਸੀ ਕਿ ਆਪਣੀ ਵਿਰਸਾਤ ਦੀ ਪਿੱਠ ਭੂਮੀ ਨਾਲ ਵਰਗਲਾਇਆ ਜਾ ਰਿਹਾ ਪੰਜਾਬ ਦਾ ਨੌਜਵਾਨ ਸਿੱਖੀ ਬਾਣੇ ਅਤੇ ਬੋਲਬਾਲੇ ਨੂੰ ਦੇਖ ਕੇ ਜੋ ਫੀਲਿੰਗ ਲੈ ਰਿਹਾ ਹੈ, ਉਹ ਖਤਰਨਾਕ ਹੈ। ਦੂਜਾ ਕੁੱਕੀ ਗਿੱਲ ਵਾਰ-ਵਾਰ ਜਿਸ ਗੱਲ ਨੂੰ ਦੁਹਰਾ ਰਿਹਾ ਹੈ, ਉਹ ਇਹ ਕਿ ਪੰਜਾਬ ਦੀ ਆਜ਼ਾਦੀ (ਖਾਲਿਸਤਾਨ) ਲਈ ਪ੍ਰਦੇਸਾਂ ਵਿਚ ਮਾਰੇ ਜਾ ਰਹੇ ਦਗਮਜੇ ਜਿਥੇ ਪ੍ਰਦੇਸਾਂ ਵਿਚ ਅਮਨ-ਕਾਨੂੰਨ ਨੂੰ ਮੰਨਣ ਵਾਲੇ ਸਿੱਖਾਂ ਦਾ ਅਕਸ ਖਰਾਬ ਕਰ ਰਹੇ ਹਨ, ਉਥੇ ਪੰਜਾਬ ਅਤੇ ਭਾਰਤ ਦੇ ਨੌਜਵਾਨਾਂ ਨੂੰ ਉਲਾਰ ਜਜ਼ਬਾਤਾਂ ਵੱਲ ਧੱਕ ਰਹੇ ਹਨ, ਜਿਨ੍ਹਾਂ ਜਜ਼ਬਾਤਾਂ ਦੀ ਵੁੱਕਤ ਅਮਲ ਦੀ ਧਰਤੀ ’ਤੇ ਨਹੀਂ ਹੈ। ਕੁੱਕੀ ਗਿੱਲ ਨੇ ਉਨ੍ਹਾਂ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਸਰੋਕਾਰਾਂ ਨੂੰ ਸਮਝਾਉਣ ਲਈ ਪੂਰੀ ਵਾਹ ਲਾਈ ਹੋਈ ਹੈ, ਜਿਨ੍ਹਾਂ ਸਰੋਕਾਰਾਂ ਨੇ ਸਿੱਖਾਂ ਨੂੰ ਅਤੇ ਪੰਜਾਬ ਨੂੰ ਰੱਜ ਕੇ ਗੁੰਮਰਾਹ ਕੀਤਾ ਹੈ। ਇਨ੍ਹਾਂ ਸਰੋਕਾਰਾਂ ਦਾ ਸਬੰਧ ਕਾਂਗਰਸ, ਭਾਜਪਾ ਅਤੇ ਬਾਦਲ ਦਲ ਦੀਆਂ ਮਾਰੂ ਨੀਤੀਆਂ ਨਾਲ ਹੈ।


ਬੇਸ਼ੱਕ ਭਾਜਪਾ ਦੀਆਂ ਫਿਰਕੂ ਨੀਤੀਆਂ ਭਲਕ ਨੂੰ ਭਾਰਤ ਨੂੰ ਖੰਡ-ਖੰਡ ਕਰ ਦੇਣ ਪਰ ਹਾਲ ਦੀ ਘੜੀ ਇਹ ਗੱਲ ਵਿਚਾਰਨ ਵਾਲੀ ਹੈ ਕਿ ਕੀ ਸਿੱਖ ਚਿੰਤਨ ਊਠ ਦੇ ਇਸ ਬੁਲ੍ਹ ਕਰਕੇ ਉਲਾਰ ਜਾਂ ਖਿਚੜੀ ਹੀ ਹੁੰਦਾ ਰਹੇਗਾ ਜਾਂ ਫਿਰ ਆਪਣੇ ਅਤੀਤ ਦਾ ਮੁਤਾਲਿਆ ਕਰਕੇ ਆਪਣੀ ਕੌਮ ਲਈ ਕੋਈ ਸਾਰਥਕ ਨੀਤੀਆ ਅਪਣਾਏਗਾ ? ਕੀ ਸਿੱਖ ਕੌਮ ਇਹ ਸਮਝੇਗੀ ਕਿ ਸਾਡੇ ਖੁਦਗਰਜ਼ ਰਾਜਨੀਤਿਕ ਆਗੂਆਂ ਨੇ ਫਿਰਕੂ ਨਾਅਰੇ ਦੇ ਕੇ ਆਪਣੇ ਤੰਗ ਰਾਜਨੀਤਿਕ ਹਿੱਤਾਂ ਲਈ ਸਿੱਖ ਸਮੂਹ ਨੂੰ ਖੁਦਕਸ਼ੀ ਦੇ ਰਾਹ ਪਾਇਆ ਹੋਇਆ ਹੈ ? ਕੀ ਪੰਜਾਬ ਦੀ ਨੌਜੁਆਨੀ ਇਹ ਸਮਝੇਗੀ ਕਿ ਆਜ਼ਾਦੀ ਦੇ ਨਾਅਰੇ ਲਉਣ ਵਾਲੀਆਂ ਉਲਾਰ ਸੂਰਤਾਂ ਦਾ ਆਖਰੀ ਅੰਜਾਮ ‘ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ’ ਵਾਲਾ ਹੀ ਰਿਹਾ ਹੈ ? ਇਸ ਗੱਲ ਤੋਂ ਕੌਣ ਇਨਕਾਰ ਕਰੇਗਾ ਕਿ ਧਰਮ ਯੁੱਧ ਦੇ ਨਾਅਰੇ ਨਾਲ ਸ਼ੁਰੂ ਹੋਇਆ ਸਿੱਖ ਸੰਘਰਸ਼ ਹੁਣ ਭਰਮ ਬੁੱਧ ਦਾ ਸ਼ਿਕਾਰ ਹੋ ਕੇ ਖਿਲਰ ਚੁੱਕਾ ਹੈ ?

# 'ਪੀਲੂ ਦਾ ਮਿਰਜ਼ਾ ਸਾਹਿਬਾਂ ਤੇ ਹੋਰ ਰਚਨਾ' ਪੁਸਤਕ ਰੋਮਾਂਸਵਾਦ ਅਤੇ ਅਧਿਆਤਮਵਾਦ ਦਾ ਸੁਮੇਲ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਪੀਲੂ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖਣ ਵਾਲਾ ਪਹਿਲਾ ਸ਼ਾਇਰ ਗਿਣਿਆ ਜਾਂਦਾ ਹੈ। ਪੀਲੂ ਨੇ ਮਿਰਜ਼ਾ ਸਾਹਿਬਾਂ ਦੇ ਰੋਮਾਂਸ ਦਾ ਕਿੱਸਾ ਲਿਖਿਆ। ਪੀਲੂ ਦੇ ਨਾਮ 'ਤੇ ਇਸ਼ਕ ਹਕੀਕੀ ਭਾਵ ਅਧਿਆਤਮਕ ਰਚਨਾ ਵੀ ਉਪਲਬਧ ਹੈ। ਇਸ ਲਈ ਸਾਹਿਤਕਾਰਾਂ ਤੇ ਪੜਚੋਲਕਾਰਾਂ ਵਿਚ ਵਿਚਾਰਾਂ ਦੇ ਵਖਰੇਵੇਂ ਹਨ ਕਿ ਪੀਲੂ ਇਕ ਜਾਂ ਦੋ ਸਨ। ਡਾ. ਭਗਵੰਤ ਸਿੰਘ ਅਤੇ ਡਾ. ਰਮਿੰਦਰ ਕੌਰ ਨੇ ਚਰਚਾ ਅਧੀਨ ਪੁਸਤਕ ਵਿਚ ਉਦਾਹਰਨਾਂ ਦੇ ਕੇ ਤੱਥਾਂ ਨਾਲ ਸਾਬਤ ਕੀਤਾ ਹੈ ਕਿ ਪੀਲੂ ਇਕ ਹੀ ਸੀ। ਜਵਾਨੀ ਵਿਚ ਉਸ ਨੇ ਮਿਰਜ਼ਾ ਸਾਹਿਬਾਂ ਦੇ ਇਸ਼ਕ ਦਾ ਰੋਮਾਂਟਿਕ ਕਿੱਸਾ ਲਿਖਿਆ ਸੀ। ਜਦੋਂ ਉਹ ਉਮਰ ਦਰਾਜ ਭਾਵ ਬਜ਼ੁਰਗ ਹੋ ਗਏ, ਤਾਂ ਉਨ੍ਹਾਂ ਇਸ਼ਕ ਹਕੀਕੀ ਦੀ ਰਚਨਾ ਕੀਤੀ ਹੈ। ਲੇਖਕਾਂ ਨੇ ਇਸ ਪੁਸਤਕ ਨੂੰ ਪੰਜ ਭਾਗਾਂ 'ਪੀਲੂ ਅਤੇ ਮਿਰਜ਼ਾ ਸਾਹਿਬਾਂ ਦੀ ਗਾਥਾ', ਕਿੱਸਾ ਕਲਾ', 'ਰਸ ਵਿਧਾਨ', 'ਮੂਲ ਪਾਠ' ਅਤੇ ਅੰਤਿਕਾਵਾਂ ਵਿਚ ਵੰਡਿਆ ਹੈ। ਵੈਸੇ ਤਾਂ ਸਾਰੇ ਭਾਗਾਂ ਦੀ ਲੜੀ ਆਪਸ ਵਿਚ ਜੁੜਦੀ ਹੈ ਪ੍ਰੰਤੂ ਫਿਰ ਵੀ ਪੰਜ ਭਾਗ ਬਣਾਏ ਹਨ।






**ਪੀਲੂ ਅਤੇ ਮਿਰਜ਼ਾ ਸਾਹਿਬਾਂ ਦੀ ਗਾਥਾ:** ਲੇਖਕਾਂ ਅਨੁਸਾਰ ਪੀਲੂ ਪਹਿਲਾ ਪੰਜਾਬੀ ਦਾ ਵੱਡਾ ਸ਼ਾਇਰ ਹੈ, ਜਿਸ ਨੇ ਇਹ ਗਾਥਾ ਲਿਖੀ। ਪੀਲੂ ਦੀ ਇਹ ਗਾਥਾ ਇਤਨੀ ਪ੍ਰਵਾਨ ਹੋਈ ਕਿ ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿਚ ਗਾਈ ਜਾਂਦੀ ਹੈ। ਪੰਜਾਬ ਦੀ ਇਸ ਪ੍ਰਸਿੱਧ ਲੋਕ ਗਾਥਾ ਦਾ ਅੰਤ ਦੁੱਖ ਭਰਿਆ ਹੈ। ਇਹ ਗਾਥਾ ਪੰਜਾਬੀਆਂ ਦੇ ਲੋਕ ਮਨਾਂ ਵਿਚ ਡੂੰਘੀ ਸਮਾਈ ਹੋਈ ਹੈ। ਲੋਕਾਂ ਵਿਚ ਮਿਰਜ਼ਾ ਬਹਾਦਰ ਸੂਰਮੇ ਆਸ਼ਕ ਵਜੋਂ ਨਿਵਾਸ ਕਰਦਾ ਹੈ। ਭਾਵ ਉਹ ਲੋਕ ਨਾਇਕ ਬਣ ਗਿਆ। ਮਿਰਜ਼ਾ ਜੱਟ ਮਾਨਸਿਕਤਾ ਦਾ ਪ੍ਰਤੀਕ ਹੈ। ਲੇਖਕਾਂ ਅਨੁਸਾਰ ਪੀਲੂ ਦੇ ਜਨਮ ਸਥਾਨ ਬਾਰੇ ਪ੍ਰਮਾਣੀਕ ਸਬੂਤ ਨਹੀਂ ਮਿਲਦੇ ਪ੍ਰੰਤੂ ਤਰਨਤਾਰਨ ਦੇ ਨੇੜੇ ਇਕ ਖੂਹ ਹੈ, ਜਿਸ ਨੂੰ ਅੱਜ ਵੀ 'ਪੀਲੂ ਦਾ ਖੂਹ' ਕਹਿੰਦੇ ਹਨ। ਇਸ ਕਰਕੇ ਸਾਹਿਤਕਾਰਾਂ ਨੇ ਅਨੁਮਾਨ ਲਗਾਇਆ ਹੈ ਕਿ ਪੀਲੂ ਦਾ ਪਿੰਡ ਵੀ ਤਰਨਤਾਰਨ ਦੇ ਨਜ਼ਦੀਕ ਵੈਰੋਵਾਲ ਹੀ ਹੋਵੇਗਾ। ਪੀਲੂ ਆਪਣੀ ਉਮਰ ਦੇ ਆਖ਼ਰੀ ਸਮੇਂ ਸਾਂਦਲਬਾਰ ਦੇ ਇਲਾਕੇ ਵਿਚ ਬੰਦਗੀ ਕਰਦਿਆਂ ਸਵਰਗ ਸਿਧਾਰ ਗਿਆ। ਉਸ ਦੇ ਸਮੇਂ ਬਾਰੇ ਵੀ ਵਿਦਵਾਨ ਇਕਮਤ ਨਹੀਂ ਹਨ। ਭਾਈ ਗੁਰਦਾਸ (1551-1637) ਅਤੇ ਇਸ ਤੋਂ ਬਾਅਦ ਦਾ ਕਹਿੰਦੇ ਹਨ ਪ੍ਰੰਤੂ ਮੰਨਿਆ ਜਾ ਰਿਹਾ ਹੈ, ਪ੍ਰੇਮ ਗਾਥਾ ਵਾਪਰਨ ਦਾ ਸਮਾਂ ਅਕਬਰ ਰਾਜ ਕਾਲ ਦਾ ਸੀ। ਪੀਲੂ ਅਨੁਸਾਰ ਸਾਹਿਬਾਂ ਖੀਵੇ ਖ਼ਾਨ ਦੇ ਘਰ ਜਨਮੀ ਅਤੇ ਮਿਰਜ਼ਾ ਦਾਨਾਬਾਦ ਵੰਝਲ ਦੇ ਘਰ ਕਰੜੇ ਵਾਰ ਵਿਚ ਜਨਮਿਆ ਸੀ। ਮਿਰਜ਼ਾ ਆਪਣੇ ਨਾਨਕੇ ਪੜ੍ਹਨ ਲਈ ਸਿਆਲੀਂ ਗਿਆ ਹੋਇਆ ਸੀ, ਜਿਥੇ ਮਸੀਤੇ ਪੜ੍ਹਦਿਆਂ ਸਾਹਿਬਾਂ ਨਾਲ ਮੁਹੱਬਤ ਹੋ ਗਈ। ਜਦੋਂ ਉਨ੍ਹਾਂ ਦਾ ਇਸ਼ਕ ਜੱਗ ਜ਼ਾਹਰ ਹੋ ਗਿਆ, ਤਾਂ ਮਿਰਜ਼ੇ ਨੂੰ ਦਾਨਾਬਾਦ ਭੇਜ ਦਿੱਤਾ। ਉਧਰ ਸਾਹਿਬਾਂ ਦੇ ਮਾਪਿਆਂ ਨੇ ਉਸ ਦਾ ਵਿਆਹ ਰੱਖ ਦਿੱਤਾ। ਸਾਹਿਬਾ ਨੇ ਕਰਮੂ ਬ੍ਰਾਹਮਣ ਹੱਥ ਮਿਰਜ਼ੇ ਨੂੰ ਸਨੇਹਾ ਦੇ ਕੇ ਬੁਲਾ ਲਿਆ। ਉਧਰ ਮਿਰਜ਼ੇ ਦੀ ਭੈਣ ਦਾ ਵਿਆਹ ਸੀ ਪ੍ਰੰਤੂ ਮਿਰਜ਼ੇ ਨੇ ਆਪਣੀ ਮਹਿਬੂਬ ਨੂੰ ਪਹਿਲ ਦਿੱਤੀ। ਮਿਰਜ਼ਾ ਸਾਹਿਬਾਂ ਨੂੰ ਭਜਾ ਕੇ ਲੈ ਗਿਆ। ਰਸਤੇ ਵਿਚ ਆਰਾਮ ਕਰਨ ਲੱਗਿਆ ਤਾਂ ਚੰਦੜ ਆ ਗਏ ਤੇ ਸਾਹਿਬਾਂ ਦੋ ਪੁੜਾਂ ਵਿਚ ਫਸ ਗਈ। ਇਕ ਪਾਸੇ ਭਰਾ ਦੂਜੇ ਪਾਸੇ ਆਸ਼ਕ। ਅਖ਼ੀਰ ਸਾਹਿਬਾਂ ਨੇ ਮਿਰਜ਼ੇ ਦੇ ਤੀਰ ਜੰਡ 'ਤੇ ਟੰਗ ਦਿੱਤੇ। ਚੰਦੜਾਂ ਨੇ ਮਿਰਜ਼ਾ ਮਾਰ ਦਿੱਤਾ। ਪੀਲੂ ਤੇ ਹਾਫਿਜ਼ ਬਰਖ਼ੁਰਦਾਰ ਦੇ ਘਟਨਾਵਾਂ ਬਾਰੇ ਵਿਚਾਰ ਨਹੀਂ ਮਿਲਦੇ। ਲੇਖਕਾਂ ਨੇ ਦਸਮ ਗ੍ਰੰਥ, ਰਿਚਰਡ ਟੈਂਪਲ ਅਤੇ ਸਵਿਨਟਰਨ ਦੇ ਮਿਰਜ਼ਾ ਸਾਹਿਬਾਂ ਦੀ ਗਾਥਾ ਬਾਰੇ ਵਿਚਾਰ ਵੀ ਦਿੱਤੇ ਹਨ।

**ਕਿੱਸਾ ਕਲਾ:** ਲੇਖਕਾਂ ਨੇ ਲਿਖਿਆ ਹੈ ਕਿ ਪੀਲੂ ਦੀ ਕਿੱਸਾ ਕਲਾ ਦੀ ਪ੍ਰਸ਼ੰਸਾ ਉਸ ਦੇ ਸਮਕਾਲੀ ਕਿੱਸਾਕਾਰਾਂ ਨੇ ਬਾਖ਼ੂਬੀ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਪੀਲੂ ਦਾ ਮਿਰਜ਼ਾ ਸਰਵ ਪ੍ਰਵਾਨ ਸੀ। ਪੀਲੂ ਦੇ ਕਿੱਸੇ ਬਾਰੇ ਬਰਖ਼ੁਰਦਾਰ ਕਵੀ ਲਿਖਦਾ ਹੈ:

ਯਾਰੋ ਪੀਲੂ ਨਾਲ ਬਰਾਬਰੀ ਸ਼ਇਰ ਭੁਲ ਕਰੇਨ,
ਜਿਹਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀਂ ਦਸਤ ਧਰੇਨ।

ਅਹਿਮਦਯਾਰ ਪੀਲੂ ਦੀ ਕੱਲਾ ਕਲਾ ਬਾਰੇ ਲਿਖਦਾ ਹੈ:

ਪੀਲੂ ਨਾਲ ਨਾ ਰੀਸ ਕਿਸੇ ਉਸ ਦੀ ਸੋਜ਼ ਅਲਹਿਦੀ,
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।

ਪੀਲੂ ਨੇ ਸ਼ਿੰਗਾਰ ਤੇ ਬੀਰ ਰਸ ਨੂੰ ਇਸ ਰੁਮਾਂਟਿਕ ਕਥਾ ਵਿਚ ਇਕੱਠਾ ਕਰਕੇ ਨਵੀਂ ਪ੍ਰਥਾ ਕਾਇਮ ਕਰਨ ਦਾ ਯਤਨ ਕੀਤਾ ਹੈ। ਪੀਲੂ ਮਿਰਜ਼ੇ ਦੀ ਮੌਤ ਦਾ ਕਾਰਨ ਹੋਣੀ ਨੂੰ ਮੰਨਦਾ ਹੈ:

ਮਿਰਜ਼ਿਆ ਐਡ ਪੈਗੰਬਰ ਮਰ ਗਏ ਤੂੰ ਕਿਹਦਾ ਪਾਣੀ ਹਾਰ।

ਪੀਲੂ ਦਾ ਪਾਤਰ ਚਿਤਰਣ ਬਹੁਤ ਸੁਚੱਜਾ ਹੈ। ਉਸ ਨੇ ਪਾਤਰਾਂ ਨੂੰ ਆਦਰਸ਼ਕ ਰੰਗ ਨਹੀਂ ਦਿੱਤਾ। ਮਾਂ, ਮਾਂ ਵਾਂਗ, ਭੈਣ, ਭੈਣਾਂ ਵਾਂਗ ਅਤੇ ਪਿਓ, ਪਿਓ ਵਾਂਗ ਜਦੋਂ ਉਹ ਮਿਰਜ਼ੇ ਨੂੰ ਵਰਜਦਾ ਕਹਿੰਦਾ ਹੈ:

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਵੰਝਲ ਦਿੰਦਾ ਮੱਤ,
ਭੱਠ ਰੰਨਾ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਕੇ ਲਾਉਂਦੀਆਂ ਯਾਰੀਆਂ ਰੋ ਕੇ ਦਿੰਦੀਆਂ ਦੱਸ,
ਜਿਸ ਘਰ ਲਾਈ ਦੋਸਤੀ ਮੂਲ ਨਾ ਘੱਤੇ ਲੱਤ।

ਮਿਰਜ਼ੇ ਦੀ ਮਾਂ ਬਾਰੇ ਪੀਲੂ ਲਿਖਦਾ ਹੈ:

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਮੱਤਾਂ ਦੇਵੇ ਮਾਂ,
ਬੁਰੇ ਸਿਆਲਾਂ ਦੇ ਮਾਮਲੇ ਬੁਰੀ ਸਿਆਲਾਂ ਦੀ ਰਾਹ।

ਮਿਰਜ਼ਾ ਬੱਕੀ ਦੀ ਪ੍ਰਸ਼ੰਸਾ ਕਰਦਾ ਹੈ, ਉਸ ਦਾ ਘੁਮੰਡ ਵੀ ਪ੍ਰਗਟ ਹੁੰਦਾ ਹੈ

ਬੱਕੀ ਤੋਂ ਡਰਨ ਫਰਿਸ਼ਤੇ ਮੈਥੋਂ ਡਰੇ ਖ਼ੁਦਾ,
ਚੁਭੇ ਵਿਚ ਪਤਾਲ ਉਡ ਕੇ ਚੜ੍ਹੇ ਅਕਾਸ਼।

ਮਿਰਜ਼ਾ ਮਾਰਿਆ ਮਲਕੁਲ ਮੌਤ ਨੇ ਕੁਝ ਮਾਰਿਆ ਗੁਮਾਨ।
ਵਿਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਜਵਾਨ।

ਪੀਲੂ ਨੇ ਅਲੰਕਾਰ ਅਤੇ ਰੂਪਕ, ਕਵਿਤਾ ਦੇ ਗਹਿਣਿਆਂ ਦੀ ਤਰ੍ਹਾਂ ਵਰਤੇ ਹਨ:

ਮਿਰਜ਼ਾ ਫੁੱਲ ਗੁਲਾਬ ਦਾ ਮੇਰੀ ਝੋਲੀ ਟੁੱਟ ਪਿਆ।
ਧਰਤੀ ਤਾਂਬਾ ਹੋ ਗਈ ਸਿਆਹੀ ਫਿਰੀ ਅਸਮਾਨ।
ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀਂ ਪੈਣ ਗੜੇ।

**ਰਸ ਵਿਧਾਨ:** ਰਸ ਵਿਧਾਨ ਵੀ ਪੀਲੂ ਦਾ ਕਮਾਲ ਦਾ ਹੈ। ਉਸ ਨੇ ਸ਼ਿੰਗਾਰ ਰਸ, ਬੀਰ ਰਸ, ਕਰੁਣਾ ਰਸ ਅਤੇ ਹਾਸ ਰਸ ਦੀ ਵਰਤੋਂ ਕੀਤੀ ਹੈ। ਸ਼ਿੰਗਾਰ ਰਸ ਸੁਚੱਜੇ ਢੰਗ ਨਾਲ ਵਰਤਿਆ ਹੈ:

ਕੱਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ,
ਗਜ ਗਜ ਲੰਮੀਆਂ ਮੀਢੀਆਂ ਰੰਗ ਜੋ ਗੋਰਾ ਸੀ।

**ਪੀਲੂ ਦਾ ਬੀਰ ਰਸ ਲੂੰ ਕੰਡੇ ਖੜ੍ਹੇ ਕਰ ਦਿੰਦਾ ਹੈ:**

ਕੋਈ ਦੀਹਦਾ ਸੂਰਮਾ ਜਿਹੜਾ ਮੈਨੂੰ ਹੱਥ ਕਰੇ,
ਕਟਕ ਭਿੜਾ ਦਿਆਂ ਅੰਬਰੀਂ ਮੈਥੋਂ ਭੀ ਰਾਠ ਡਰੇ।
ਸਿਰ ਸਿਆਲਾਂ ਦੇ ਵੱਢ ਕੇ ਸੁਟਾਂਗਾ ਵਿਚ ਰੜੇ।

ਪੀਲੂ ਭਾਵੇਂ ਮਝੈਲ ਸੀ ਪ੍ਰੰਤੂ ਉਸ ਦੀ ਭਾਸ਼ਾ ਠੇਠ ਪੰਜਾਬੀ ਹੈ। ਪੀਲੂ ਦੇ ਕਿੱਸੇ ਵਿਚ ਅਸ਼ਲੀਲਤਾ ਨਹੀਂ ਹੈ।


**ਮੂਲ ਪਾਠ: ਕਿੱਸਾ ਮਿਰਜ਼ਾ ਸਾਹਿਬਾਂ**

ਚੌਥੇ ਭਾਗ ਵਿਚ ਪੀਲੂ ਦੁਆਰਾ ਲਿਖਿਆ ਕਿੱਸਾ ਮਿਰਜ਼ਾ ਸਾਹਿਬਾਂ ਦਾ ਪੂਰਾ ਪਾਠ ਦਿੱਤਾ ਗਿਆ ਹੈ। ਪੀਲੂ ਦਾ ਕਿੱਸਾ ਲਿਖਤ ਰੂਪ ਵਿਚ ਨਹੀਂ ਮਿਲਦਾ ਪ੍ਰੰਤੂ ਜੋ ਮਿਲਦਾ ਹੈ, ਉਹ ਅੰਗਰੇਜ਼ ਰਿਚਰਡ ਟੈਂਪਲ ਦੁਆਰਾ 'ਦਾ ਲੀਜੈਂਡਜ਼ ਆਫ਼ ਪੰਜਾਬ' ਵਿਚ ਪ੍ਰਕਾਸ਼ਤ ਕੀਤਾ ਮਿਲਦਾ ਹੈ। ਇਹ ਕਿੱਸਾ ਰਿਚਰਡ ਟੈਂਪਲ ਨੇ ਕਿਸੇ ਜਲੰਧਰ ਦੇ ਮੁਸਲਮਾਨ ਤੋਂ ਸੁਣਿਆਂ ਅਤੇ ਫਿਰ ਉਸ ਤੋਂ ਸੁਣ ਕੇ ਲਿਖਿਆ ਹੈ। ਇਹ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਪ੍ਰਕਾਸ਼ਤ ਹੋਇਆ ਹੈ। ਦੋਵੇਂ ਲੇਖਕਾਂ ਦੀ ਖੋਜ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਕਿੱਸਾ ਵੀ ਮੁਕੰਮਲ ਨਹੀਂ ਹੈ। ਮੂਲ ਪਾਠ ਵਾਲੇ ਭਾਗ ਵਿਚ ਖੋਜੀ ਵਿਦਿਆਰਥੀਆਂ ਲਈ ਡਾ. ਭਗਵੰਤ ਸਿੰਘ ਅਤੇ ਡਾ. ਰਮਿੰਦਰ ਕੌਰ ਨੇ ਪੀਲੂ ਸ਼ਾਇਰ ਦਾ ਹੀ ਦਿੱਤਾ ਹੈ ਪ੍ਰੰਤੂ ਅੰਤਿਕਾਵਾਂ ਵਾਲੇ ਭਾਗ ਵਿਚ ਛੇ ਅੰਤਿਕਾਵਾਂ ਹਨ। ਅੰਤਿਕਾ-1 ਵਿਚ ਪੀਲੂ ਦੇ ਕਿੱਸੇ ਵਿਚ ਜਿਹੜੇ ਮਿਥਿਹਾਸਕ/ਇਤਿਹਾਸਕ ਹਵਾਲੇ ਮਿਲਦੇ ਹਨ, ਪਾਠਕਾਂ ਦੀ ਸਹੂਲਤ ਲਈ ਉਨ੍ਹਾਂ 18 ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅੰਤਿਕਾ-2 ਵਿਚ 'ਲੀਜੈਂਡਜ਼ ਆਫ਼ ਪੰਜਾਬ ਵਿਚਲਾ ਪਾਠ' ਅੰਤਿਕਾ-3 ਵਿਚ ਮਿਰਜ਼ਾ-ਸਾਹਿਬਾਂ ਕ੍ਰਿਤ ਹਾਫ਼ਿਜ਼ ਬਰਖ਼ੁਰਦਾਰ, ਅੰਤਿਕਾ-4 ਵਿਚ 'ਦਸਮ ਗ੍ਰੰਥ' ਵਿਚਲੇ ਮਿਰਜ਼ਾ ਸਾਹਿਬਾਂ ਦੇ ਸ਼ਲੋਕ, ਅੰਤਿਕਾ-5 ਵਿਚ ਲੋਕ ਗੀਤਾਂ ਵਿਚ ਮਿਰਜ਼ਾ-ਸਾਹਿਬਾਂ ਦੀ ਗਾਥਾ ਅਤੇ ਅੰਤਿਕਾ-6 ਵਿਚ ਮਿਰਜ਼ਾ ਰਚਿਤ ਚਤਰ ਸਿੰਘ ਦਿੱਤਾ ਗਿਆ ਹੈ। ਪੁਸਤਕ ਦੇ ਅਖ਼ੀਰ ਵਿਚ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ। ਇਨ੍ਹਾਂ ਸਾਰੇ ਤੱਥਾਂ ਕਰਕੇ ਇਹ ਹਵਾਲਾ ਪੁਸਤਕ ਖੋਜ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਵਾਨਾਂ ਲਈ ਸਾਰਥਿਕ ਸਾਬਤ ਹੋਵੇਗੀ।

ਮਾਲਵਾ ਰਿਸਰਚ ਸੈਂਟਰ ਪਟਿਆਲਾ ਨੇ 120 ਪੰਨਿਆਂ, 250 ਰੁਪਏ ਕੀਮਤ ਵਾਲੀ ਇਹ ਪੁਸਤਕ ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ ਐੱਸ.ਏ.ਐੱਸ. ਨਗਰ ਮੋਹਾਲੀ ਤੋਂ ਪ੍ਰਕਾਸ਼ਤ ਕਰਵਾਈ ਹੈ।

# ਇਤਿਹਾਸਕ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ, ਪਿੰਡ ਕੁੱਪ-ਰੋਹੀੜਾ


ਤਰਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)

ਕੁੱਪ-ਰੋਹੀੜਾ ਦਾ ਨਾਮ ਪੰਜਾਬ ਦੇ ਇਤਿਹਾਸ ਵਿਚ ਬਹੁਤ ਅਹਿਮ ਹੈ। ਸਿੱਖ ਇਤਿਹਾਸ ਵਿਚ 5 ਫਰਵਰੀ, 1762 ਈਸਵੀ ਨੂੰ ਇੱਕ ਭਿਆਨਕ ਕਤਲੇਆਮ ਪਿੰਡ ਰੋਹੀੜਾ ਦੀ ਧਰਤੀ 'ਤੇ ਵਾਪਰਿਆ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਇਹ ਕਤਲੇਆਮ ਜ਼ਾਲਮ ਅਹਿਮਦ ਸ਼ਾਹ ਅਬਦਾਲੀ ਦੁਆਰਾ ਸਿੱਖਾਂ ਉੱਤੇ ਕੀਤੇ ਹਮਲੇ ਕਾਰਨ ਹੋਇਆ ਸੀ। ਅਹਿਮਦ ਸ਼ਾਹ ਪੰਜਾਬ ਵਿਚ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਬਰਦਾਸ਼ਤ ਨਹੀਂ ਕਰਦਾ ਸੀ, ਕਿਉਂਕਿ ਜਦੋਂ ਭਾਰਤ 'ਚ ਲੁੱਟਮਾਰ ਕਰਕੇ ਅਹਿਮਦ ਸ਼ਾਹ 1761 ਈਸਵੀ 'ਚ ਪੰਜਾਬ 'ਚੋਂ ਲੰਘਿਆ, ਤਾਂ ਸਿੱਖਾਂ ਨੇ ਹਮਲੇ ਕਰਕੇ ਕੈਦ ਕਰਕੇ ਲਿਜਾਈਆਂ ਜਾ ਰਹੀਆਂ 2200 ਹਿੰਦੂ ਇਸਤਰੀਆਂ ਨੂੰ ਅਹਿਮਦ ਸ਼ਾਹ ਤੋਂ ਛਡਵਾਇਆ ਸੀ। ਹਿੰਦੂਆਂ ਦੀਆਂ ਧੀਆਂ ਨੂੰ ਕੈਦ ਕਰਨਾ ਤੇ ਧੰਨ ਦੌਲਤ ਲੁੱਟਣਾ ਅਹਿਮਦ ਸ਼ਾਹ ਦਾ ਪੇਸ਼ਾ ਬਣ ਗਿਆ ਸੀ। ਜਨਵਰੀ ਵਿਚ ਪਾਣੀਪਤ ਦੀ ਲੜਾਈ ਤੋਂ ਬਾਅਦ ਅਹਿਮਦ ਸ਼ਾਹ ਕਾਬੁਲ ਪਰਤ ਗਿਆ ਸੀ। 1761 ਈਸਵੀ ਦੀ ਦੀਵਾਲੀ ਮਨਾਉਣ ਲਈ ਖ਼ਾਲਸੇ ਵੱਡੀ ਗਿਣਤੀ ਵਿਚ ਅੰਮ੍ਰਿਤਸਰ ਆਏ। 27 ਅਕਤੂਬਰ ਨੂੰ ਉਨ੍ਹਾਂ ਨੇ ਅਹਿਮਦ ਸ਼ਾਹ ਦੇ ਸਾਰੇ ਦੇ ਸਾਰੇ ਸਮਰਥਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਮਤਾ ਪਾਸ ਕੀਤਾ। ਸਿੰਘਾਂ ਨੇ ਜੰਡਿਆਲੇ ਦੇ ਰਹਿਣ ਵਾਲੇ ਅਕੀਲ ਦਾਸ ਨਿਰੰਜਨੀਏ ਨੂੰ ਵੀ ਸੋਧਾ ਲਾਉਣ ਦਾ ਮਨ ਬਣਾਇਆ ਤੇ ਜੰਡਿਆਲੇ ਵੱਲ ਚਾਲੇ ਪਾ ਦਿੱਤੇ ਤੇ ਜੰਡਿਆਲੇ ਨੂੰ ਘੇਰਾ ਪਾ ਲਿਆ। ਨਿਰੰਜਨੀਆਂ ਦਾ ਗੁਰੂ ਅਕੀਲ ਦਾਸ ਜੋ ਜੰਡਿਆਲੇ ਵਿਖੇ ਸੀ, ਅੰਮ੍ਰਿਤਸਰ ਦੇ ਸਭ ਤੋਂ ਨੇੜੇ ਸੀ, ਇਹ ਖ਼ਾਲਸੇ ਦਾ ਵਿਰੋਧੀ ਸੀ। ਜਦੋਂ ਉਸ ਨੂੰ ਮਤੇ ਬਾਰੇ ਪਤਾ ਚੱਲਿਆ, ਤਾਂ ਉਸ ਨੇ ਅਹਿਮਦ ਸ਼ਾਹ ਨੂੰ ਸੁਨੇਹਾ ਭੇਜ ਕੇ ਸਿੱਖਾਂ ਤੋਂ ਜਾਨ ਬਚਾਉਣ ਦਾ ਤਰਲਾ ਕੀਤਾ। ਸੁਨੇਹਾ ਮਿਲਦਿਆਂ ਹੀ ਅਹਿਮਦ ਸ਼ਾਹ ਤੇਜ਼ੀ ਨਾਲ ਲਾਹੌਰ ਪਹੁੰਚ ਗਿਆ। ਜਦੋਂ ਸਿੰਘਾਂ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਨ੍ਹਾਂ ਨੇ ਜੰਡਿਆਲੇ ਦੀ ਘੇਰਾਬੰਦੀ ਚੁੱਕ ਲਈ ਅਤੇ ਮਾਲਵੇ ਵੱਲ ਸੁਰੱਖਿਅਤ ਜਗ੍ਹਾ ਵੱਲ੍ਹ ਤੁਰ ਪਏ ਤੇ ਪਿੰਡ ਕੁੱਪ ਪਹੁੰਚ ਗਏ। ਮਲੇਰਕੋਟਲਾ ਦੇ ਮੁੱਖੀ ਭੀਖਣ ਖਾਨ ਨੇ ਸਰਹਿੰਦ ਦੇ ਅਫ਼ਗਾਨ ਗਵਰਨਰ ਜ਼ੈਨ ਖਾਨ ਨੂੰ ਸੂਚਿਤ ਕੀਤਾ ਕਿ ਸਿੱਖ ਵੱਡੀ ਗਿਣਤੀ ਵਿਚ ਕੁੱਪ ਨੇੜੇ ਇਕੱਠੇ ਹੋ ਰਹੇ ਹਨ। ਜੈਨ ਖਾਨ ਨੇ ਅਹਿਮਦ ਸ਼ਾਹ ਨੂੰ ਸੂਚਿਤ ਕੀਤਾ। ਅਹਿਮਦ ਸ਼ਾਹ ਨੇ 3 ਫਰਵਰੀ 1762 ਈਸਵੀ ਨੂੰ ਆਪਣੇ ਨਾਲ ਇਕ ਲੱਖ ਵਿਸ਼ਾਲ ਸੈਨਾ ਲੈ ਕੇ ਲਾਹੌਰ ਤੋਂ ਕੂਚ ਕੀਤਾ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ ਪਹੁੰਚਿਆ। ਅਹਿਮਦ ਸ਼ਾਹ ਦੁਆਰਾ ਦਿੱਤੇ ਆਦੇਸ਼ ਮੁਤਾਬਕ ਜ਼ੈਨ ਖਾਨ ਅਤੇ ਭੀਖਣ ਖਾਨ, ਸਿੱਖਾਂ ਉੱਪਰ ਹਮਲਾ ਕਰਨ ਲਈ ਤਿਆਰ ਸਨ। ਦੁਸ਼ਮਣਾਂ ਦੇ ਇਤਨਾ ਜਲਦੀ ਪਹੁੰਚਣ ਦਾ ਖ਼ਾਲਸੇ ਕਿਆਸ ਨਹੀਂ ਕਰ ਸਕੇ ਸਨ। ਸਿੱਖਾਂ ਨੇ ਆਪਣੀ ਰਣਨੀਤੀ ਬਣਾਉਣ ਲਈ ਉਨ੍ਹਾਂ ਨੇ ਇਕ ਸਭਾ ਬੁਲਾਈ। ਇਕ ਵਿਚਾਰ ਇਹ ਸੀ ਕਿ ਅੰਤਿਮ ਸਵਾਸ ਤੱਕ ਲੜਾਈ ਲੜੀ ਜਾਵੇ ਅਤੇ ਦੂਸਰਾ ਵਿਚਾਰ ਔਰਤਾਂ ਅਤੇ ਬੱਚਿਆਂ ਦੁਆਲੇ ਮਜ਼ਬੂਤ ਘੇਰਾਬੰਦੀ ਕਰਕੇ ਅੱਗੇ ਵਧਣਾ ਸੀ। ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਮੁੱਖ ਸੈਨਾ ਦੀ ਅਗਵਾਈ ਕੀਤੀ ਅਤੇ ਸੁਰੱਖਿਆ ਅਧੀਨ ਗੈਰ-ਲੜਾਕਿਆ ਨੂੰ ਅੱਗੇ ਵਧਣ ਦੇ ਨਿਰਦੇਸ਼ ਦਿੱਤੇ। ਸਿੰਘ ਘੇਰਾ ਬਣਾ ਕੇ ਜੂਝਦੇ ਹੋਏ ਅੱਗੇ ਨੂੰ ਵਧ ਰਹੇ ਸਨ। ਉਹ ਦੁਸ਼ਮਣਾਂ ਨਾਲ ਲੜਦੇ ਵੀ ਜਾਂਦੇ ਸਨ ਅਤੇ ਅੱਗੇ ਨੂੰ ਵਧਦੇ ਵੀ ਜਾਂਦੇ ਸਨ। ਜਦੋਂ ਸਿੱਖਾਂ ਨੇ 6 ਕਿਲੋਮੀਟਰ ਪੈਂਡਾ ਤੈਅ ਕਰ ਲਿਆ ਸੀ, ਤਾਂ ਅਹਿਮਦ ਸ਼ਾਹ ਨੇ ਇਹ ਘੇਰਾਬੰਦੀ ਤੋੜ ਦਿੱਤੀ। ਬੜੀ ਭਾਰੀ ਲੜਾਈ ਹੋਈ। ਇਸ ਤਰ੍ਹਾਂ ਲੜਾਈ ਵਿਚ ਬਹੁਤ ਸਾਰੇ ਦੁਸ਼ਮਣ ਵੀ ਮਾਰੇ ਗਏ ਤੇ 30000 ਹਜ਼ਾਰ ਸਿੱਖ ਵੀ ਮਾਰੇ ਗਏ, ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ, ਬਜ਼ੁਰਗ ਅਤੇ ਬੱਚੇ ਸ਼ਾਮਲ ਸਨ। ਦੁਪਹਿਰ ਤੋਂ ਬਾਅਦ ਸਿੱਖ ਤੇ ਦੁਸ਼ਮਣ ਲੜਦੇ ਹੋਏ ਹਠੂਰ ਦੀ ਢਾਬ ਪਾਸ ਪਹੁੰਚੇ। ਦੋਹਾਂ ਪਾਸਿਆਂ ਦੀਆਂ ਫੌਜਾਂ ਆਪਣੀ ਪਿਆਸ ਬੁਝਾਉਣ ਲਈ ਢਾਬ ਦੇ ਦੁਆਲੇ ਇਕੱਠੀਆਂ ਹੋ ਗਈਆਂ। ਦੁਸ਼ਮਣ ਨੇ ਭਾਵੇਂ ਬਹੁਤ ਸਾਰੇ ਬੱਚੇ, ਬਜ਼ੁਰਗ ਤੇ ਇਸਤਰੀਆਂ ਮਾਰ ਦਿੱਤੇ ਸਨ, ਪਰ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੱਖਾਂ ਨੂੰ ਖ਼ਤਮ ਕਰ ਸਕਣਾ ਉਨ੍ਹਾਂ ਦੇ ਵਸ ਦੀ ਗਲ ਨਹੀਂ, ਉਨ੍ਹਾਂ ਨੇ ਸਿੱਖਾਂ ਦਾ ਹੋਰ ਪਿੱਛਾ ਕਰਨਾ ਛੱਡ ਦਿੱਤਾ। ਸਿੱਖ ਬਰਨਾਲੇ ਵੱਲ ਚਲੇ ਗਏ। ਇਸ ਤਰ੍ਹਾਂ ਇਕ ਭਿਆਨਕ ਹੱਤਿਆ ਕਾਂਡ ਦਾ ਅੰਤ ਹੋਇਆ। ਜਿਸ ਜਗ੍ਹਾ 30000 ਹਜ਼ਾਰ ਸਿੰਘ-ਸਿੰਘਣੀਆਂ ਸ਼ਹੀਦ ਹੋਏ ਸਨ, ਉਸ ਜਗ੍ਹਾ ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ। ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਲੁਧਿਆਣਾ-ਮਲੇਰਕੋਟਲਾ ਸੜਕ 'ਤੇ ਸਥਿਤ ਮੰਡੀ ਅਹਿਮਦਗੜ੍ਹ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਕੁੱਪ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ।



# ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ ਪੰਜਾਬ ਦਾ ਸੱਭਿਆਚਾਰ



ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)



ਬਦਲਾਉ ਪ੍ਰਕਿਰਤੀ ਦਾ ਨਿਯਮ ਹੈ, ਪਰ ਜਿਸ ਤੇਜ਼ੀ ਨਾਲ ਪੰਜਾਬ ਦਾ ਸੱਭਿਆਚਾਰ ਖਤਮ ਹੋ ਰਿਹਾ ਹੈ, ਉਹ ਹੈਰਾਨੀਜਨਕ ਹੈ। ਪੰਜਾਬ ਦੇ ਸੱਭਿਆਚਾਰ ਵਿਚੋਂ ਸੈਂਕੜੇ ਅਜਿਹੇ ਰੀਤੀ ਰਿਵਾਜ਼ ਅਤੇ ਵਸਤੂਆਂ ਖਤਮ ਹੋ ਗਈਆਂ ਹਨ, ਜਿਨ੍ਹਾਂ ਬਾਰੇ ਨਵੀਂ ਪੀੜ੍ਹੀ ਨੂੰ ਕੁਝ ਵੀ ਪਤਾ ਨਹੀਂ ਹੈ।

ਪੰਜਾਬ ਦੇ ਸੱਭਿਆਚਾਰ ਬਾਰੇ ਕਿਸੇ ਕਵੀ ਦੇ ਦਿਲ ਵਿਚੋਂ ਇਸ ਤਰ੍ਹਾਂ ਹੂਕ ਨਿਕਲੀ ਹੈ,

ਉਹ ਮੋਹਲਾ, ਉਹ ਉੱਖਲੀ, ਉਹ ਚੱਕੀ, ਉਹ ਦਾਣੇ।
ਵਿਆਹਾਂ ਦੀ ਭਾਜੀ, ਪਤਾਸੇ ਮਖਾਣੇ।
ਨਾ ਰਹੇ ਆਟੇ, ਪਰਾਤਾਂ ਨਾ ਰਹੀਆਂ।
ਉਹ ਡੋਲੀ, ਉਹ ਤੰਬੂ, ਕਨਾਤਾਂ ਨਾ ਰਹੀਆਂ।
ਉਹ ਗੱਲਾਂ ਨਾ ਰਹੀਆਂ, ਉਹ ਬਾਤਾਂ ਨਾ ਰਹੀਆਂ।

ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁਣ ਸਿਰਫ ਪੁਰਾਣੀਆਂ ਪੰਜਾਬੀ ਫਿਲਮਾਂ ਜਾਂ ਮਿਊਜ਼ੀਅਮਾਂ ਵਿਚ ਹੀ ਹੁੰਦੇ ਹਨ। ਅੱਜ ਜੇ ਕੋਈ ਖੁੱਲ੍ਹਾ ਕੁੜਤਾ ਤੇ ਧੂੰਹਵਾਂ ਚਾਦਰਾ ਬੰਨ੍ਹ ਕੇ ਬਜ਼ਾਰ ਵਿਚ ਦੀ ਲੰਘ ਜਾਵੇ, ਤਾਂ ਲੋਕ ਮੁੜ-ਮੁੜ ਕੇ ਵੇਖਦੇ ਹਨ। ਪੰਜਾਬ ਦੇ 1% ਘਰਾਂ ਵਿਚ ਵੀ ਹੁਣ ਚਾਟੀ ਵਿਚ ਮਧਾਣੀ ਨਹੀਂ ਖੜਕਦੀ। ਘਰ ਦੇ ਦਹੀਂ, ਲੱਸੀ, ਮੱਖਣ ਤੇ ਘਿਉ ਦਾ ਸਵਾਦ ਲੋਕਾਂ ਨੂੰ ਭੁੱਲ ਗਿਆ ਹੈ। ਕੁੱਜੇ ਵਿਚ ਰਿੱਝਦਾ ਸਾਗ, ਦਾਣੇ ਭੁੰਨਣ ਵਾਲੀ ਭੱਠੀ, ਕਮਾਦ ਪੀੜਨ ਵਾਲਾ ਵੇਲਣਾ, ਗੁੜ ਬਣਾਉਣ ਵਾਲੇ ਕੜਾਹੇ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ।

ਨਵੀਂ ਪੀੜ੍ਹੀ ਨੂੰ ਤਾਂ ਹੁਣ ਸੈਂਕੜੇ ਚੀਜ਼ਾਂ ਦੇ ਨਾਮ ਵੀ ਨਹੀਂ ਪਤਾ। ਉਨ੍ਹਾਂ ਨੂੰ ਮਾਲੂਮ ਹੀ ਨਹੀਂ ਕਿ ਗੁੱਲੀ ਡੰਡਾ, ਬੰਟੇ (ਕੱਚ ਦੀਆਂ ਗੋਲੀਆਂ), ਲਿਖਣ ਵਾਲੀਆਂ ਫੱਟੀਆਂ, ਲਾਟੂ, ਲੁੱਕਣ ਮੀਟੀ, ਬਾਂਦਰ ਕਿੱਲਾ, ਸ਼ਟਾਪੂ, ਪਿੱਠੂ ਗਰਮ, ਛੂਹਣ ਛਪਾਈ, ਬੰਟੇ ਖੇਡਣ ਵਾਲੀ ਖੁੱਤੀ ਤੇ ਗੁੱਲੀ ਡੰਡਾ ਖੇਡਣ ਵਾਲੀ ਰਾਬ ਕੀ ਹੁੰਦੀ ਹੈ? ਸਾਉਣ ਮਹੀਨੇ ਲੱਗਦੀਆਂ ਤੀਆਂ ਹੁਣ ਸਿਰਫ ਗਾਣਿਆਂ ਜਾਂ ਫਿਲਮਾਂ ਵਿਚ ਰਹਿ ਗਈਆਂ ਹਨ। ਪਿੱਪਲਾਂ ਬੋਹੜਾਂ ਥੱਲੇ ਹੁਣ ਸੱਥਾਂ ਨਹੀਂ ਲੱਗਦੀਆਂ, ਉਨ੍ਹਾਂ ਦੀ ਜਗ੍ਹਾ ਐੱਮ.ਪੀ. ਕੋਟੇ ਵਿਚੋਂ ਆਏ ਸੀਮਿੰਟ ਦੇ ਬੈਂਚਾਂ ਨੇ ਲੈ ਲਈ ਹੈ। ਤਾਂਗਾ ਕਿਤੇ ਵਿਰਲਾ ਟਾਵਾਂ ਹੀ ਦਿਸਦਾ ਹੈ। ਪਹਿਲਾਂ ਸ਼ਹਿਰਾਂ ਵਿਚ ਤਾਂਗੇ ਖੜ੍ਹੇ ਕਰਨ ਲਈ ਖਾਸ ਤੌਰ ’ਤੇ ਤਾਂਗਾ ਸਟੈਂਡ ਬਣੇ ਹੁੰਦੇ ਸਨ। ਪਿੰਡਾਂ ਵਿਚ ਵਿਕਣ ਆਉਣ ਵਾਲੀ ਮਲਾਈ ਬਰਫ ਦੀ ਜਗ੍ਹਾ ਕੁਲਫੀਆਂ ਅਤੇ ਆਈਸ ਕਰੀਮਾਂ ਨੇ ਲੈ ਲਈ ਹੈ। ਫੇਰੀ ਵਾਲੇ ਵੱਲੋਂ ਕਾਗਜ਼ ’ਤੇ ਪਾ ਕੇ ਦਿੱਤੀ ਜਾਂਦੀ ਮਲਾਈ ਬਰਫ ਦੀ ਇੱਕ ਪਤਲੀ ਜਿਹੀ ਕਾਤਰ ਅਮੁੱਲ ਦੀ ਪਿਸਤਾ ਕੁਲਫੀ ਨਾਲੋਂ ਜ਼ਿਆਦਾ ਮਜ਼ਾ ਦਿੰਦੀ ਸੀ।

ਹੁਣ ਕੋਈ ਕਿਸਾਨ ਖੇਤੀਬਾੜੀ ਲਈ ਬਲਦ ਜਾਂ ਊਠ ਨਹੀਂ ਪਾਲਦਾ। ਗੱਡੇ, ਹਲ੍ਹ, ਪੰਜਾਲੀਆਂ, ਅਰਲੀ, ਹੱਥ ਤੇ ਡੰਗਰਾਂ ਨਾਲ ਚੱਲਣ ਵਾਲੇ ਟੋਕੇ, ਵੇਲਣੇ, ਵੱਟਾਂ ਪਾਉਣ ਵਾਲੇ ਜਿੰਦਰੇ, ਤੂੜੀ ਦੇ ਮੂਸਲ ਤੇ ਫਲ੍ਹੇ ਆਦਿ ਵਰਗੇ ਖੇਤੀ ਦੇ ਸੰਦ ਅਜਾਇਬਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਘਰਾਂ ਵਿਚ ਵਰਤਣ ਵਾਲਾ ਸਮਾਨ ਜਿਵੇਂ ਹੱਥ ਵਾਲੀਆਂ ਚੱਕੀਆਂ, ਮਧਾਣੀਆਂ, ਸੇਵੀਆਂ ਵੱਟਣ ਵਾਲੀ ਬਿੱਲੀ, ਕਾੜ੍ਹਨੀ, ਚਾਟੀ, ਚੱਕਵੇਂ ਚੁਲ੍ਹੇ, ਨਾਲੇ ਅਤੇ ਖੇਸ ਬੁਣਨ ਵਾਲੀ ਖੱਡੀ, ਕਿੱਲੀਆਂ, ਚਰਖੇ, ਸਰ੍ਹੋਂ ਦੇ ਤੇਲ ਵਾਲੇ ਦੀਵੇ, ਆਟੇ ਦੀਆਂ ਚਿੜੀਆਂ ਤੇ ਘਰ ਦਾ ਗੁੜ ਸ਼ੱਕਰ ਵੀ ਗਾਇਬ ਹੋ ਗਏ ਹਨ। ਹੁਣ ਕੁੜੀਆਂ ਪਹਿਲਾਂ ਵਾਂਗ ਤ੍ਰਿੰਝਣਾਂ ਵਿਚ ਬੈਠ ਕੇ ਸੂਤ ਨਹੀਂ ਕੱਤਦੀਆਂ। ਪਿੱਤਲ ਤੇ ਕਾਂਸੀ ਦੀ ਜਗ੍ਹਾ ਸਟੀਲ ਦੇ ਭਾਂਡੇ ਆ ਜਾਣ ਕਾਰਨ ਕਲੀ ਕਰਨ ਵਾਲਿਆਂ ਦੇ ਹੋਕੇ ਵੀ ਸੁਣਾਈ ਨਹੀਂ ਦੇਂਦੇ। ਸਕੂਲ ਜਾਣ ਲਈ ਬੋਰੀ ਵਾਲੇ ਬਸਤੇ ਹੁੰਦੇ ਸਨ। ਜਮਾਤ ਵਿਚ ਬੈਠਣ ਲਈ ਬੋਰੀ ਜਾਂ ਇੱਟ ਨਾਲ ਸਾਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਬਸਤਾ ਚਿੱਟੀ ਬੋਰੀ ਬਣਿਆ ਹੁੰਦਾ ਸੀ, ਉਸ ਦਾ ਸਾਰੀ ਕਾਲਸ ਵਿਚ ਟੌਹਰ ਹੁੰਦਾ ਸੀ।

ਵਿਆਹਾਂ ਦੀ ਸ਼ਾਨ ਅਤੇ ਮੋਹ ਪਿਆਰ ਖਤਮ ਹੋ ਗਿਆ ਹੈ। ਪਹਿਲਾਂ ਜੰਞ ਕਈ ਕਈ ਦਿਨ ਤੱਕ ਰੱਖੀ ਜਾਂਦੀ ਸੀ। ਕੋਈ ਜਿੰਨੇ ਦਿਨ ਵੱਧ ਜੰਞ ਰੱਖਦਾ, ਉਨੀ ਹੀ ਇਲਾਕੇ ਵਿਚ ਬੱਲੇ-ਬੱਲੇ ਹੁੰਦੀ। ਕਈ ਵਾਰ ਤਾਂ ਬਰਾਤ ਤਰਲੇ ਕੱਢ ਕੇ ਵਾਪਸ ਜਾਂਦੀ ਸੀ ਕਿ ਹੁਣ ਸਾਨੂੰ ਘਰ ਦੇ ਕੰਮ ਵੀ ਕਰ ਲੈਣ ਦਿਉ। ਸਾਰਾ ਪਿੰਡ ਰਲ-ਮਿਲ ਕੇ ਬਰਾਤ ਦੀ ਸੇਵਾ ਕਰਦਾ ਸੀ। ਪਿੰਡ ਦੇ ਨਾਈ ਲਾਗੀ ਹੀ ਸਾਰਾ ਖਾਣਾ ਤਿਆਰ ਕਰਦੇ ਸਨ, ਨਾ ਕੋਈ ਮੈਰਿਜ ਪੈਲੇਸ ਦਾ ਖਰਚਾ ਤੇ ਨਾ ਕੈਟਰਿੰਗ ਦਾ। ਜਾਂਞੀਆਂ ਵਾਸਤੇ ਖੁੱਲ੍ਹੀਆਂ ਮਿਠਾਈਆਂ, ਮਿੱਠੇ ਨਮਕੀਨ ਚਾਵਲ, ਮੁਰਗਾ ਬੱਕਰਾ ਅਤੇ ਘੋੜੀਆਂ ਵਾਸਤੇ ਵਧੀਆ ਦਾਣਾ ਵਰਤਾਇਆ ਜਾਂਦਾ ਸੀ। ਸ਼ਰੀਕੇ ਬਰਾਦਰੀ ਵਾਲੇ ਸੰਭਾਲਣ ਵਾਸਤੇ ਇੱਕ ਇੱਕ ਘੋੜੀ ਆਪਣੇ ਘਰ ਬੰਨ੍ਹ ਲੈਂਦੇ ਸਨ, ਤਾਂ ਜੋ ਕੁੜੀ ਵਾਲੇ ’ਤੇ ਬਹੁਤਾ ਬੋਝ ਨਾ ਪਵੇ। ਬਹੁਤ ਮਜ਼ਾ ਆਉਂਦਾ ਸੀ, ਜਦੋਂ ਲਾਗੀ ਸਵੇਰੇ ਸਵੇਰ ਨਾਨਕੇ ਮੇਲ ਨੂੰ ਮੰਜੀਆਂ ’ਤੇ ਪਿੱਤਲ ਦਾ ਡੱਕਵਾਂ ਚਾਹ ਦਾ ਗਲਾਸ ਤੇ ਨਾਲ ਮਿੱਠੀ ਬੂੰਦੀ ਅਤੇ ਮੱਠੀਆਂ ਦੇ ਥਾਲ ਵਰਤਾਉਂਦਾ ਸੀ। ਮਿੱਟੀ ਦੇ ਕੋਠਿਆਂ ’ਤੇ ਸਿਰਕੀ ਅਤੇ ਕਾਨਿਆਂ ਦੀਆਂ ਛੱਤਾਂ ਹੁਣ ਕੋਈ ਨਹੀਂ ਪਾਉਂਦਾ। ਬਿਜਲੀ ਦੀਆਂ ਮੋਟਰਾਂ ਕਾਰਨ ਖੂਹਾਂ ਦਾ ਵਜੂਦ ਖਤਮ ਹੋ ਗਿਆ ਹੈ। ਜੇ ਕਿਸੇ ਪਿੰਡ ਵਿਚ ਖੂਹ ਹੈ ਵੀ, ਤਾਂ ਉਹ ਕੂੜਾ-ਕਰਕਟ ਸੁੱਟਣ ਦੇ ਕੰਮ ਆਉਂਦਾ ਹੈ। ਪਹਿਲਾਂ ਪਿੰਡਾਂ ਵਿਚ ਡੰਗਰ ਦੇ ਚਰਨ ਵਾਸਤੇ ਚਰਾਂਦਾ ਅਤੇ ਰੌੜਾਂ ਹੁੰਦੀਆਂ ਸਨ। ਹਰੀ ਕ੍ਰਾਂਤੀ ਕਾਰਨ ਉਹ ਵੀ ਖਤਮ ਹੋ ਗਏ। ਨਹਿਰੀ ਪਾਣੀ ਦੀ ਵਾਰੀ ਸਹੀ ਸਮੇਂ ’ਤੇ ਲਾਉਣ ਲਈ ਪਿੰਡ ਵਿਚ ਇੱਕ ਘੜੀ ਵਾਲਾ ਰਾਖਾ ਹੁੰਦਾ ਸੀ। ਉਸ ਨੂੰ ਹਾੜ੍ਹੀ ਸਾਉਣੀ ਸਾਰੇ ਪਿੰਡ ਵਾਲੇ ਥੋੜ੍ਹੇ-ਥੋੜ੍ਹੇ ਪੈਸੇ ਇਕੱਠੇ ਕਰ ਕੇ ਦੇਂਦੇ ਸਨ। ਉਹ ਹੀ ਹਰੇਕ ਦੇ ਪਾਣੀ ਦੀ ਵਾਰੀ ਦਾ ਸਹੀ ਸਮਾਂ ਦੱਸਦਾ ਸੀ।

ਵਟਸਐੱਪ ਤੇ ਈਮੇਲਾਂ ਕਾਰਨ ਹੁਣ ਕੋਈ ਚਿੱਠੀਆਂ ਨਹੀਂ ਪਾਉਂਦਾ। ਬੱਚਿਆਂ ਦੇ ਬਸਤਿਆਂ ਵਿਚੋਂ ਕਲਮ, ਦਵਾਤ, ਫੱਟੀ, ਕੈਦਾ, ਪਹਾੜੇ ਅਤੇ ਸਲੇਟਾਂ ਖਤਮ ਹੋ ਗਏ ਸਨ। ਲੀਰਾਂ ਨਾਲ ਬਣਾਈਆਂ ਗੁੱਡੀਆਂ ਪਟੋਲੇ ਤੇ ਖਿੱਦੋ ਖੂੰਡੀ ਦੀ ਜਗ੍ਹਾ ਚੀਨੀ ਮਾਲ ਨੇ ਲੈ ਲਈ ਹੈ। ਬਿਜਲੀ ਦੀਆਂ ਚੱਕੀਆਂ ਨੇ ਖਰਾਸ ਅਤੇ ਘਰਾਟ ਖਾ ਲਏ ਹਨ। ਘਰਾਟਾਂ ਤੇ ਖਰਾਸਾਂ ਦਾ ਆਟਾ ਹੌਲੀ-ਹੌਲੀ ਪੀਸਿਆ ਹੋਣ ਕਾਰਨ ਬਹੁਤ ਗੁਣਕਾਰੀ ਤੇ ਮਿੱਠਾ ਹੁੰਦਾ ਸੀ। ਪੰਜਾਬੀ ਦੇ ਕਈ ਸ਼ਬਦ ਜਿਵੇਂ ਫੰਡੇ, ਝੰਡ ਕਰਨੀ, ਇਕੋਤਰ ਸੌ, ਬੂਥਾ, ਗੁੱਗੇ ਦੀ ਥੜ੍ਹੀ, ਧੌਲ, ਹੂਰਾ, ਛਾਹ ਵੇਲਾ, ਲੌਢਾ ਵੇਲਾ, ਮੜਾਸਾ, ਮੜ੍ਹੰਗਾ, ਮਛੋਹਰ, ਲਾਪਰਨਾ, ਤੜਾਗੀ ਆਦਿ ਤਾਂ ਨਵੀਂ ਪੀੜ੍ਹੀ ਨੂੰ ਏਲੀਅਨ ਲੱਗਦੇ ਹਨ। ਪਾਣੀ ਗੰਦਾ ਹੋਣ ਕਾਰਨ ਟੋਬਿਆਂ ਵਿਚ ਨਹਾਉਣ ਦੀ ਕੋਈ ਹਿੰਮਤ ਨਹੀਂ ਕਰਦਾ ਤੇ ਨਾ ਹੀ ਵਿਆਹਾਂ ਵੇਲੇ ਪਿੰਡਾਂ ਵਿਚ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ ਹਨ। ਪੱਕੀਆਂ ਫਰਸ਼ਾਂ ਕਾਰਨ ਘਰਾਂ ਵਿਚ ਗੋਹੇ ਮਿੱਟੀ ਦਾ ਪੋਚਾ ਫੇਰਨਾ ਬੰਦ ਹੋ ਗਿਆ ਹੈ ਤੇ ਨਾ ਹੀ ਸੁਆਣੀਆਂ ਕੰਧਾਂ ’ਤੇ ਕਾਂ ਚਿੜੀਆਂ ਬਣਾਉਂਦੀਆਂ ਹਨ।


ਪੰਜਾਬ ਵਿਚ ਪਰਿਵਾਰਕ ਕਦਰਾਂ-ਕੀਮਤਾਂ ਅਤੇ ਸਾਂਝ ਖਤਮ ਹੋਣ ਦਾ ਮੁੱਢ 1970ਵਿਆਂ ਵਿਚ ਟੈਲੀਵਿਜ਼ਨ ਦੇ ਪ੍ਰਵੇਸ਼ ਨਾਲ ਬੱਝਣਾ ਸ਼ੁਰੂ ਹੋਇਆ ਸੀ। ਸਾਰਾ ਟੱਬਰ ਘੜੀ ਵੱਲ ਵੇਖਦਾ ਰਹਿੰਦਾ ਸੀ ਕਿ ਕਿਸ ਵੇਲੇ 6 ਵੱਜਣ ’ਤੇ ਜਲੰਧਰ ਟੇਸ਼ਨ ਸ਼ੁਰੂ ਹੋਵੇ। ਹੁਣ ਇਹ ਜ਼ਮਾਨਾ ਆ ਗਿਆ ਹੈ ਕਿ ਜਿੰਨੇ ਕਮਰੇ ਉਨੇ ਟੀ.ਵੀ. ਤੇ ਉਹ ਵੀ 24 ਘੰਟੇ ਚੱਲਦੇ ਹਨ। ਪਹਿਲਾਂ ਪਿੰਡਾਂ ਵਿਚ ਰੋਟੀ ਖਾ ਕੇ ਲੋਕ ਅੱਠ ਵਜੇ ਤੱਕ ਸੌਂ ਜਾਂਦੇ ਸਨ। ਪਰ ਹੁਣ ਅੱਧੀ ਰਾਤ ਤੱਕ ਟੀ.ਵੀ. ਨੂੰ ਚੰਬੜੇ ਰਹਿੰਦੇ ਹਨ। ਇੱਕ ਘਰ ਵਿਚ ਰਹਿਣ ਵਾਲੇ ਵੀ ਕਈ-ਕਈ ਦਿਨ ਆਪਸ ਵਿਚ ਗੱਲ ਨਹੀਂ ਕਰਦੇ। ਫਿਰ ਰਹੀ ਸਹੀ ਕਸਰ ਹੁਣ ਇੰਟਰਨੈੱਟ ’ਤੇ ਮੋਬਾਈਲ ਨੇ ਪੂਰੀ ਕਰ ਦਿੱਤੀ ਹੈ। ਘਰ ਦੇ ਮੈਂਬਰ, ਕੀ ਬੁੱਢੇ ਕੀ ਬੱਚੇ ਕੀ ਜਵਾਨ, ਸਾਰਾ ਦਿਨ ਸਕਰੀਨ ’ਤੇ ਉਂਗਲਾਂ ਮਾਰਦੇ ਰਹਿੰਦੇ ਹਨ। ਕਿਸੇ ਕੋਲ ਆਪਸ ਵਿਚ ਗੱਲ ਕਰਨ ਦਾ ਵਕਤ ਨਹੀਂ ਹੈ। ਮੋਬਾਈਲ ਆਉਣ ਤੋਂ ਪਹਿਲਾਂ ਸਾਰੇ ਪਰਿਵਾਰ ਕੋਲ ਇੱਕ ਹੀ ਟੈਲੀਫੋਨ ਹੁੰਦਾ ਸੀ, ਜਿਸ ਨੂੰ ਬਹੁਤ ਸ਼ਾਨ ਨਾਲ ਘਰ ਦੇ ਸਭ ਤੋਂ ਖਾਸ ਕੋਨੇ ਵਿਚ ਸਜਾ ਕੇ ਰੱਖਿਆ ਜਾਂਦਾ ਸੀ, ਤਾਂ ਜੋ ਆਏ ਗਏ ਨੂੰ ਸਾੜਿਆ ਜਾ ਸਕੇ। ਗਲੀ-ਮੁਹੱਲੇ ਵਾਲੇ ਵੀ ਟੈਲੀਫੋਨ ਵਾਲੇ ਬੰਦੇ ਦਾ ਨੰਬਰ ਆਪਣੇ ਰਿਸ਼ਤੇਦਾਰਾਂ ਨੂੰ ਦੇ ਛੱਡਦੇ ਸਨ। ਇਸ ਗੱਲ ਦਾ ਕੋਈ ਗੁੱਸਾ ਨਹੀਂ ਸੀ ਕਰਦਾ, ਬਲਕਿ ਜਦੋਂ ਕਿਸੇ ਆਂਢੀ-ਗੁਆਂਢੀ ਦੀ ਕਾਲ ਆਉਣੀ ਤਾਂ ਬਹੁਤ ਚਾਅ ਨਾਲ ਦੌੜ ਕੇ ਬੁਲਾ ਕੇ ਲਿਆਉਣਾ।

ਤਰੱਕੀ ਹਰ ਸਮਾਜ ਦਾ ਅਨਿੱਖੜਵਾਂ ਅੰਗ ਹੈ। ਸਾਨੂੰ ਦੁਨੀਆਂ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪੈਣਾ ਹੈ ਪਰ ਨਾਲ ਦੀ ਨਾਲ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੈਨੇਡਾ, ਅਮਰੀਕਾ ਵਿਚ 100-100 ਸਾਲ ਤੋਂ ਵੱਸ ਰਹੇ ਪੰਜਾਬੀ ਪ੍ਰਵਾਸੀ ਵੀ ਬੱਚਿਆਂ ਦੇ ਰਿਸ਼ਤੇ ਕਰਨ ਵੇਲੇ ਕੁੜੀ ਮੁੰਡੇ ਵਾਲਿਆਂ ਦਾ ਪਿਛਲਾ ਪਿੰਡ ਜ਼ਰੂਰ ਪਤਾ ਕਰਦੇ ਹਨ। ਕੋਈ ਦਰੱਖਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ-ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।

# ਸੱਸਾਂ ਵੀ ਮਾਵਾਂ ਨੇ !



ਹਰਕੀਰਤ ਕੌਰ
97791-18066
(Punjab Mail USA)



ਘਰ ਪਰਿਵਾਰ ਨੂੰ ਸੰਜੋਅ ਕੇ ਰੱਖਣ ਵਿਚ ਘਰ ਦੀਆਂ ਔਰਤ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਭਾਵੇਂ ਹਰ ਰਿਸ਼ਤੇ ਵਿਚ ਨੋਕ-ਝੋਕ, ਨਿੱਕੀਆਂ-ਮੋਟੀਆਂ ਸ਼ਿਕਾਇਤਾਂ, ਸ਼ਿਕਵੇ ਆਮ ਹੁੰਦੇ ਹਨ, ਪਰ ਸਾਰੇ ਰਿਸ਼ਤਿਆਂ ਵਿਚੋਂ ਨੂੰਹ-ਸੱਸ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੈ, ਜਿਸਦੀ ਨੋਕ-ਝੋਕ ਦਾ ਜ਼ਿਕਰ ਸਾਡੇ ਲੋਕ ਗੀਤਾਂ, ਲੋਕ-ਕਥਾਵਾਂ, ਅਖਾਣਾਂ ਵਿਚ ਵੀ ਭਰਪੂਰ ਹੋਇਆ ਹੈ। ਨੂੰਹ-ਸੱਸ ਦਾ ਰਿਸ਼ਤਾ ਸਾਡੇ ਸਮਾਜਿਕ ਤਾਣੇ-ਬਾਣੇ ਦਾ ਇੱਕ ਬਹੁਤ ਹੀ ਅਨਿੱਖੜਵਾਂ ਅੰਗ ਹੈ। ਇਹ ਇੱਕ ਅਜਿਹਾ ਰਿਸ਼ਤਾ ਹੈ, ਜੋ ਪਿਆਰ, ਸਤਿਕਾਰ, ਤਲਖੀਆਂ, ਉਲਾਮਿਆਂ ਮਿਹਣਿਆਂ, ਨਿੱਕੀ-ਮੋਟੀ ਨੋਕ-ਝੋਕ ਨਾਲ ਭਰਪੂਰ ਹੈ। ਸਾਡੇ ਲੋਕ ਗੀਤਾਂ, ਕਥਾਵਾਂ, ਅਖਾਣਾਂ ਵਿਚ ਇਸ ਰਿਸ਼ਤੇ ਦੀਆਂ ਤਲਖੀਆਂ ਨੂੰ ਹੀ ਜ਼ਿਆਦਾ ਪੇਸ਼ ਕੀਤਾ ਗਿਆ ਹੈ, ਜਿਵੇਂ ਕਿ "ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਨੀ ਸੱਸੇ ਤੇਰੀ ਮੱਝ ਮਰਜੇ।" ਮਿਹਣਿਆਂ ਦੇ ਰੂਪ ਵਿਚ "ਮੇਰੀ ਸੱਸ ਦਾ ਭਤੀਜਾ ਆਇਆ, ਖੰਡ ਦੀਆਂ ਆਉਣ ਬੋਰੀਆਂ।" ਅਜਿਹੀਆਂ ਅਨੇਕਾਂ ਹੀ ਉਦਹਾਰਣਾਂ ਸਾਨੂੰ ਪੰਜਾਬੀ ਅਖਾਣਾਂ, ਬੋਲੀਆਂ ਵਿਚੋਂ ਮਿਲ ਜਾਣਗੀਆਂ। ਪਰ ਇਨ੍ਹਾਂ ਵਿਚ ਹਮੇਸ਼ਾ ਸੱਸ ਦੇ ਤਾਨਾਸ਼ਾਹੀ ਰੂਪ ਨੂੰ ਹੀ ਦਰਸਾਇਆ ਗਿਆ ਹੈ।

ਇਹ ਰਿਸ਼ਤਾ ਪਰਿਵਾਰਿਕ ਸਦਭਾਵਨਾ, ਏਕਤਾ ਦਾ ਥੰਮ੍ਹ ਹੈ। ਜਿਸ ਘਰ ਪਰਿਵਾਰ ਵਿਚ ਨੂੰਹ ਸੱਸ ਦੀ ਨੋਕ-ਝੋਕ ਨਹੀਂ ਹੁੰਦੀ, ਉਨ੍ਹਾਂ ਘਰਾਂ ਦੇ ਵਿਹੜਿਆਂ ਵਿਚ ਬਰਕਤਾਂ ਹਮੇਸ਼ਾ ਪੈਲਾਂ ਪਾਉਂਦੀਆਂ ਹਨ। ਇਸ ਰਿਸ਼ਤੇ ਨੂੰ ਮਾਵਾਂ ਧੀਆਂ ਦਾ ਰਿਸ਼ਤਾ ਬਣਾਉਣ ਲਈ ਦੋਨਾਂ ਧਿਰਾਂ ਦਾ ਭਾਵ ਕਿ ਨੂੰਹ ਅਤੇ ਸੱਸ ਦਾ ਸਮਝਦਾਰ, ਸੂਹਜ, ਸਬਰ ਭਰਪੂਰ ਹੋਣਾ ਬਹੁਤ ਜ਼ਰੂਰੀ ਹੈ। ਸੱਸਾਂ ਨੂੰ ਇਹ ਸਮਝਣਾ ਪਵੇਗਾ ਕਿ ਨੂੰਹਾਂ ਉਨ੍ਹਾਂ ਦੀਆਂ ਅਸਲੀ ਧੀਆਂ ਹਨ ਅਤੇ ਨੂੰਹਾਂ ਨੂੰ ਇਹ ਗੱਲ ਉੱਤੇ ਪਹਿਰਾ ਦੇਣਾ ਹੋਵੇਗਾ ਕਿ ਸੱਸ ਹੀ ਉਨ੍ਹਾਂ ਦੀ ਅਸਲੀ ਮਾਂ ਹੈ। ਜੇਕਰ ਸੱਸ ਨੂੰਹ ਨੂੰ ਕਿਸੇ ਗੱਲ ’ਤੇ ਰੋਕ-ਟੋਕ ਕਰ ਰਹੀ ਹੈ, ਤਾਂ ਨੂੰਹ ਦਾ ਫਰਜ਼ ਬਣਦਾ ਹੈ ਕਿ ਉਸ ਗੱਲ ਨੂੰ ਆਪਣੀ ਹੀਣਤਾ ਨਾ ਸਮਝਦੇ ਹੋਏ, ਇਹ ਸਮਝੇ ਕਿ ਉਸਦੀ ਮਾਂ ਨੇ ਵੀ ਕਿਸੇ ਵੇਲੇ ਗਲਤੀ ਤੋਂ ਡਾਂਟਿਆ, ਝਿੜਕਿਆ ਹੋਵੇਗਾ, ਕੀ ਉਸ ਸਮੇਂ ਉਸਨੇ ਮਾਂ ਦੀ ਗੱਲ ਦਾ ਗੁੱਸਾ ਕੀਤਾ ਸੀ? ਇਸੇ ਤਰ੍ਹਾਂ ਸੱਸਾਂ ਨੂੰ ਵੀ ਚਾਹੀਦਾ ਹੈ ਕਿ ਜੇਕਰ ਨੂੰਹ ਕੋਲੋਂ ਕੋਈ ਗਲਤੀ ਹੋ ਰਹੀ ਹੈ, ਤਾਂ ਉਸਨੂੰ ਤਾਅਨਾ ਜਾਂ ਮਿਹਣਾ ਦੇਣ ਦੀ ਜਗ੍ਹਾ ਪਿਆਰ ਨਾਲ ਸਮਝਾਇਆ ਜਾਵੇ, ਜਿਵੇਂ ਕਦੇ ਉਸਨੇ ਆਪਣੀ ਧੀ ਨੂੰ ਗਲਤੀ ਤੋਂ ਸਮਝਾਇਆ ਹੋਵੇਗਾ। ਜੇਕਰ ਦੋਵੇ ਧਿਰਾਂ ਇੱਕ ਦੂਸਰੇ ਪ੍ਰਤੀ ਆਕੜ, ਵਿਰੋਧ ਦੀ ਭਾਵਨਾ ਦੀ ਬਜਾਇ ਪਿਆਰ ਅਤੇ ਸਤਿਕਾਰ ਨੂੰ ਪਹਿਲ ਦੇਣ ਤਾਂ ਇਹ ਰਿਸ਼ਤਾ ਹੋਰ ਵੀ ਖੂਬਸੂਰਤ ਬਣ ਸਕਦਾ ਹੈ।

ਪਰਿਵਾਰ ਦੇ ਮਰਦ ਮੈਂਬਰ ਦਿਨ ਭਰ ਦੀ ਮਿਹਨਤ ਅਤੇ ਕੰਮ ਤੋਂ ਥੱਕੇ ਜਦੋਂ ਘਰ ਆਉਂਦੇ ਹਨ, ਤਾਂ ਉਨ੍ਹਾਂ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਹੱਸਦੇ ਚਿਹਰਿਆਂ ਨਾਲ ਉਨ੍ਹਾਂ ਦੀ ਉਡੀਕ ਕਰਦੇ ਹੋਣ, ਪਰ ਬਹੁਤਾਤ ਮਰਦ ਮੈਬਰਾਂ ਨੂੰ ਸਾਰੇ ਦਿਨ ਦੀ ਥੱਕ-ਟੁੱਟ ਤੋਂ ਉਪਰੰਤ ਮਾਂ ਜਾਂ ਪਤਨੀ ਦੇ ਉਦਾਸ ਜਾਂ ਗੁਸੈਲੇ ਚਿਹਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਜਿੱਥੇ ਘਰ ਦਾ ਮਾਹੌਲ ਖਰਾਬ ਹੁੰਦਾ ਹੈ, ਨਾਲ ਦੀ ਨਾਲ ਪਰਿਵਾਰਿਕ ਮੈਬਰਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਦਾ ਵੀ ਨੁਕਸਾਨ ਹੁੰਦਾ ਹੈ।

ਅਜਿਹੀ ਸਥਿਤੀ ਵਿਚ ਨੂੰਹ ਅਤੇ ਸੱਸ ਦੋਨਾਂ ਦਾ ਫਰਜ਼ ਬਣਦਾ ਹੈ ਕਿ ਉਹ ਘਰ ਦਾ ਮਾਹੌਲ ਅਜਿਹਾ ਬਣਾ ਕੇ ਰੱਖਣ ਕਿ ਬਾਹਰੋਂ ਆਏ ਹੋਰ ਪਰਿਵਾਰਕ ਮੈਂਬਰ ਘਰ ਆ ਕੇ ਸਕੂਨ ਮਹਿਸੂਸ ਕਰਨ। ਜੇਕਰ ਨੂੰਹ ਸੱਸ ਵਿਚ ਕੋਈ ਕਿਹਾ ਸੁਣੀ ਹੋਈ ਵੀ ਹੈ, ਤਾਂ ਉਸਨੂੰ ਆਪਸ ਵਿਚ ਬੈਠ ਕੇ ਮਾਵਾਂ ਧੀਆਂ ਵਾਂਗ ਪਹਿਲਾਂ ਹੀ ਸੁਲਝਾ ਲਿਆ ਜਾਵੇ। ਜੇਕਰ ਕੋਈ ਗੰਭੀਰ ਗੱਲ ਹੈ, ਤਾਂ ਜਦੋਂ ਸਾਰਾ ਪਰਿਵਾਰ ਇਕੱਠਾ ਹੋਵੇ, ਉਸ ਸਮੇਂ ਆਪੋ-ਆਪਣੇ ਪੱਖ ਰੱਖ ਕੇ ਮਸਲੇ ਦਾ ਹੱਲ ਕੱਢਿਆ ਜਾਵੇ। ਅਜਿਹਾ ਕਰਨ ਨਾਲ ਛੋਟੇ-ਮੋਟੇ ਮਸਲੇ ਵੀ ਹੱਲ ਹੋ ਜਾਂਦੇ ਹਨ ਅਤੇ ਘਰ ਦਾ ਮਾਹੌਲ ਵੀ ਖਰਾਬ ਨਹੀਂ ਹੁੰਦਾ ਹੈ।

ਨੂੰਹਾਂ ਦਾ ਪਹਿਲਾ ਫਰਜ਼ ਹੈ ਕਿ ਉਹ ਆਪਣੀਆਂ ਸੱਸ ਮਾਵਾਂ ਨੂੰ ਸਤਿਕਾਰ ਦੇਣ, ਉਨ੍ਹਾਂ ਦੇ ਰੁਤਬੇ ਦਾ ਆਦਰ ਕਰਨ। ਸੱਸਾਂ ਦੀ ਵੀ ਇਹ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਉਨ੍ਹਾਂ ਜਿੰਨੇ ਚਾਵਾਂ ਨਾਲ ਨੂੰਹ ਨੂੰ ਡੋਲੀ ਤੋਂ ਉਤਾਰਿਆ ਸੀ, ਓਨੇ ਹੀ ਚਾਵਾਂ ਮਲਾਰਾਂ ਨਾਲ ਉਨ੍ਹਾਂ ਨੂੰ ਪਰਿਵਾਰ ਵਿਚ ਰੱਖਣ। ਉਸਦੇ ਛੋਟੇ-ਛੋਟੇ ਚਾਵਾਂ ਦਾ ਅਤੇ ਲੋੜਾਂ ਦਾ ਧਿਆਨ ਰੱਖਿਆ ਜਾਵੇ, ਉਸਦੀਆਂ ਲੋੜਾਂ ਨੂੰ ਖਰਚਿਆਂ ਨਾਲ ਨਾ ਜੋੜ ਕੇ ਪੂਰਾ ਕੀਤਾ ਜਾਵੇ, ਜੇਕਰ ਕਿਸੇ ਤਰ੍ਹਾਂ ਦੀ ਆਰਥਿਕ ਤੰਗੀ ਹੈ, ਤਾਂ ਉਸਨੂੰ ਘਰ ਦੇ ਹਲਾਤਾਂ ਤੋਂ ਪਿਆਰ ਨਾਲ ਜਾਣੂ ਕਰਵਾਇਆ ਜਾਵੇ। ਅਜਿਹਾ ਕਰਨ ਨਾਲ ਨੂੰਹ ਅਤੇ ਸੱਸ ਦੇ ਰਿਸ਼ਤੇ ਵਿਚ ਆਉਣ ਵਾਲੀ ਕੜਵਾਹਟ ਖਤਮ ਹੋ ਜਾਵੇਗੀ।

ਹਮੇਸ਼ਾ ਯਾਦ ਰੱਖੋ ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ, ਪਿਆਰ ਹੋਵੇ ਜਾਂ ਨਫ਼ਰਤ ਉਦੋਂ ਹੀ ਪੂਰ ਚੜ੍ਹਦੇ ਹਨ, ਜਦੋਂ ਦੋਨੋਂ ਤਰਫ਼ੋ ਇੱਕ ਜਿਹੇ ਭਾਵਨਾਵਾਂ ਹੋਣ। ਜੇਕਰ ਨੂੰਹਾਂ ਸੱਸਾਂ ਨੂੰ ਮਾਵਾਂ ਸਮਝ ਉਨ੍ਹਾਂ ਦੀ ਸੇਵਾ ਅਤੇ ਸਤਿਕਾਰ ਕਰਨਗੀਆਂ ਤਾਂ ਸੱਸਾਂ ਵੀ ਆਪਣੀਆਂ ਨੂੰਹਾਂ ਨੂੰ ਧੀਆਂ ਵਾਂਗ ਰੱਖਣਗੀਆਂ। ਨੂੰਹਾਂ ਸੱਸਾਂ ਨੂੰ ਸਤਿਕਾਰ ਦੇਣ ਅਤੇ ਸੱਸਾਂ ਨੂੰਹਾਂ ਨੂੰ ਪਿਆਰ ਦੀ ਗਲਵੱਕੜੀ ’ਚ ਲੈ ਮਾਵਾਂ ਵਾਂਗ ਦੁਲਾਰਨ। ਅਜਿਹੇ ਮਾਹੌਲ ਵਿਚ ਰਹਿੰਦੀਆਂ ਨੂੰਹਾਂ ਨੂੰ ਦਿਲ ਦੀਆਂ ਗੱਲਾਂ ਸੱਸਾਂ ਨਾਲ ਫਰੋਲਦੀਆਂ ਸਹੁਰੇ ਬੈਠੀਆਂ ਵੀ ਗਾ ਸਕਦੀਆਂ ਨੇ ਕਿ "ਮਾਵਾਂ ਤੇ ਧੀਆਂ ਦੋਵੇਂ ਰਲ ਬੈਠੀਆਂ ਨੀ ਮਾਏ ਕੋਈ ਕਰਦੀਆਂ ਗਲੋੜੀਆਂ"। ਰਿਸ਼ਤਿਆਂ ਦੀ ਅਹਿਮੀਅਤ ਸਮਝੀਏ ਅਤੇ ਰਿਸ਼ਤੇ ਨੂੰ ਬਣਦਾ ਪਿਆਰ ਅਤੇ ਸਤਿਕਾਰ ਦੇਈਏ, ਤਾਂ ਜੋ ਇੱਕ ਚੰਗੀ ਅਤੇ ਸਕੂਨਮਈ ਜ਼ਿੰਦਗੀ ਨੂੰ ਜੀਵਿਆ ਜਾ ਸਕੇ।

# ਵੈਨਕੂਵਰ ਦੇ 'ਕੈਨੇਡਾ ਪਲੇਸ' ਤੋਂ 'ਕਾਮਾਗਾਟਾਮਾਰੂ ਪਲੇਸ' ਬਣਨ ਤੱਕ ਦਾ ਸਫਰ



ਗੁਰਪ੍ਰੀਤ ਸਿੰਘ ਤਲਵੰਡੀ
ਵੈਨਕੂਵਰ (ਕੈਨੇਡਾ)
778-980-9196
(Punjab Mail USA)


ਕੈਨੇਡਾ ਦਾ ਪ੍ਰਮੁੱਖ ਸ਼ਹਿਰ ਵੈਨਕੂਵਰ ਵਿਸ਼ਵ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿਚ ਦੂਜੇ ਸਥਾਨ 'ਤੇ ਸ਼ੁਮਾਰ ਹੈ। ਇਹ ਉਹ ਸ਼ਹਿਰ ਹੈ, ਜਿੱਥੇ ਰਹਿਣ ਲਈ ਵਿਸ਼ਵ ਭਰ ਦੇ ਵੱਖ-ਵੱਖ ਮੁਲਕਾਂ ਦੇ ਲੋਕ ਵਧੇਰੇ ਤਰਜੀਹ ਦਿੰਦੇ ਹਨ। ਕੈਨੇਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਦਾ ਸ਼ਿੰਗਾਰ ਬਣਿਆ ਹੋਇਆ ਹੈ ਉਕਤ ਸ਼ਹਿਰ। ਪਹਿਲਾਂ ਪਹਿਲ 20ਵੀਂ ਸਦੀ ਦੇ ਸ਼ੁਰੂਆਤ ਵਿਚ ਜਦ ਕੇਵਲ ਸਮੁੰਦਰੀ ਜਹਾਜ਼ ਹੀ ਆਵਾਜਾਈ ਦਾ ਕੇਵਲ ਸਾਧਨ ਸਨ, ਤਾਂ ਉਸ ਵੇਲ਼ੇ ਪੰਜਾਬੀਆਂ ਨੇ ਜਦ ਕੈਨੇਡਾ ਦੀ ਧਰਤੀ ਵੱਲ ਨੂੰ ਚਾਲੇ ਪਾਏ, ਤਾਂ ਵੈਨਕੂਵਰ ਦੀ ਬੰਦਰਗਾਹ ਹੀ ਪੰਜਾਬੀਆਂ ਦੀ ਪਹਿਲੀ ਰਿਹਾਇਸ਼ਗਾਹ ਬਣੀ। ਇਹੀ ਕਾਰਨ ਹੈ ਕਿ ਕੈਨੇਡਾ ਦੇ ਇਸ ਖਿੱਤੇ ਵਿਚ ਪੰਜਾਬੀਆਂ ਦੇ ਪਰਿਵਾਰ 100 ਸਾਲ ਤੋਂ ਵੀ ਉੱਪਰ ਸਮੇਂ ਤੋਂ ਇੱਥੇ ਰਹਿ ਰਹੇ ਹਨ।





ਹੁਣ ਗੱਲ ਕਰਦੇ ਹਾਂ ਵੈਨਕੂਵਰ ਦੇ ਕੈਨੇਡਾ ਪਲੇਸ ਦੀ। 'ਕੈਨੇਡਾ ਪਲੇਸ' ਨੂੰ ਵੈਨਕੂਵਰ ਦਾ ਦਿਲ ਕਿਹਾ ਜਾਵੇ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕੈਨੇਡਾ ਪਲੇਸ ਸਮੁੱਚੇ ਵਿਸ਼ਵ ਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਬਣਿਆਂ ਹੋਇਆ ਹੈ। ਕੋਈ ਵੀ ਸੈਲਾਨੀ ਬ੍ਰਿਟਿਸ਼ ਕੋਲੰਬੀਆ ਘੁੰਮਣ ਲਈ ਆਉਂਦਾ ਹੈ, ਤਾਂ ਉਹ ਕੈਨੇਡਾ ਪਲੇਸ ਦੇਖੇ ਬਿਨ੍ਹਾਂ ਆਪਣੀ ਯਾਤਰਾ ਨੂੰ ਅਧੂਰੀ ਸਮਝਦਾ ਹੈ।

ਕੈਨੇਡਾ ਪਲੇਸ ਵੈਨਕੂਵਰ ਦੀ ਬੁਰਾਰਡ ਸਟਰੀਟ 'ਤੇ ਸਥਿਤ ਹੈ। ਇਹ ਵੈਨਕੂਵਰ ਕਨਵੈਨਸ਼ਨ ਸੈਂਟਰ, ਪੈਨ ਪੈਸੀਫਿਕ ਵੈਨਕੂਵਰ ਹੋਟਲ, ਵੈਨਕੂਵਰ ਵਰਲਡ ਟਰੇਡ ਸੈਂਟਰ ਅਤੇ ਵਰਚੁਅਲ ਫਲਾਈਟ ਰਾਈਡ-ਫਲਾਈਓਵਰ ਦਾ ਸਾਂਝਾ ਕੇਂਦਰ ਹੈ। ਕੈਨੇਡਾ ਪਲੇਸ ਦਾ ਬਾਹਰੀ ਹਿੱਸਾ ਫੈਬਰਿਕ ਛੱਤਾਂ ਨਾਲ਼ ਢਕਿਆ ਹੋਇਆ ਹੈ। ਇਹ ਮੁੱਖ ਕਰੂਜ਼ ਸ਼ਿਪ ਟਰਮੀਨਲ ਵੀ ਹੈ, ਜਿੱਥੋਂ ਅਮਰੀਕਾ ਦਾ ਰੌਸ਼ਨੀਆਂ ਦੇ ਸ਼ਹਿਰ ਅਲਾਸਕਾ ਲਈ ਕਰੂਜ਼ ਚੱਲਦੇ ਹਨ। ਕੈਨੇਡਾ ਪਲੇਸ ਦੇ ਨਿਰਮਾਣ ਅਤੇ ਇਸਦੀ ਬਣਤਰ ਵੱਲ ਦੇਖੀਏ, ਤਾਂ ਇਸਨੂੰ ਆਰਕੀਟੈਕਟ ਜ਼ੇਡਲਰ ਰਾਬਰਟਸ ਦੀ ਭਾਈਵਾਲੀ ਵਾਲੀ ਕੰਪਨੀ ਵਲੋਂ ਮਸਨ ਕੈਟੇਲ ਮੈਕੀ ਅਤੇ ਡੀ.ਏ. ਆਰਕੀਟਿਕਟ ਦੁਆਰਾ ਸਾਂਝੇ ਉੱਦਮ ਸਦਕਾ ਡਿਜ਼ਾਇਨ ਕੀਤਾ ਗਿਆ ਸੀ। ਇਸਦਾ ਨਿਰਮਾਣ 9 ਮਾਰਚ ਸੰਨ੍ਹ 1983 ਤੋਂ ਸ਼ੁਰੂ ਹੋ ਕੇ ਦਸੰਬਰ ਸੰਨ੍ਹ 1985 ਤੱਕ ਚੱਲਿਆ। ਇਸਨੂੰ 2 ਮਈ 1986 ਵਿਚ ਆਮ ਲੋਕਾਂ ਲਈ ਖੋਲ੍ਹਿਆ ਗਿਆ। ਮੁੜ 2011 ਵਿਚ ਇਸਦੀ ਮੁਰੰਮਤ ਦਾ ਕੰਮ ਕੀਤਾ ਗਿਆ। ਇਸਦੇ ਕੁੱਲ ਨਿਰਮਾਣ ਉੱਪਰ ਕਰੀਬ 400 ਮਿਲੀਅਨ ਡਾਲਰ ਦਾ ਲਾਗਤ ਆਈ ਦੱਸੀ ਜਾਂਦੀ ਹੈ। ਇਹ ਸਥਾਨ ਵੈਨਕੂਵਰ ਡਾਊਨ ਟਾਊਨ ਦੇ ਸਭ ਤੋਂ ਭੀੜ ਭੜੱਕੇ ਵਾਲੇ ਵਾਟਰ ਫਰੰਟ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ। ਇਹ ਉਹੀ ਸਟੇਸ਼ਨ ਹੈ, ਜੋ ਸਕਾਈ ਟਰੇਨ, ਸੀ ਬੱਸ (ਪਾਣੀ ਵਾਲ਼ੀ ਬੱਸ) ਅਤੇ ਵੈਸਟ ਕੋਸਟ ਐਕਸਪ੍ਰੈੱਸ ਦਾ ਮੁੱਖ ਕੇਂਦਰ ਹੈ। ਇਸਨੂੰ ਮੁੱਖ ਰੂਪ ਵਿਚ ਪੈਸੀਫਿਕ ਓਸ਼ਨ (ਸਮੁੰਦਰ) ਰਾਹੀਂ ਹੋਰਨਾਂ ਮੁਲਕਾਂ ਨਾਲ਼ ਸਮੁੰਦਰੀ ਰਸਤੇ ਵਪਾਰ ਕਰਨ ਲਈ ਬਣਾਇਆ ਗਿਆ ਸੀ। ਇਸਦੀ ਉਸਾਰੀ ਮੌਕੇ ਇੰਗਲੈਂਡ ਦੀ ਮਹਾਰਾਣੀ ਐਲਿਜਾਬੈੱਥ ਦੂਜੀ, ਕੈਨੇਡਾ ਦੇ ਪ੍ਰਧਾਨ ਮੰਤਰੀ ਪੀ.ਆਰ.ਏ. ਟਰੂਡੋ ਅਤੇ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵਿਲੀਅਮ ਆਰ ਬੈਨੇਟ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਸੰਨ੍ਹ 2010 ਦੀਆਂ ਉਲੰਪਿਕ ਖੇਡਾ ਦੌਰਾਨ ਕੈਨੇਡਾ ਪਲੇਸ ਨੂੰ ਮੁੱਖ ਪ੍ਰੈੱਸ ਕੇਂਦਰ ਵਜੋਂ ਵੀ ਵਰਤਿਆ ਗਿਆ ਸੀ। ਕੈਨੇਡਾ ਪਲੇਸ ਵਿਚਲਾ ਫਲਾਈਓਵਰ ਵੀ ਦੇਸੀ ਤੇ ਵਿਦੇਸ਼ੀ ਸੈਲਾਨੀਆਂ ਲਈ ਇੱਕ ਅਭੁੱਲ ਯਾਦ ਹੁੰਦਾ ਹੈ। ਇਸ ਵਿਚ ਸੈਲਾਨੀਆਂ ਨੂੰ ਕੁਰਸੀਆਂ ਦੇ ਬਿਠਾ ਕੇ ਸਕਰੀਨ ਦੇ ਜ਼ਰੀਏ ਸਾਰੀ ਕੈਨੇਡਾ ਦੀ ਸੈਰ ਕਰਵਾਈ ਜਾਂਦੀ ਹੈ। ਇਸਨੂੰ ਵਰਚੁਅਲ ਰਾਈਡ ਕਿਹਾ ਜਾਂਦਾ ਹੈ। ਇਸ ਰਾਈਡ ਦੌਰਾਨ ਸੈਲਾਨੀਆਂ ਨੂੰ ਬਰਫ, ਪਾਣੀ ਦੀਆਂ ਬੁਛਾੜਾਂ, ਫਸਲਾਂ ਦੀ ਹੋਂਦ ਦਾ ਅਹਿਸਾਸ ਜਾਂ ਹਰ ਤਰ੍ਹਾਂ ਦੀ ਗੰਧ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਇੱਥੋਂ ਹੀ ਬ੍ਰਿਟਿਸ਼ ਕੋਲੰਬੀਆ ਦੇ ਹੋਰ ਪਹਾੜੀ ਸ਼ਹਿਰਾਂ ਕੈਲੋਨਾ, ਸਕੌਮਿਸ਼, ਵਿਸਲਰ ਜਾਂ ਵਿਕਟੋਰੀਆ ਵੱਲ ਨੂੰ ਛੋਟੇ ਹਵਾਈ ਜਹਾਜ਼ ਵੀ ਉਡਾਣ ਭਰਦੇ ਹਨ। ਇਨ੍ਹਾਂ ਛੋਟੇ ਹਵਾਈ ਜਹਾਜ਼ਾਂ ਦੀ ਖਾਸੀਅਤ ਇਹ ਹੈ ਕਿ ਇਹ ਪਾਣੀ ਵਿਚ ਤੈਰਕੇ ਹੀ ਅਸਮਾਨ ਵੱਲ ਨੂੰ ਉਡਾਣ ਭਰਦੇ ਹਨ। ਇਸੇ ਪਲੇਸ ਦੇ ਨੇੜੇ ਹੀ ਸਮੁੰਦਰ ਵਿਚ ਸ਼ੈਵਰਲਿੱਟ ਕੰਪਨੀ ਵਲੋਂ ਪੈਟਰੋਲ ਪੰਪ ਵੀ ਲਗਾਇਆ ਹੋਇਆ ਹੈ, ਜੋ ਬਿਲਕੁਲ ਚਾਰੇ ਪਾਸਿਉਂ ਪਾਣੀ ਵਿਚ ਘਿਰਿਆ ਹੋਇਆ ਹੈ। ਕੈਨੇਡਾ ਪਲੇਸ ਉਸ ਹਰਬਰ ਪੋਰਟ 'ਤੇ ਸਥਿੱਤ ਹੈ, ਜਿੱਥੇ 23 ਮਈ 1914 ਨੂੰ ਕਾਮਾਗਾਟਾਮਾਰੂ ਜਹਾਜ਼ ਆ ਕੇ ਖੜ੍ਹਾ ਸੀ। ਉਸ ਵਕਤ ਗੋਰੀ ਸਰਕਾਰ ਵਲੋਂ ਇਸ ਜਹਾਜ਼ ਦੇ ਸਾਰੇ ਹੀ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਪੈਰ ਰੱਖਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਇਹ ਜਹਾਜ਼ ਕਰੀਬ ਦੋ ਕੁ ਮਹੀਨੇ ਬਾਅਦ ਵਾਪਸ ਭਾਰਤ ਵੱਲ ਨੂੰ ਰਵਾਨਾ ਕਰਨਾ ਪਿਆ। ਉੱਥੇ ਜਾ ਕੇ ਬਜ ਬਜ ਘਾਟ ਵਿਖੇ ਗੋਲੀ ਚਲਾ ਕੇ ਇਸਦੇ ਕੁੱਝ ਯਾਤਰੀਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਕੁੱਝ ਬੁਰੀ ਤਰ੍ਹਾਂ ਜ਼ਖਮੀ ਵੀ ਹੋਏ। ਇਸ ਜਹਾਜ਼ ਵਿਚ ਕੁੱਲ 376 ਯਾਤਰੀ ਸਵਾਰ ਸਨ, ਜਿਨ੍ਹਾਂ ਵਿਚੋਂ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਹੁਣ ਦੀਆਂ ਕੈਨੇਡੀਅਨ ਸਰਕਾਰਾਂ ਪੰਜਾਬੀਆਂ ਦਾ ਕੈਨੇਡਾ ਦੀ ਧਰਤੀ ਨੂੰ ਹਰ ਪੱਖੋਂ ਵਿਕਾਸ ਦੀਆਂ ਲੀਹਾਂ 'ਤੇ ਲਿਜਾਣ ਲਈ ਮਾਣ ਕਰਦੀਆਂ ਰਹੀਆਂ ਹਨ। ਕਾਮਾਗਾਟਾਮਾਰੂ ਯਾਤਰੀਆਂ ਨਾਲ਼ ਹੋਈ ਜ਼ਿਆਦਤਾਈ ਕਾਰਨ ਕੈਨੇਡੀਅਨ ਪਾਰਲੀਮੈਂਟ ਵਿਚ ਜਨਤਕ ਮੁਆਫੀ ਵੀ ਮੰਗੀ ਜਾ ਚੁੱਕੀ ਹੈ। ਪੋਰਟ ਹਰਬਰ 'ਤੇ ਇੱਕ ਵਿਸ਼ੇਸ਼ ਪਾਰਕ ਬਣਾਕੇ ਕਾਮਾਗਾਟਾਮਾਰੂ ਦੀ ਯਾਦ ਨੂੰ ਸਦੀਵੀ ਕਾਇਮ ਰੱਖਣ ਲਈ ਯਤਨ ਵੀ ਕੀਤੇ ਗਏ ਹਨ। ਇਸ ਪਾਏ ਕੰਮ ਕਰ ਰਹੀ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਉੱਦਮ ਸਦਕਾ ਸਰੀ ਅਤੇ ਐਬਟਸਫੋਰਡ ਦੀਆਂ ਕਈ ਸੜਕਾਂ ਦਾ ਨਾਮ ਵੀ ਕਾਮਾਗਾਟਾਮਾਰੂ ਦੇ ਨਾਮ 'ਤੇ ਰੱਖਿਆ ਗਿਆ ਹੈ। ਕੁੱਝ ਦਿਨ ਪਹਿਲਾਂ ਵੈਨਕੂਵਰ ਸਿਟੀ ਕੌਂਸਲ ਵਲੋਂ ਮੇਅਰ ਕੈਨ ਸਿੰਮ ਵਲੋਂ ਬਕਾਇਆ ਮਤਾ ਪਾਸ ਕਰਦਿਆਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ਰੱਖਿਆ ਗਿਆ। ਜੋ ਪੰਜਾਬੀਆਂ ਲਈ ਵੱਡੀ ਮਾਣ ਵਾਲ਼ੀ ਗੱਲ ਹੈ। ਇਸ ਵੱਡੀ ਪ੍ਰਾਪਤ ਲਈ ਕਾਮਾਗਾਟਾਮਾਰੂ ਯਾਦਗਾਰ ਸੁਸਾਇਟੀ ਦੇ ਸ: ਰਾਜ ਸਿੰਘ ਤੂਰ ਦਾ ਯੋਗਦਾਨ ਕਾਬਲੇ ਤਾਰੀਫ ਹੈ, ਜੋ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰ ਬਾਬਾ ਪੂਰਨ ਸਿੰਘ ਜਨੇਤਪੁਰਾ ਦੇ ਪੋਤਰੇ ਹਨ। ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਉਂ ਨੇੜਲੇ ਪਿੰਡ ਜਨੇਤਪੁਰਾ ਦੇ ਵਸਨੀਕ ਬਾਬਾ ਪੂਰਨ ਸਿੰਘ ਜਨੇਤਪੁਰਾ ਖੁਦ ਉਸ ਵੇਲੇ ਉਚੇਰੀ ਪੜ੍ਹਾਈ ਲਈ ਕੈਨੇਡਾ ਪਹੁੰਚ ਰਹੇ ਸਨ।

ਵੈਨਕੂਵਰ ਦੇ ਕੈਨੇਡਾ ਪਲੇਸ ਦਾ ਸੈਕੰਡਰੀ ਨਾਮ ਕਾਮਾਗਾਟਾਮਾਰੂ ਪਲੇਸ ਰੱਖਣ ਦੀ ਵੱਡੀ ਪ੍ਰਾਪਤੀ ਬਾਰੇ ਗੱਲਬਾਤ ਕਰਦਿਆਂ ਉੱਘੇ ਪੰਜਾਬੀ ਲੇਖਕ, ਪੱਤਰਕਾਰ ਤੇ ਚਿੰਤਤ ਡਾ: ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਅਜਿਹਾ ਹੋਣ ਨਾਲ਼ ਪੰਜਾਬੀਆਂ ਦੇ ਸੰਘਰਸ਼ ਦਾ ਇੱਕ ਅਹਿਮ ਪੰਨਾ ਅੰਤਰਰਾਸ਼ਟਰੀ ਪੱਧਰ 'ਤੇ ਹੋਰਨਾਂ ਕੌਮਾਂ ਲਈ ਵੀ ਖਿੱਚ ਦਾ ਕੇਂਦਰ ਬਣੇਗਾ, ਕਿਉਂਕਿ ਕਾਮਾਗਾਟਾਮਾਰੂ ਸਾਕਾ ਹੁਣ ਕੈਨੇਡਾ ਦੇ ਇਤਿਹਾਸਕ ਅਜੂਬੇ ਨਾਲ਼ ਪੱਕੇ ਤੌਰ 'ਤੇ ਜੁੜ ਚੁੱਕਾ ਹੈ, ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਇਸ 'ਤੇ ਮਾਣ ਮਹਿਸੂਸ ਕਰ ਸਕਣਗੀਆਂ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ





e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਕਿਸਾਨ ਆਮਦਨ ਦੁੱਗਣੀ- ਦਿੱਲੀ ਹਾਲੇ ਦੂਰ ਹੈ



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਭਾਰਤੀ ਸੰਸਦ ਵਲੋਂ ਸਥਾਪਿਤ ਖੇਤੀਬਾੜੀ ਬਾਰੇ ਸੰਸਦੀ ਕਮੇਟੀ ਨੇ ਇਸ ਸਾਲ 23 ਮਾਰਚ ਨੂੰ ਸੰਸਦ 'ਚ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸਰਕਾਰ 2022 'ਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਟੀਚੇ ਤੋਂ ਦੂਰ ਹੈ। ਕਮੇਟੀ ਨੇ ਕਿਹਾ ਸੀ ਕਿ ਖੇਤੀਬਾੜੀ ਕਰਨ ਵਾਲੇ ਪਰਿਵਾਰਾਂ ਦੀ ਮਹੀਨਾਵਾਰ ਆਮਦਨੀ ਜੋ 2015-16 ਵਿਚ 8,050 ਰੁਪਏ ਸੀ, ਉਹ 2018-19 ਵਿਚ ਵਧਕੇ 10,218 ਰੁਪਏ ਹੋ ਸਕੀ।

ਕਿਸਾਨਾਂ ਦੀ ਆਮਦਨ ਦੇ ਨਾ ਵਧਣ ਦਾ ਕਾਰਨ ਸਰਕਾਰ ਵਲੋਂ ਇੱਕ ਰਿਪੋਰਟ ਵਿਚ ਦੱਸਿਆ ਗਿਆ, ਜੋ ਉਸ ਵਲੋਂ 2016-17 ਵਿਚ ਜਾਰੀ ਕੀਤੀ ਗਈ। ਇਸ ਰਿਪੋਰਟ ਵਿਚ ਮੌਨਸੂਨ ਦੇ ਅੱਗੇ-ਪਿੱਛੇ ਹੋਣਾ, ਵਾਰ-ਵਾਰ ਫ਼ਸਲ ਖਰਾਬ ਹੋਣਾ, ਜਲ ਸਰੋਤਾਂ ਦੀ ਘਾਟ ਤੇ ਨਦੀਨਾਂ ਦੇ ਹਮਲੇ, ਬੀਮਾਰੀਆਂ ਆਦਿ ਕਾਰਨ ਦੱਸੇ ਗਏ ਹਨ।

ਪਰ ਕਿਸਾਨਾਂ ਦੀ ਆਮਦਨ ਨਾ ਵਧਣ ਦਾ ਸਿੱਟਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀਆਂ 'ਚ ਗਿਣਤੀ ਦਾ ਵਾਧਾ ਹੈ। ਵਿਗਿਆਨ ਤੇ ਵਾਤਾਵਰਨ ਕੇਂਦਰ (ਸੀ.ਐੱਸ.ਈ.) ਵਲੋਂ ਜਾਰੀ ਤਾਜ਼ਾ ਰਿਪੋਰਟ ਖੁਲਾਸਾ ਕਰਦੀ ਹੈ ਕਿ 2021 ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਵਿਚ ਸਭ ਤੋਂ ਵੱਧ ਸੀ। 2019 ਵਿਚ 10,281, 2020 ਵਿਚ 10,677 ਅਤੇ 2021 'ਚ 10,881 ਕਿਸਾਨਾਂ/ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ।

ਕੇਂਦਰ ਸਰਕਾਰ ਦਾ ਦਾਅਵਾ ਹੈ ਅਤੇ ਵਾਰ-ਵਾਰ ਦਾਅਵਾ ਹੈ ਕਿ ਦੇਸ਼ 'ਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨਾ ਉਸਦੀ ਪਹਿਲ ਹੈ ਪਰ ਕਿਸਾਨ ਖੇਤੀ ਨਾਲ ਆਪਣਾ ਗੁਜ਼ਾਰਾ ਤੋਰਨ ਵਿਚ ਸਫ਼ਲ ਨਹੀਂ ਹੋ ਰਹੇ ਅਤੇ ਖੁਦਕੁਸ਼ੀਆਂ ਕਰ ਰਹੇ ਹਨ। ਅਸਾਮ ਵਿਚ ਇਨ੍ਹਾਂ ਪੰਜ ਸਾਲਾਂ ਵਿਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 'ਚ ਤੇਰਾਂ ਗੁਣਾ ਵਾਧਾ ਦਰਜ ਕੀਤਾ ਗਿਆ ਹੈ, ਹਾਲਾਂਕਿ ਕੌਮੀ ਅਪਰਾਧ ਰਿਕਾਰਡ ਬਿਓਰੋ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਪਿਛਲੇ ਕਾਰਨਾਂ ਬਾਰੇ ਚੁੱਪੀ ਸਾਧੀ ਬੈਠਾ ਹੈ।

ਮਹਾਰਾਸ਼ਟਰ ਵਿਚ ਸੰਨ 2021 'ਚ 4,064, ਕਰਨਾਟਕ ਵਿਚ 2,169, ਮੱਧ ਪ੍ਰਦੇਸ਼ 'ਚ 6,71, ਪੰਜਾਬ 'ਚ 2,70 ਖੁਦਕੁਸ਼ੀਆਂ ਵਾਲੇ ਕੇਸ ਮਿਲੇ ਹਨ। ਖੇਤੀ ਮਾਹਿਰ ਕਿਸਾਨ ਖੁਦਕੁਸ਼ੀਆਂ ਦਾ ਕਾਰਨ ਕਿਸਾਨਾਂ ਦਾ ਕਰਜ਼ੇ ਦੇ ਜਾਲ ਵਿਚ ਫਸੇ ਹੋਣਾ ਦੱਸਦੇ ਹਨ ਅਤੇ ਬਹੁਤੇ ਮਾਹਿਰ ਇਸ ਗੱਲ ਦੇ ਹੱਕ 'ਚ ਹਨ ਕਿ ਕਿਸਾਨਾਂ ਨੂੰ ਸਰਕਾਰ ਸਿੱਧੀ ਸਹਾਇਤਾ ਵਧਾਕੇ ਉਨ੍ਹਾਂ ਦੇ ਕਰਜ਼ੇ ਦਾ ਬੋਝ ਹਲਕਾ ਕਰੇ। ਸਰਕਾਰ ਵਲੋਂ ਇਸ ਵੇਲੇ 6000 ਰੁਪਏ ਪ੍ਰਤੀ ਸਾਲਾਨਾ ਨਕਦ ਰਾਸ਼ੀ ਕਿਸਾਨ ਪਰਿਵਾਰਾਂ ਦੇ ਖਾਤਿਆਂ 'ਚ ਪਾਏ ਜਾਣ ਦਾ ਦਾਅਵਾ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਫ਼ਸਲਾਂ 'ਤੇ ਬੀਮਾ ਯੋਜਨਾ ਲਾਗੂ ਹੈ। ਖਾਦਾਂ, ਕੀਟਨਾਸ਼ਕਾਂ ਆਦਿ ਉਤੇ ਸਬਸਿਡੀ ਦਿੱਤੀ ਜਾ ਰਹੀ ਹੈ। ਕੁਝ ਸੂਬਾ ਸਰਕਾਰਾਂ ਵਲੋਂ ਮੁਫ਼ਤ ਬਿਜਲੀ ਅਤੇ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਮੌਸਮ ਦੀ ਮਾਰ ਸਮੇਂ ਫ਼ਸਲਾਂ ਦੀ ਤਬਾਹੀ ਹੋਣ 'ਤੇ ਕੁਝ ਰਾਹਤ ਵੀ ਵੰਡੀ ਜਾਂਦੀ ਹੈ। ਫ਼ਸਲੀ ਬੀਮਾ ਯੋਜਨਾ ਨੂੰ ਬਹੁਤੀਆਂ ਸਰਕਾਰਾਂ ਅਤੇ ਕਿਸਾਨਾਂ ਨੇ ਪ੍ਰਵਾਨ ਨਹੀਂ ਕੀਤਾ ਹੋਇਆ, ਕਿਉਂਕਿ ਇਹ ਯੋਜਨਾਵਾਂ ਮੁੱਖ ਤੌਰ 'ਤੇ ਬੀਮਾ ਕੰਪਨੀਆਂ ਦੇ ਢਿੱਡ ਭਰਦੀ ਹੈ, ਕਿਸਾਨਾਂ ਦੇ ਹਿੱਤ ਨਹੀਂ ਪੂਰਦੀ।

ਉਂਜ ਵੀ ਜਿੰਨੀਆਂ ਕੁ ਵੀ ਯੋਜਨਾਵਾਂ ਕਿਸਾਨਾਂ ਦੀ ਭਲਾਈ ਲਈ ਕੇਂਦਰ ਜਾਂ ਸੂਬਾ ਸਰਕਾਰਾਂ ਵਲੋਂ ਚਲਾਈਆਂ ਜਾਂਦੀਆਂ ਹਨ, ਉਨ੍ਹਾਂ ਦਾ ਲਾਭ ਸਾਧਾਰਨ ਕਿਸਾਨਾਂ ਤੱਕ ਨਹੀਂ ਪੁੱਜਦਾ, ਖ਼ਾਸ ਤੌਰ 'ਤੇ ਉਨ੍ਹਾਂ ਕਿਸਾਨਾਂ ਤੱਕ ਜਿਨ੍ਹਾਂ ਕੋਲ ਮਸਾਂ ਡੇਢ ਦੋ ਏਕੜ ਜ਼ਮੀਨ ਹੈ। ਇਨ੍ਹਾਂ ਲੋਕਾਂ ਕੋਲ ਤਾਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਦਾ ਲਾਭ ਵੀ ਨਹੀਂ ਪੁੱਜਦਾ, ਕਿਉਂਕਿ ਇਨ੍ਹਾਂ ਦੀ ਫ਼ਸਲ ਤਾਂ ਮਸਾਂ ਘਰ ਦੇ ਜੀਆਂ ਦਾ ਗੁਜ਼ਾਰਾ ਕਰਨ ਜੋਗੀ ਉਪਜਦੀ ਹੈ, ਵੇਚਣ ਜੋਗੀ ਨਹੀਂ।

ਦੇਸ਼ ਦੀਆਂ 2019 ਦੀਆਂ ਚੋਣਾਂ ਤੋਂ ਪਹਿਲਾਂ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਨਾਹਰਾ ਅੰਬਰ ਛੂਹਦਾ ਰਿਹਾ ਹੈ, ਕਿਉਂਕਿ ਵੋਟਾਂ ਪ੍ਰਾਪਤ ਕਰਨੀਆਂ ਸਨ ਪਰ ਕਿਸਾਨ ਅੰਦੋਲਨ ਤੋਂ ਬਾਅਦ ਤਾਂ ਇਸ ਨਾਹਰੇ 'ਤੇ ਲਗਭਗ ਚੁੱਪੀ ਵੱਟੀ ਗਈ ਹੈ।

ਕੇਂਦਰ ਸਰਕਾਰ ਦੀ ਖੇਤੀ ਅਤੇ ਕਿਸਾਨਾਂ ਪ੍ਰਤੀ ਅਵੇਸਲਾਪਨ ਅਤੇ ਉਦਾਸੀ ਉਦੋਂ ਤੋਂ ਕੁਝ ਜ਼ਿਆਦਾ ਹੀ ਵੱਧ ਗਈ ਹੈ, ਜਦੋਂ ਤੋਂ ਉਸ ਵਲੋਂ ਕਿਸਾਨ ਵਿਰੋਧੀ ਖੇਤੀ ਕਾਨੂੰਨ ਪਾਸ ਕਰਾਉਣ 'ਚ ਸਰਕਾਰ ਸਫਲ ਨਾ ਹੋਈ ਅਤੇ ਕਿਸਾਨਾਂ ਦੇ ਸੰਘਰਸ਼ ਕਾਰਨ ਇਹ ਕਾਨੂੰਨ ਵਾਪਸ ਲੈਣੇ ਪਏ ਸਨ। ਇਨ੍ਹਾਂ ਖੇਤੀ ਕਾਨੂੰਨਾਂ ਤਹਿਤ ਸਰਕਾਰ ਕਿਸਾਨਾਂ ਦੀ ਜ਼ਮੀਨ ਹਥਿਆ ਕੇ ਇਸ ਜ਼ਮੀਨ ਨੂੰ ਕਾਰਪੋਰੇਟਾਂ ਦੇ ਪੇਟੇ ਪਾਉਣਾ ਚਾਹੁੰਦੀ ਸੀ। ਇਸ ਸਕੀਮ ਦੇ ਫੇਲ੍ਹ ਹੋਣ ਉਪਰੰਤ ਉਹ ਹੁਣ ਕਿਸਾਨਾਂ ਦੀ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤੋਂ ਵੀ ਪਾਸਾ ਵੱਟਣ ਦੇ ਰਾਹ ਪਈ ਹੋਈ ਹੈ ਅਤੇ ਖੇਤੀ ਅਤੇ ਕਿਸਾਨਾਂ ਦੇ ਭਲੇ ਵਾਲੀਆਂ ਸਕੀਮਾਂ ਨੂੰ ਆਨੇ-ਬਹਾਨੇ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ। ਸਫ਼ਲ ਮੰਡੀ ਪ੍ਰਬੰਧ ਜਿਵੇਂ ਪੰਜਾਬ 'ਚ ਹੈ, ਉਹ ਵੀ ਖ਼ਤਮ ਕਰਨ ਵਲ ਤੁਰ ਰਹੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਖੇਤੀ, ਦੇਸ਼ ਦਾ ਧੁਰਾ ਹੈ। ਇਹ ਜਾਣਦਿਆਂ ਹੋਇਆਂ ਵੀ ਦੇਸ਼ ਦੀ ਵੱਡੀ ਆਬਾਦੀ ਦਾ ਜ਼ਮੀਨ ਨਾਲ ਡਾਹਢਾ ਮੋਹ ਹੈ ਅਤੇ ਇਹ ਆਫ਼ਤ ਵੇਲੇ ਵੀ ਉਹਦੀ ਰੋਜ਼ੀ-ਰੋਟੀ ਦਾ ਇੱਕ ਵੱਡਾ ਵਸੀਲਾ ਹੈ, ਸਰਕਾਰ ਨਿੱਜੀਕਰਨ ਦੇ ਰਾਹ ਨੂੰ ਅਪਨਾ ਰਹੀ ਹੈ ਅਤੇ ਕਿਸਾਨਾਂ ਨੂੰ ਮਜ਼ਦੂਰ ਬਨਾਉਣ ਦੇ ਰਾਹ ਤੁਰੀ ਹੈ। ਖੇਤੀ ਦੇ ਮਾੜੇ ਹਾਲਤਾਂ ਨੂੰ ਵੇਖਕੇ ਵੱਡੀ ਗਿਣਤੀ ਕਿਸਾਨ ਪਿਛਲੇ ਪੰਜ ਸਾਲਾਂ ਦੇ ਅਰਸੇ 'ਚ ਖੇਤੀਬਾੜੀ ਛੱਡ ਚੁੱਕੇ ਹਨ।

ਭਾਰਤੀ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਕੇਂਦਰ ਨੇ ਇਹ ਅਹਿਸਾਸ ਜ਼ਰੂਰ ਕਰ ਲਿਆ ਹੋਵੇਗਾ ਕਿ ਜਦੋਂ ਦੇਸ਼ ਉਤੇ ਕਰੋਨਾ ਮਾਹਾਂਮਾਰੀ ਦੀ ਮਾਰ ਪਈ, ਦੇਸ਼ 'ਚ ਸਭੋ ਕੁਝ ਬੰਦ ਹੋ ਗਿਆ, ਸ਼ਹਿਰੀ ਮਜ਼ਦੂਰ ਆਪਣੇ ਜੱਦੀ ਪਿੰਡਾਂ ਵੱਲ ਤੁਰ ਪਏ, ਕਿਉਂਕਿ ਉਨ੍ਹਾਂ ਦੇ ਮਾਲਕ ਉਨ੍ਹਾਂ ਨੂੰ ਰੋਟੀ ਦੇਣ ਤੋਂ ਆਕੀ ਹੋ ਗਏ, ਤਾਂ ਉਨ੍ਹਾਂ ਦੇ ਜੱਦੀ ਪਿੰਡਾਂ, ਉਨ੍ਹਾਂ ਦੇ ਖੇਤਾਂ ਨੇ ਉਨ੍ਹਾਂ ਦੇ ਪੇਟ ਨੂੰ ਝੁਲਕਾ ਦਿੱਤਾ।

ਖੇਤੀ-ਨੀਤੀ ਮਾਹਿਰ, ਅਰਥ ਸ਼ਾਸਤਰੀ ਅਤੇ ਵਿਗਿਆਨੀ ਦੇਸ਼ ਵਿਚ ਨਵੀਂ ਖੇਤੀ ਨੀਤੀ ਲਾਗੂ ਕਰਨ ਲਈ ਵਿਚਾਰ ਪੇਸ਼ ਕਰ ਰਹੇ ਹਨ। ਕੁਝ ਸੂਬਾ ਸਰਕਾਰਾਂ ਵੀ ਇਸ ਮਾਮਲੇ 'ਚ ਪਹਿਲਕਦਮੀ ਕਰ ਰਹੀਆਂ ਹਨ ਜਾਂ ਕਰ ਸਕਦੀਆਂ ਹਨ। ਕਈ ਖੇਤੀ ਵਿਕਾਸ ਮਾਡਲ ਦੇਸ਼ ਵਿਚ ਸਾਹਮਣੇ ਆ ਰਹੇ ਹਨ। ਸਹਿਕਾਰੀ ਖੇਤੀ ਦਾ ਮਾਡਲ ਕੁਝ ਲੋਕਾਂ ਦਾ ਵਿਚਾਰ ਹੈ ਕਿ ਖੇਤੀ ਦੀ ਤਕਦੀਰ ਬਦਲ ਸਕਦਾ ਹੈ। ਕੁਝ ਮੁਲਕਾਂ 'ਚ ਇਸ ਮਾਡਲ ਨੂੰ ਲਾਗੂ ਕਰਕੇ ਚੰਗੇ ਸਿੱਟੇ ਵੀ ਕੱਢੇ ਜਾ ਚੁੱਕੇ ਹਨ।

ਵੱਡੀਆਂ ਕਾਰਪੋਰੇਟ, ਪ੍ਰਾਈਵੇਟ ਕੰਪਨੀਆਂ ਤਾਂ ਹਰ ਹੀਲੇ ਆਪਣੀ ਕਮਾਈ ਲਈ ਆਪਣੇ ਹਿੱਤ ਪੂਰਨਗੀਆਂ, ਪਰ ਸਹਿਕਾਰੀ ਮਾਡਲ, ਜਿਸ ਕਿਸਮ ਦਾ "ਅਮੂਲ ਦੁੱਧ ਉਤਪਾਦਨ" 'ਚ ਲਾਗੂ ਕੀਤਾ ਗਿਆ ਹੈ, ਕਿਸਾਨ ਹਿੱਤ 'ਚ ਹੋ ਸਕਦਾ ਹੈ। ਮੁੱਖ ਕੰਮ ਮੰਡੀਕਰਨ ਦਾ ਹੈ। ਅਗਲਾ ਕੰਮ ਨਿਰਯਾਤ ਹੋ ਸਕਦਾ ਹੈ।

### ਕੁਝ ਸੁਝਾਅ ਇੰਜ ਹੋ ਸਕਦੇ ਹਨ:-

1) ਪਿੰਡਾਂ ਦੇ ਦੁੱਧ ਉਤਪਾਦਕਾਂ ਨੂੰ ਇੱਕ ਪਲੇਟਫਾਰਮ ਉਤੇ ਲਿਆਂਦਾ ਜਾਵੇ, ਉਨ੍ਹਾਂ ਦੀ ਬਣਾਈ ਸਹਿਕਾਰੀ ਸੁਸਾਇਟੀ ਦੇ ਮਾਲਕ ਉਹ ਆਪ ਹੋਣ, ਸਰਕਾਰ ਦਾ ਦਖ਼ਲ ਘੱਟੋ-ਘੱਟ ਹੋਵੇ।
2) ਪਿੰਡਾਂ 'ਚ ਹੱਥੀਂ ਕਿੱਤਾ ਸਿਖਲਾਈ ਕੇਂਦਰ ਹੋਣ, ਜਿਥੇ ਔਰਤਾਂ ਨੂੰ ਰਿਵਾਇਤੀ ਸਿਲਾਈ, ਕਢਾਈ, ਬੁਣਾਈ ਵਸਤਾਂ ਤਿਆਰ ਕਰਾਉਣ ਤੇ ਵੇਚਣ ਦਾ ਪ੍ਰਬੰਧ ਹੋਵੇ। ਇਸਨੂੰ ਸਹਿਕਾਰੀ ਸੁਸਾਇਟੀ ਚਲਾਵੇ।
3) ਨੌਜਵਾਨਾਂ ਲਈ ਵੋਕੇਸ਼ਨ ਸਿੱਖਿਆ ਦਾ ਪਿੰਡ 'ਚ ਪ੍ਰਬੰਧ ਹੋਵੇ। ਖੇਤੀ ਆਧਾਰਿਤ ਛੋਟੇ ਉਦਯੋਗ ਚਲਾਉਣ ਲਈ ਸਿਖਲਾਈ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾਵੇ। ਛੋਟੇ ਉਦਯੋਗ, ਸੈਰ ਸਪਾਟਾ ਕੇਂਦਰ ਪਿੰਡਾਂ 'ਚ ਖੁੱਲ੍ਹਣ। ਹੋਟਲ ਆਦਿ ਉਸਾਰੇ ਜਾਣ। ਸਰਵਿਸ ਸੈਕਟਰ ਸੇਵਾਵਾਂ ਪਿੰਡਾਂ 'ਚ ਖੁੱਲ੍ਹਣ, ਜਿਥੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ।
4) ਪਿੰਡਾਂ 'ਚ ਕਿਸਾਨਾਂ ਤੇ ਹੋਰ ਲੋਕਾਂ ਲਈ ਚੰਗੀ ਪੜ੍ਹਾਈ, ਸਿਹਤ ਸਹੂਲਤਾਂ, ਖੇਡਾਂ, ਕਸਰਤਾਂ ਦਾ ਪ੍ਰਬੰਧ ਹੋਵੇ, ਜਿਸ 'ਚ ਪੇਂਡੂ ਨੌਜਵਾਨਾਂ ਨੂੰ ਟਰੇਨਿੰਗ ਦੇ ਕੇ, ਨੌਕਰੀਆਂ ਮੁਹੱਈਆ ਹੋਣ।
5) ਖੇਤੀ ਉਤਪਾਦਨ ਸਹਿਕਾਰੀ ਸੰਸਥਾ ਬਣਾਕੇ ਉਥੇ ਖੇਤੀ ਉਤਪਾਦਕਾਂ ਦੀ ਪੈਦਾਵਾਰ ਅਤੇ ਪ੍ਰੋਸੈਸਿੰਗ ਦਾ ਇੰਤਜ਼ਾਮ ਹੋਵੇ। ਡੇਅਰੀ (ਦੁੱਧ, ਪਨੀਰ ਆਦਿ) ਸੁੱਕੇ ਮੇਵੇ, ਫਲ, ਸਬਜੀਆਂ ਆਧਾਰਿਤ ਫਾਰਮ ਬਨਣ ਤਾਂ ਕਿ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਆਪਣੀ ਆਮਦਨ ਵਧਾ ਸਕਣ।

ਸਭ ਤੋਂ ਜ਼ਰੂਰੀ ਅਤੇ ਅਹਿਮ ਹੈ ਕਿ ਕਿਸਾਨਾਂ ਲਈ ਖੇਤੀ ਆਧਾਰਿਤ ਤਕਨੀਕੀ ਸੰਸਥਾ ਦਾ ਪ੍ਰਬੰਧ ਹੋਵੇ, ਜਿਸ ਵਿਚ ਮੰਡੀਕਰਨ, ਮੈਨੇਜਮੈਂਟ ਅਤੇ ਹੋਰ ਸਬੰਧਤ ਕੋਰਸ ਹੋਣ। ਇਹ ਕੋਰਸ ਕਿਸਾਨਾਂ ਨੂੰ ਸਰਕਾਰਾਂ ਤੱਕ ਪਹੁੰਚ, ਵਿਸ਼ਵ ਮੰਡੀਕਰਨ ਆਦਿ 'ਚ ਸਹਾਈ ਹੋ ਸਕਦੇ ਹਨ।

ਸਿਰਫ਼ ਸਰਕਾਰਾਂ ਗਾਹੇ-ਬਗਾਹੇ ਸਬਸਿਡੀਆਂ, ਰਾਹਤਾਂ ਨਾਲ ਵੋਟ ਬੈਂਕ ਬਟੋਰਨ ਦੇ ਯਤਨ ਕਰਦੀਆਂ ਹਨ। ਖੇਤਾਂ, ਖੇਤੀ, ਕਿਸਾਨਾਂ ਦਾ ਕੁਝ ਨਹੀਂ ਸੁਆਰ ਸਕਦੀਆਂ।

ਪਿਛਲੇ ਕੁਝ ਸਾਲਾਂ 'ਚ ਸਰਵਿਸ ਸੈਕਟਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਖੇਤੀ ਖੇਤਰ ਨੂੰ ਖੂੰਜੇ ਲਾ ਕੇ ਰੱਖਿਆ ਜਾ ਰਿਹਾ ਹੈ। ਇਸ ਨਾਲ ਖੇਤੀ ਖੇਤਰ 'ਚ ਨਿਘਾਰ ਆਇਆ ਹੈ। ਇਹ ਕਦਾਚਿਤ ਵੀ ਦੇਸ਼ ਹਿੱਤ 'ਚ ਨਹੀਂ ਹੈ। ਕੀ ਖੇਤੀ ਤੋਂ ਪਾਸਾ ਵੱਟਕੇ ਦੇਸ਼ ਦੁਨੀਆਂ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਦਾ ਢਿੱਡ ਭਰ ਸਕੇਗਾ? ਕੀ ਕਾਰਪੋਰੇਟ ਸੈਕਟਰ ਹੱਥ ਖੇਤੀ ਦੀ ਲਗਾਮ ਫੜਾਕੇ ਮਹਿੰਗੇ ਭਾਅ ਦੀਆਂ ਚੀਜ਼ਾਂ ਲੋਕ ਖਰੀਦ ਸਕਣਗੇ?

ਅਸਲ ਵਿਚ ਤਾਂ ਜੇਕਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਹੈ, ਕਿਸਾਨ ਖੁਦਕੁਸ਼ੀਆਂ ਰੋਕਣੀਆਂ ਹਨ, ਤਾਂ ਲੋਕ-ਹਿਤੈਸ਼ੀ ਖੇਤੀ ਨੀਤੀ ਲਾਗੂ ਕਰਨੀ ਪਵੇਗੀ, ਜਿਸਦਾ ਧੁਰਾ ਸਹਿਕਾਰਤਾ ਹੋਵੇ। ਕਿਸਾਨਾਂ ਦੀ ਜਿਸ 'ਚ ਵੱਡੀ ਸ਼ਮੂਲੀਅਤ ਹੋਵੇ। ਦੇਸ਼ ਦੀਆਂ ਹੁਣ ਤੇ ਪਹਿਲੀਆਂ ਕੇਂਦਰੀ ਸਰਕਾਰਾਂ ਦੀ ਬੇਇਮਾਨੀ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਸਰਕਾਰ ਵਲੋਂ ਖੇਤੀ ਖੇਤਰ ਲਈ ਸਥਾਪਿਤ ਡਾ: ਸੁਬਰਮਾਨੀਅਮ ਸੁਆਮੀ ਦੀ ਰਿਪੋਰਟ ਹੁਣ ਤੱਕ ਵੀ ਲਾਗੂ ਨਹੀਂ ਕੀਤੀ ਗਈ, ਜਿਹੜੀ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨਿਰਧਾਰਤ ਕਰਨ ਅਤੇ ਕਿਸਾਨਾਂ, ਉਨ੍ਹਾਂ ਦੇ ਪਰਿਵਾਰਾਂ ਵਲੋਂ ਕੀਤੀ ਕਿਰਤ ਦਾ ਮੁੱਲ ਪਾਉਣ ਅਤੇ ਉਸ ਉਤੇ ਕੁਝ ਮੁਨਾਫਾ ਦੇਣ ਦੀ ਗੱਲ ਕਰਦੀ ਹੈ।

ਜਦ ਤੱਕ ਕਿਸਾਨਾਂ ਨੂੰ ਆਪਣੀ ਕਿਰਤ ਦਾ ਮੁੱਲ ਹੀ ਨਹੀਂ ਮਿਲੇਗਾ, ਉਸ ਦੀਆਂ ਫ਼ਸਲਾਂ 'ਤੇ ਲਾਗਤ ਕੀਮਤ ਉਤੇ ਕੁਝ ਵਾਧਾ ਨਹੀਂ ਮਿਲੇਗਾ, ਤਾਂ ਫਿਰ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਿਵੇਂ ਹੋਵੇਗਾ?

ਤੇ ਕਿਵੇਂ ਕਿਸਾਨਾਂ ਦੀ ਪੰਜ ਸਾਲਾਂ 'ਚ ਆਮਦਨ ਦੁੱਗਣੀ ਹੋਣ ਦਾ ਸੁਪਨਾ ਸਾਕਾਰ ਹੋਏਗਾ?

## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਸੱਭਿਅਕ ਢੰਗ ਨਾਲ ਬੋਲਣ ਦੇ ਬਹੁਤ ਲਾਭ ਹਨ। ਸਭ ਤੋਂ ਵੱਧ ਤਾਂ ਇਹ ਕਿ ਘਰ ਵਿਚ ਲੜਦੇ ਵੀ ਹੋਵੋਗੇ, ਤਾਂ ਗਵਾਂਢੀ ਸਮਝਣਗੇ, ਸਤਸੰਗ ਚੱਲ ਰਿਹਾ ਹੈ।
- ਮਿੱਤਰੋ ਘਰ ਦੇ ਅੰਦਰ ਹਨੇਰੀ ਨਾ ਚੱਲਣ ਦਇਉ, ਹਨੇਰੀ ਨਾਲ ਪਰਦੇ ਉੱਡਣਗੇ ਤੇ ਪਰਦੇ ਅੰਦਰ ਰਹਿਣ ਵਾਲੇ ਸੰਸਕਾਰਾਂ ਦੀ ਨੁਮਾਇਸ਼ ਲੱਗ ਜਾਵੇਗੀ।
- ਜੋ ਕੰਮ ਵੀ ਕਰੋ ਮਿਹਨਤ ਅਤੇ ਲਗਨ ਨਾਲ ਕਰੋ। ਇੱਕੋ ਸਮੇਂ ਦੋ ਕੰਮ ਸਹੇੜਨਾ ਨੁਕਸਾਨਦੇਹ ਹੈ। ਮਿਸਾਲ ਵਜੋਂ ਜੇ ਕਿਸੇ ਨੂੰ ਵੱਟਾ ਵੀ ਮਾਰਨਾ ਹੈ, ਤਾਂ ਇੱਕ ਹੀ ਮਾਰੋ ਦੋ ਵੱਟੇ ਇਕੱਠੇ ਮਾਰਨ ਨਾਲ ਕੋਈ ਵੀ ਨਹੀਂ ਵੱਜੇਗਾ।
- ਪੜ੍ਹਾਈ ਅਤੇ ਅਕਲ ਦਾ ਰਿਸ਼ਤਾ ਨੇੜੇ ਦਾ ਨਹੀਂ, ਕਈ ਵਾਰ ਅਨਪੜ੍ਹ ਸਿਆਣੀਆਂ ਅਤੇ ਪੜ੍ਹੇ ਬੇਤੁਕੀਆਂ ਗੱਲਾਂ ਕਰਦੇ ਦਿੱਸਦੇ ਹਨ।
- ਚੰਗੇ ਸਮੇਂ ਵਿਚ ਕੀਤਾ ਸ਼ੁਕਰ ਅਤੇ ਔਖੇ ਸਮੇਂ ਵਿਚ ਕੀਤਾ ਸਬਰ, ਚਾਂਦੀ ਨੂੰ ਸੋਨਾ ਬਣਾ ਸਕਦੇ ਹਨ।
- ਜਿਸ ਦੇਸ਼ ਵਿਚ 35 ਲੱਖ ਜੋਤਸ਼ੀ ਹੋਣ 'ਤੇ ਇੱਕ ਵੀ ਨਾ ਦੱਸੇ ਭਾਈ ਕੱਲ੍ਹ ਨੂੰ ਕਦੇ ਹਜ਼ਾਰ ਵਾਲਾ ਤੇ ਕਦੇ ਦੋ ਹਜ਼ਾਰ ਵਾਲਾ ਨੋਟ ਬੰਦ ਹੋ ਜਾਣਾ ਹੈ, ਕੀ ਫਾਇਦਾ ਉਨ੍ਹਾਂ ਦਾ।
- ਪੁਰਾਣੇ ਸਮਿਆਂ ਵਿਚ ਲੋਕ ਕਹਿੰਦੇ ਹੁੰਦੇ ਸਨ, 'ਜਿਹੇ ਆਲੇ ਉਹੋ ਜਿਹੇ ਕੁੱਜੇ'। ਹੁਣ ਕੁੱਜੇ ਆਲੇ ਤੇ ਰਹੇ ਨਹੀਂ, ਗੱਲ ਬਦਲ ਗਈ ਹੈ, ਜਿਹੋ ਵੋਟਾਂ ਪਾਉਣ ਵਾਲੇ ਉਹੋ ਜਿਹੇ ਵੋਟਾਂ ਲੈਣ ਵਾਲੇ।

(Punjab Mail USA)

## ਜੂਨ ਮਹੀਨੇ ਦੀ ਸੰਗਰਾਂਦ ’ਤੇ ਵਿਸ਼ੇਸ਼

# ਸਿੱਖ ਇਤਿਹਾਸ ਦਾ ਇਕ ਸੁਨਹਿਰੀ ਪੰਨਾ

**“ਜੂਨ 1903 ਦੀ ਸੰਗਰਾਂਦ ਨੂੰ ਜਦ ਪਿੰਡ ਬਕਾ ਪੁਰ-ਫਿਲੌਰ ਦੇ ਭਰਵੇਂ ਪੰਥਕ ਇਕੱਠ ਵਿਚ ਮੌਲਵੀ ਕਰੀਮ ਬਖ਼ਸ਼ ਸਮੇਤ ਪਰਿਵਾਰ ਸਿੰਘ ਸਜੇ।”**

ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



ਮੁਸਲਿਮ ਬਾਲ ਕਰੀਮ ਬਖ਼ਸ਼ ਦੀ (1860-1935) ਪੈਦਾਇਸ਼ ਪਿਤਾ ਨੱਥੂ ਅਤੇ ਮਾਤਾ ਬੱਸਰੀ ਦੇ ਘਰ, ਪਿੰਡ ਬਕਾਪੁਰ- ਫ਼ਿਲੌਰ ਜ਼ਿਲ੍ਹਾ ਜਲੰਧਰ ਵਿਖੇ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੇ ਖੁੱਸਣ ਤੋਂ 11 ਸਾਲ ਬਾਅਦ 1860 ਵਿਚ ਹੋਈ। ਬਾਲ ਉਮਰ ਵਿਚ ਹੀ ਉਹ ਕੁੱਝ ਸਾਧੂ ਬਿਰਤੀ ਵਾਲੇ ਹੋਣ ਕਰਕੇ ਆਮ ਬਾਲਾਂ ਜਾਂ ਦੁਨਿਆਵੀ ਰੁਝੇਵਿਆਂ ਤੋਂ ਵਿੱਥ ਰੱਖਦੇ। ਮਾਤਾ-ਪਿਤਾ ਨੇ ਇਹ ਪ੍ਰੇਸ਼ਾਨੀ ਦਾ ਬਾਇਸ ਜਾਣ ਕੇ ਉਨ੍ਹਾਂ ਦੀ ਸ਼ਾਦੀ ਜਿੰਦੋਂ ਨਾਮ ਦੀ ਇਕ ਬੇਟੀ ਨਾਲ ਕਰਤੀ। ਪਰ ਬਾਲ ਕਰੀਮ ਬਖ਼ਸ਼ ਦੇ ਸੁਭਾਉ ਵਿਚ ਕੋਈ ਖਾਸ ਤਬਦੀਲੀ ਨਾ ਆਈ। ਉਹ ਆਪਣੇ ਆਪ ਨੂੰ ਰੂਹਾਨੀ ਰੰਗਤ ਦੀ ਪਾਣ ਚਾੜ੍ਹਣ ਲਈ ਬਿਹਬਲ ਰਹਿੰਦਾ। ਉਨ੍ਹਾਂ ਨੂੰ ਬੰਗਿਆਂ ਦੇ ਸੰਤ ਕਾਹਲਾ ਸਿੰਘ ਦੀ ਕਿਸੇ ਦੱਸ ਪਾਈ ਤਾਂ ਉਹ ਉਨ੍ਹਾਂ ਦੇ ਮੁਰੀਦ ਹੋ ਗਏ। ਸੇਵਾ ਕਰਨ ਦੇ ਨਾਲ-ਨਾਲ ਉਨ੍ਹਾਂ ਧਾਰਮਿਕ ਵਿਦਿਆ ਵੀ ਗ੍ਰਹਣ ਕੀਤੀ। ਅਫ਼ਸੋਸ ਕਿ ਸੰਤ ਕਾਹਲਾ ਸਿੰਘ ਜੀ ਦੋ ਕੁ ਸਾਲ ਬਾਅਦ ਹੀ ਚੜ੍ਹਾਈ ਕਰ ਗਏ। ਉਥੋਂ ਉਹ ਅਗਲੇ ਮੁਰਸ਼ਿਦ ਦੀ ਭਾਲ਼ ਵਿਚ, ਸੰਤ ਕਾਹਲਾ ਸਿੰਘ ਜੀ ਦੇ ਪ੍ਰੇਮੀ ਸੰਤ ਦੂਲਾ ਸਿੰਘ ਦੇ ਡੇਰੇ ਠੱਕਰਵਾਲ- ਹੁਸ਼ਿਆਰਪੁਰ ਚਲੇ ਗਏ।

ਇਸੇ ਸਮੇਂ ਉਨ੍ਹਾਂ ਪ੍ਰਾਇਮਰੀ ਸਕੂਲ ਫ਼ਿਲੌਰ ਵਿਚ ਫ਼ਾਰਸੀ ਦੇ ਅਧਿਆਪਕ ਵਜੋਂ ਨੌਕਰੀ ਕਰ ਲਈ। ਇਥੇ ਵੀ ਉਨ੍ਹਾਂ ਸਿੱਖ ਰਹੁ-ਰੀਤਾਂ ਨੂੰ ਬਰਕਰਾਰ ਰੱਖਿਆ। ਗੁਰੂ ਜੱਸ ਗਾਉਂਦੇ, ਮਿਲਦੇ ਗਿਲਦਿਆਂ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਬੁਲਾਉਂਦੇ। ਜਦ ਵੀ ਸਮਾਂ ਲੱਗਦਾ, ਅੰਮ੍ਰਿਤਸਰ ਗੁਰਦੁਆਰਾ ਸਾਹਿਬ ਸਰੋਵਰ ਵਿਚ ਇਸ਼ਨਾਨ ਅਤੇ ਗੁਰੂ ਘਰ ਦੀ ਸੇਵਾ ਕਰਦੇ। ਇਸੇ ਤਰ੍ਹਾਂ ਉਨ੍ਹਾਂ ਦੇ ਘਰੋਂ ਬੀਬੀ ਜਿੰਦੋਂ ਵੀ ਸਿੱਖ ਰੰਗਤ ’ਚ ਆ ਗਈ।

ਇਸ ਮੁਸਲਿਮ ਵਲੋਂ ਸਿੱਖ ਰਹੁ-ਰੀਤਾਂ ਦਾ ਧਾਰਨੀ ਅਤੇ ਸਿੱਖ ਸਜਣ ਦੀ ਤਾਂਘ ਰੱਖਣ ਦੀ ਖ਼ਬਰ ਕਿਸੇ ਜ਼ਰੀਏ, ਸਿੱਖ ਕੰਨਿਆਂ ਪਾਠਸ਼ਾਲਾ ਫਿਰੋਜ਼ਪੁਰ ਦੇ ਮੋਢੀ ਭਾਈ ਤਖ਼ਤ ਸਿੰਘ ਪਾਸ ਪੁੱਜੀ, ਤਾਂ ਉਨ੍ਹਾਂ ਇਸ ਮੁੱਦੇ ’ਤੇ ਸਿੰਘ ਸਭਾ ਭਸੌੜ ਨਾਲ ਗੱਲ ਕੀਤੀ। ਭਸੌੜ ਸਿੰਘ ਸਭਾ ਪਹਿਲਾਂ ਵੀ ਸ਼ੁੱਧੀ ਲਹਿਰ ਤਹਿਤ ਦਰਜਣਾਂ ਪਤਿਤ ਜਾਂ ਗ਼ੈਰ ਸਿੱਖਾਂ ਨੂੰ ਸਿੱਖ ਧਰਮ ਵਿਚ ਸ਼ਾਮਲ ਕਰ ਚੁੱਕੀ ਸੀ। ਉਨ੍ਹਾਂ ਇਕ ਗੁਪਤ ਬੰਦਾ ਬਕਾਪੁਰ ਭੇਜ ਕੇ ਸੱਚ ਤਸਦੀਕ ਕਰਵਾਇਆ। ਵਿਚਾਰ-ਚਰਚਾ ਉਪਰੰਤ 1901 ਦੇ ਸਾਲਾਨਾ ਸਮਾਗਮ ਵਿਚ ਭਸੌੜ ਆਗੂਆਂ ਨੇ, ਬਕਾਪੁਰ ਪਰਿਵਾਰ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ। ਪਰ ਤਦੋਂ ਪੰਜਾਬ ਵਿਚ ਪਲੇਗ ਫੈਲ ਜਾਣ ’ਤੇ ਸਮਾਗਮ ਰੱਦ ਕਰਨਾ ਪਿਆ। 1902 ਦੇ ਸਾਲਾਨਾ ਸਮਾਗਮ ਲਈ ਫਿਰ ਸਮਾਂ ਨੀਅਤ ਕੀਤਾ ਗਿਆ ਪਰ ਉਸ ਵੇਲੇ ਕੁੱਝ ਸਿੱਖ ਆਗੂਆਂ ਵਲੋਂ ਵਿਰੋਧ ਦਰਜ ਕਰਨ ’ਤੇ ਪ੍ਰੋਗਰਾਮ ਫਿਰ ਧਰਿਆ ਧਰਾਇਆ ਰਹਿ ਗਿਆ। ਸ਼ਾਬਾਸ਼ ਭਸੌੜ ਵਾਲਿਆਂ ਦੇ ਕਿ ਉਨ੍ਹਾਂ ਹਿੰਮਤ ਨਾ ਛੱਡੀ। ਉਨ੍ਹਾਂ ਭਾਈ ਬਸੰਤ ਸਿੰਘ, ਫਿਰ ਭਾਈ ਤਖ਼ਤ ਸਿੰਘ ਨੂੰ ਬਕਾਪੁਰ ਭੇਜਿਆ। ਉਪਰੰਤ ਭਸੌੜ ਸਿੰਘ ਸਭਾ ਦੇ ਸਕੱਤਰ ਭਾਈ ਤੇਜਾ ਸਿੰਘ ਜੀ ਖ਼ੁਦ ਬਕਾਪੁਰ ਗਏ। ਉਥੇ ਵਾਚਿਆ ਕਿ ਮੌਲਵੀ ਪਰਿਵਾਰ ਦੀਆਂ ਸਾਰੀਆਂ ਰਹੁ-ਰੀਤਾਂ ਸਿੱਖਾਂ ਵਾਲੀਆਂ ਨੇ। ਮੌਲਵੀ ਸਾਹਿਬ ਦੀ ਬੇਗਮ ਮਾਈ ਜਿੰਦੋ ਜੋ ਤਦੋਂ ਹਫ਼ਤਾ ਕੁ ਪਹਿਲਾਂ ਚੱਲ ਵਸੀ ਸੀ, ਦੀਆਂ ਸਾਰੀਆਂ ਰਸਮਾਂ ਸਿੱਖਾਂ ਵਾਲੀਆਂ ਕੀਤੀਆਂ ਗਈਆਂ। ਇਥੋਂ ਤੱਕ ਕਿ ਮੌਲਵੀ ਪਰਿਵਾਰ ਨੇ ਘਰ ਦੇ ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕੀਤਾ ਹੋਇਆ ਸੀ। ਗੁਰਬਾਣੀ ਦਾ ਪਾਠ ਅਤੇ ਕੀਰਤਨ ਰੋਜ਼ ਦਾ ਆਹਰ ਹੁੰਦਾ।



ਸੰਤ ਲਖਵੀਰ ਸਿੰਘ ਜੀ।

ਭਾਈ ਤੇਜਾ ਸਿੰਘ ਜੀ ਨੇ ਭਸੌੜ ਪਹੁੰਚਦਿਆਂ ਹੀ ਇਕ ਇਸ਼ਤਿਹਾਰ ਜਾਰੀ ਕੀਤਾ ਕਿ ਪਿੰਡ ਬਕਾਪੁਰ ਵਿਖੇ 13-14 ਜੂਨ 1903 ਦੀ ਸੰਗਰਾਂਦ ਭਾਵ ਇੱਕ ਹਾੜ ਨੂੰ ਪੰਥਕ ਇਕੱਠ ਹੋਵੇਗਾ, ਜਿਸ ਵਿਚ ਮੁਸਲਿਮ ਪਰਿਵਾਰ ਸਿੰਘ ਸਜੇਗਾ। ਇਸ ਸਬੰਧੀ ਸਾਰੀਆਂ ਪੰਥਕ ਜਥੇਬੰਦੀਆਂ, ਸਰਕਰਦਾ ਨੇਤਾਵਾਂ ਅਤੇ ਇਕ ਵਿਸ਼ੇਸ਼ ਚਿੱਠੀ ਬਕਾਪੁਰ ਨਿਵਾਸੀਆਂ ਦੇ ਨਾਮ ਪੁਰ ਭੇਜੀ ਗਈ।



ਸੰਤ ਲਖਵੀਰ ਸਿੰਘ ਯਾਦਗਾਰੀ ਗੁਰਦੁਆਰਾ ਸਾਹਿਬ ਬਕਾਪੁਰ ਦੇ ਸਾਹਮਣੇ ਖੱਬਿਓਂ ਮੌਜੂਦਾ ਗ੍ਰੰਥੀ ਸ.ਸੰਤੋਖ ਸਿੰਘ ਨਾਲ ਲੇਖਕ, ਮੁਲਾਕਾਤ ਸਮੇਂ।

ਨਿਸ਼ਚਿਤ ਦਿਨ ਲਾਹੌਰ, ਗੁਜਰਾਂਵਾਲਾ, ਅੰਮ੍ਰਿਤਸਰ, ਲੁਧਿਆਣਾ ਵਗੈਰਾ ਤੋਂ ਸਿੱਖ ਸ਼ਰਧਾਲੂ ਆਣ ਪਹੁੰਚੇ। ਭਾਈ ਬਸੰਤ ਸਿੰਘ ਨਾਰੰਗਵਾਲ ਵੀ ਆਪਣੇ ਜਥੇ ਸਮੇਤ, ‘ਦੀਨ ਦਯਾਲ ਭਰੋਸੇ ਤੇਰੇ---’ ਸ਼ਬਦ ਗਾਉਂਦੇ ਫ਼ਿਲੌਰ ਰੇਲਵੇ ’ਟੇਸ਼ਣ ਤੋਂ ਤੁਰ ਕੇ, ਬਕਾਪੁਰ ਆਏ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦਾ ਜਥਾ ਵੀ ਸ. ਸੁੰਦਰ ਸਿੰਘ ਮਜੀਠੀਆ ਦੇ ਬਜ਼ੁਰਗ ਤਾਇਆ ਬਾਬਾ ਹੀਰਾ ਸਿੰਘ ਮਜੀਠੀਆ ਦੀ ਅਗਵਾਈ ਵਿਚ ਪਹੁੰਚਿਆ। ਵਿਦਿ: ਵਿਚ ਭਾਈ ਜੋਧ ਸਿੰਘ, ਮਾਸਟਰ ਤਾਰਾ ਸਿੰਘ ਅਤੇ ਫਰੀਦਕੋਟ ਰਿਆਸਤ ਵਾਲੇ ਸ. ਮਾਨ ਸਿੰਘ ਵੀ ਉਚੇਚ ਸ਼ਾਮਲ ਸਨ। ਭਾਈ ਤੇਜਾ ਸਿੰਘ ਨੇ, ਕਰੀਮ ਬਖ਼ਸ਼ ਦੇ ਘਰ ਦੀ ਧੁਆਈ, ਬਾਹਰੋਂ ਆਈ ਸੰਗਤ ਦੇ ਨ੍ਹਾਉਣ ਧੋਣ ਅਤੇ ਪੀਣ ਵਾਲੇ ਪਾਣੀ ਦੇ ਪ੍ਰਬੰਧ ਵਜੋਂ, ਖੂਹਾਂ ਤੋਂ ਗਾਗਰਾਂ ਨਾਲ ਪਾਣੀ ਢੋਣ ਦੀ ਡਿਊਟੀ ਖ਼ਾਲਸਾ ਕਾਲਜ ਦੇ ਮੁੰਡਿਆਂ ਦੀ ਲਾਈ। ਕਹਿੰਦੇ ਜੇਠ-ਹਾੜ ਦੀਆਂ ਧੁੱਪਾਂ ਵਿਚ ਵਿਦਿਆਰਥੀਆਂ ਨੂੰ ਪਾਣੀ ਢੋਣ ਲਈ ਬਹੁਤ ਤਰੱਦਦ ਕਰਨਾ ਪਿਆ। ਇਥੋਂ ਤੱਕ ਕਿ ਗਾਗਰਾਂ ਨਾਲ਼ ਪਾਣੀ ਢੋਂਹਦਿਆਂ ਉਨ੍ਹਾਂ ਦੇ ਪੈਰਾਂ ਵਿਚ ਛਾਲੇ ਅਤੇ ਮੋਢਿਆਂ ਦਾ ਮਾਸ ਤੱਕ ਉੱਚੜ ਗਿਆ।

ਪਹਿਲੇ ਦਿਨ ਕੀਰਤਨ ਵਿਚ ਇਸ਼ਨਾਨ ਪਾਨ ਕਰਨ ਉਪਰੰਤ ਕਰੀਮ ਬਖ਼ਸ਼ ਹੋਰਾਂ ਵੱਡੇ ਤੜਕੇ ਰਾਤ 2 ਵਜੇ ਹਾਜ਼ਰੀ ਭਰੀ। ਸਿੰਘ ਸਭਾ ਗੁਜਰਵਾਲ, ਭਾਈ ਬਸੰਤ ਸਿੰਘ ਨਾਰੰਗਵਾਲ, ਭਾਈ ਅਨੂਪ ਸਿੰਘ, ਲੁਧਿਆਣਾ ਦੀ ਯੂਥ ਲੀਗ ਅਤੇ ਬੀਬੀਆਂ ਦੇ ਇਕ ਜਥੇ ਨੇ ਕੀਰਤਨ ਕੀਤਾ। ਸ਼ਾਮ ਦੇ ਦੀਵਾਨ ਵਿਚ ਭਾਈ ਤੇਜਾ ਸਿੰਘ ਨੇ ਕਥਾ ਵਿਚਾਰ ਕਰਦਿਆਂ ਅੰਮ੍ਰਿਤ ਪਾਨ ਲਈ ਇਕੱਤਰ ਸੰਗਤ ਤੋਂ ਨਾਮ ਮੰਗੇ। ਸਭ ਤੋਂ ਪਹਿਲਾਂ ਭਾਈ ਬਸੰਤ ਸਿੰਘ ਬੀ.ਏ. ਨਾਰੰਗਵਾਲ ਨੇ ਆਪਣਾ ਨਾਮ ਪੇਸ਼ ਕੀਤਾ। ਦੂਜੇ ਦਿਨ ਅੰਮ੍ਰਿਤ ਸੰਚਾਰ ਹੋਇਆ। ਜਿੱਥੇ ਭਾਈ ਤੇਜਾ ਸਿੰਘ ਭਸੌੜ, ਭਾਈ ਤਖ਼ਤ ਸਿੰਘ ਫਿਰੋਜ਼ਪੁਰ, ਭਾਈ ਬਸੰਤ ਸਿੰਘ ਬਪਿਆਣਾ-ਪਟਿਆਲਾ ਸਟੇਟ, ਭਾਈ ਸੋਹਣ ਸਿੰਘ ਗੁਜਰਾਂਵਾਲਾ ਅਤੇ ਭਾਈ ਅਮਰ ਸਿੰਘ ਰਾਜਾ ਘੁਮਾਣ ਹੋਰਾਂ ਪੰਜ ਪਿਆਰਿਆਂ ਦੀ ਸੇਵਾ ਨਿਭਾਈ, ਉਥੇ ਤਦੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਬੀ.ਏ. ਆਖੀਰੀ ਸਾਲ ਦੇ ਵਿਦਿਆਰਥੀ ਭਾਈ ਜੋਧ ਸਿੰਘ ਹੋਰਾਂ ਗ੍ਰੰਥੀ ਸਿੰਘ ਵਜੋਂ ਸੇਵਾਵਾਂ ਦਿੱਤੀਆਂ। ਜਿੱਥੇ ਮੌਲਵੀ ਕਰੀਮ ਬਖ਼ਸ਼ (43 ਸਾਲ), ਉਨ੍ਹਾਂ ਦੇ ਚਾਰ ਪੁੱਤਰ ਰੁਕਨਦੀਨ (15), ਫਤਹਿਦੀਨ (12), ਗ਼ੁਲਾਮ ਮੁਹੰਮਦ (6), ਖ਼ੈਰਦੀਨ (4) ਅਤੇ ਬੇਟੀ ਬੀਬੀ ਨੂਰਾਂ (9) ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਉਪਰੰਤ ਕ੍ਰਮਵਾਰ ਭਾਈ ਲਖਵੀਰ ਸਿੰਘ, ਮਹਿਤਾਬ ਸਿੰਘ, ਕਿਰਪਾਲ ਸਿੰਘ, ਹਰਨਾਮ ਸਿੰਘ, ਗੁਰਬਖਸ਼ ਸਿੰਘ ਅਤੇ ਵਰਿਆਮ ਕੌਰ ਹੋਏ। ਉਥੇ ਭਾਈ ਬਸੰਤ ਸਿੰਘ-ਨਾਰੰਗਵਾਲ ਅੰਮ੍ਰਿਤ ਪਾਨ ਉਪਰੰਤ ਭਾਈ ਰਣਧੀਰ ਸਿੰਘ (ਅਖੰਡ ਕੀਰਤਨੀਏਂ ਜਥੇ ਵਾਲੇ) ਬਣੇ। ਕਰੀਮ ਬਖ਼ਸ਼ ਦੇ ਪਰਿਵਾਰ ਸਮੇਤ ਉਸ ਦਿਨ ਕੁੱਲ 35 ਜਣਿਆਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈ ਲਖਵੀਰ ਸਿੰਘ ਹੋਰਾਂ ਅੱਗੇ ਜਾ ਕੇ ਪੰਥਕ ਸਫਾਂ ਵਿਚ ਬਹੁਤ ਵਡਿਆਈ ਖੱਟੀ। ਉਨ੍ਹਾਂ ਦੇ ਵੱਡੇ ਪੁੱਤਰ ਭਾਈ ਮਹਿਤਾਬ ਸਿੰਘ ਨੇ ਅੰਮ੍ਰਿਤਸਰ ‘ਖ਼ਾਲਸਾ ਬਰਾਦਰੀ’ ਨਾਮ ਦੀ ਸਭਾ ਬਣਾਈ। ਸ੍ਰੀ ਦਰਬਾਰ ਸਾਹਿਬ ਲੰਬਾ ਸਮਾਂ ਸੇਵਾ ਕਰਨ ਦੇ ਨਾਲ-ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਲਿਆ।

(ਸਰੋਤ:1. ਸੰਤ ਲਖਵੀਰ ਸਿੰਘ ਜੀ ਦੀ ਪੜਪੋਤ ਨੂੰਹ ਬੀਬੀ ਮਨਜੀਤ ਕੌਰ, ਪਤਨੀ ਸ.ਜੋਗਿੰਦਰ ਸਿੰਘ

2. ਗ੍ਰੰਥੀ ਸ. ਸੰਤੋਖ ਸਿੰਘ ਅਤੇ ਉਨ੍ਹਾਂ ਵਲੋਂ ਮੁਹੱਈਆ ਕਰਵਾਈ ਸਮੱਗਰੀ)

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Simranpal Singh Bindra
M.D.S, Endodontist
Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini


Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੀ ਤੁਸੀਂ ਐਲੋਨ ਮਸਕ ਨੂੰ ਦਿਮਾਗ ਦੀ ਚਿੱਪ ਸਥਾਪਤ ਕਰਨ ਦਿਓਗੇ?




ਸੁਰਜੀਤ ਸਿੰਘ ਫਲੋਰਾ
ਬਰੈਂਪਟਨ
647-829-9397
(Punjab Mail USA)




ਐਲੋਨ ਮਸਕ ਦਾ ਨਿਊਰਲਿੰਕ ਸਾਲਾਂ ਤੋਂ "ਮਨੁੱਖੀ ਦਿਮਾਗ ਦੇ ਅੰਦਰ ਇੱਕ ਚਿੱਪ ਕਿਵੇਂ ਲਗਾਉਣਾ ਹੈ" ਦਾ ਅਧਿਐਨ ਕਰ ਰਿਹਾ ਹੈ। ਵਿਗਿਆਨੀਆਂ ਨੇ ਪਿਛਲੇ ਸਾਲ ਆਪਣੇ ਕੰਮ ਦਾ ਖੁਲਾਸਾ ਕੀਤਾ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਕਿਵੇਂ ਉਨ੍ਹਾਂ ਨੇ ਇੱਕ ਬਾਂਦਰ ਦੇ ਦਿਮਾਗ ਵਿਚ ਇੱਕ ਚਿੱਪ ਪਾਈ ਅਤੇ ਡੇਟਾ ਨੂੰ ਕੰਪਿਊਟਰ ਸਕ੍ਰੀਨ 'ਤੇ ਪ੍ਰਦਰਸ਼ਿਤ ਕੀਤਾ।

ਮਸਕ ਨੇ ਕਿਹਾ ਕਿ ਯੰਤਰ ਦਿਮਾਗ ਦੇ ਕਿਸੇ ਵੀ ਹਿੱਸੇ ਨਾਲ ਜੁੜਨ ਦੀ ਸਮਰੱਥਾ ਰੱਖਦਾ ਹੈ, ਜਿਸ ਨਾਲ ਨਜ਼ਰ ਦੀਆਂ ਸਮੱਸਿਆਵਾਂ ਅਤੇ ਨਿਊਰੋਲੌਜੀਕਲ ਵਿਕਾਰ ਦੇ ਇਲਾਜ ਵਿਚ ਸਹਾਇਤਾ ਕਰਨ ਦੇ ਯੋਗ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਨਿਊਰਲਿੰਕ ਦਾ ਉਦੇਸ਼ ਦਿਮਾਗ ਦੇ ਅਧਰੰਗ ਜਾਂ ਹੋਰ ਦਿਮਾਗੀ ਸਮੱਸਿਆਵਾਂ ਨਾਲ ਹਰ ਕਿਸੇ ਦੀ ਮਦਦ ਕਰਨਾ ਹੈ। ਐਲੋਨ ਮਸਕ ਦੇ ਕਹਿਣ ਅਨੁਸਾਰ "ਲੋਕ ਕੰਪਿਊਟਰ ਗੇਮਾਂ ਖੇਡ ਸਕਦੇ ਹਨ" ਅਤੇ "ਉਹ ਆਪਣੇ ਦਿਮਾਗ ਵਿਚ ਸੰਗੀਤ ਨੂੰ ਸਟ੍ਰੀਮ ਕਰ ਸਕਦੇ ਹਨ," ਪਰ ਇਹ ਉਨ੍ਹਾਂ ਲੋਕਾਂ ਲਈ ਹਨ, ਜੋ ਆਪਣੇ ਸਰੀਰ ਦੇ ਅੰਗਾਂ ਨੂੰ ਹਿਲਾ ਨਹੀਂ ਸਕਦੇ ਜਾਂ ਆਪਣੇ ਆਪ ਨੂੰ ਪ੍ਰਗਟ ਨਹੀਂ ਕਰ ਸਕਦੇ, ਗੱਲ ਕੀ ਜੋ ਅਪਾਹਜ਼ ਹਨ।

ਇੱਕ ਸਾਬਕਾ ਐੱਫ.ਡੀ.ਏ. ਅਧਿਕਾਰੀ ਨੇ ਮਨੁੱਖੀ ਕਲੀਨਿਕਲ ਅਜ਼ਮਾਇਸ਼ਾਂ ਨੂੰ ਕਰਵਾਉਣ ਲਈ ਐਲੋਨ ਮਸਕ ਦੇ ਨਿਊਰਲਿੰਕ ਦੀ ਐੱਫ.ਡੀ.ਏ. ਕਲੀਅਰੈਂਸ ਨੂੰ ਇੱਕ ਮੀਲ ਪੱਥਰ ਕਿਹਾ। ਇਹ ਜ਼ਮੀਨ-ਤੋੜਨ ਵਾਲੀ ਨਿਊਰੋਲੋਜੀਕਲ ਖੋਜ ਨੂੰ ਸਮਰੱਥ ਬਣਾਉਣਾ ਚਾਹੀਦਾ ਹੈ। ਇਹ ਵਾਜਬ ਵੀ ਹੈ, ਪਰ ਇਸ ਦੇ ਨਾਲ-ਨਾਲ ਨਵੀਂ ਤਕਨਾਲੋਜੀ ਦੇ ਪ੍ਰਭਾਵਾਂ ਬਾਰੇ ਖੁੱਲ੍ਹ ਕੇ ਸੋਚਣਾ ਜਿਥੇ ਬਹੁਤ ਮਹੱਤਵਪੂਰਨ ਹੈ, ਉਥੇ ਇਸ ਦੇ ਫਾਇਦੇ ਅਤੇ ਨੁਕਸਾਨ ਬਾਰੇ ਵੀ ਸੋਚਣ ਦੀ ਬਹੁਤ ਲੋੜ ਹੈ। ਹੋ ਸਕਦਾ ਹੈ ਇਸਦੇ ਬਹੁਤ ਵੱਡੇ ਪ੍ਰਭਾਵ ਪੈ ਸਕਦੇ ਹਨ। ਸਾਵਧਾਨੀ ਨਾਲ ਪ੍ਰਭਾਵ ਦਾ ਮੁਲਾਂਕਣ ਕਰਨਾ ਅਤੀ ਜ਼ਰੂਰੀ ਹੈ। ਸਾਰੀਆਂ ਤਕਨੀਕੀ ਤਰੱਕੀਆਂ ਸਮਾਜ ਅਤੇ ਆਰਥਿਕਤਾ ਨੂੰ ਪ੍ਰਭਾਵਿਤ ਨਹੀਂ ਕਰਦੀਆਂ, ਕਈ ਵਾਰ ਇਹ ਮਨੁੱਖ ਲਈ ਨੁਕਸਾਨਦਾਇਕ ਹੀ ਨਹੀਂ, ਬਲਕਿ ਮੌਤ ਜਾਂ ਹਮੇਸ਼ਾ ਲਈ ਅਪਾਹਜ਼ ਵੀ ਬਣਾ ਦਿੰਦੀ ਹੈ।

ਨਿਊਰਲਿੰਕ ਦੀ ਨਵੀਂ ਬ੍ਰੇਨ ਇਮਪਲਾਂਟ ਸਰਜਰੀ ਇੱਕ ਰੋਬੋਟ ਦੀ ਵਰਤੋਂ ਕਰਦੀ ਹੈ। ਇਹ ਟੈਕਨਾਲੋਜੀ ਦਿਮਾਗ ਦੀ ਗਤੀਵਿਧੀ ਨੂੰ ਡੀਕੋਡ ਕਰਦੀ ਹੈ ਅਤੇ ਦਿਮਾਗ ਦੀਆਂ ਭਾਵਨਾਵਾਂ ਨੂੰ ਮਸ਼ੀਨਾਂ ਅਤੇ ਕੰਪਿਊਟਰਾਂ ਨਾਲ ਜੋੜਦੀ ਹੈ। ਇੰਟਰਫੇਸ ਗਰਦਨ-ਡਾਊਨ ਅਧਰੰਗ ਵਾਲੇ ਲੋਕਾਂ ਦੀ ਮਦਦ ਕਰ ਸਕਦਾ ਹੈ। ਇਹ ਉਨ੍ਹਾਂ ਨੂੰ ਉਨ੍ਹਾਂ ਦੇ ਵਾਤਾਵਰਣ ਨੂੰ ਲਿਖਣ ਅਤੇ ਪ੍ਰਬੰਧਨ ਵਿਚ ਮਦਦ ਕਰ ਸਕਦਾ ਹੈ।

ਇੱਕ ਖੋਜ ਅਧਰੰਗ ਅਤੇ ਦੁਖਦਾਈ ਦਿਮਾਗੀ ਸੱਟ ਦੇ ਮਰੀਜ਼ਾਂ ਦੀ ਮਦਦ ਕਰ ਸਕਦੀ ਹੈ। ਮੰਨ ਲਓ ਕਿ ਤਕਨਾਲੋਜੀ ਕੰਮ ਕਰਦੀ ਹੈ, ਪਰ ਕੀ ਇਸ ਨੂੰ ਆਮ ਵਿਆਕਤੀ ਖਰੀਦ ਸਕਦਾ ਹੈ, ਹਰਗਿਜ਼ ਨਹੀਂ! ਕਿਉਂਕਿ ਇਸ ਦੀ ਕੀਮਤ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੋਵੇਗੀ, ਗਰੀਬ ਹਮੇਸ਼ਾ ਦੀ ਤਰ੍ਹਾਂ ਆਪਣੇ ਸੁਪਨਿਆਂ ਵਿਚ ਤਾਂ ਵੱਡੇ-ਵੱਡੇ ਮਹਿਲ ਉਸਾਰ ਸਕਦਾ ਹੈ, ਹਰ ਆਪਣੀ ਜਾਤੀ ਜ਼ਿੰਦਗੀ ਵਿਚ ਉਹ ਹਮੇਸ਼ਾ ਦੂਜਿਆਂ ਦੇ ਹੱਥਾਂ ਵੱਲ ਹੀ ਦੇਖਦਾ ਰਹਿ ਜਾਵੇਗਾ।

ਦਿਮਾਗ-ਮਸ਼ੀਨ ਲਿੰਕਾਂ ਦਾ ਖਰਚ ਸਿਰਫ਼ ਅਮੀਰਾਂ ਤੱਕ ਪਹੁੰਚ ਨੂੰ ਸੀਮਤ ਕਰ ਸਕਦਾ ਹੈ। "ਸੁਪਰ-ਚਿੰਤਕ" ਘੱਟ ਬੁੱਧੀਮਾਨ ਲੋਕਾਂ ਉੱਤੇ ਹਾਵੀ ਹੋ ਸਕਦੇ ਹਨ।

$100 ਮਿਲੀਅਨ ਲਈ ਇੱਕ ਸਥਾਈ ਦਿਮਾਗ-ਕੰਪਿਊਟਰ ਲਿੰਕ ਆਕਰਸ਼ਕ ਲੱਗ ਸਕਦਾ ਹੈ, ਪਰ ਖ਼ਤਰਿਆਂ ਅਤੇ ਮਾੜੇ ਪ੍ਰਭਾਵਾਂ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ। ਇੱਥੋਂ ਤੱਕ ਕਿ ਸਭ ਤੋਂ ਹਿੰਮਤ ਵਾਲੇ ਵੀ ਤੰਤੂ ਵਿਗਿਆਨਕ ਨੁਕਸਾਨ ਤੋਂ ਸਾਵਧਾਨ ਹਨ। ਇਸ ਤਰ੍ਹਾਂ ਅਜਿਹੀ ਪੇਸ਼ਕਸ਼ ਨੂੰ ਠੁਕਰਾਉਣਾ ਸਮਝ ਵਿਚ ਆਉਂਦਾ ਹੈ। ਇਨਸਾਨ ਨੂੰ ਕੰਪਿਊਟਰ ਨੂੰ ਨਿਯੰਤਰਿਤ ਕਰਨਾ ਚਾਹੀਦਾ ਹੈ, ਨਾ ਕਿ ਦੂਜੇ ਤਰੀਕੇ ਨਾਲ ਇਨਸਾਨ ਦੇ ਦਿਮਾਗ 'ਚ ਲਗਾਈ ਚਿਪ ਉਸ ਕੰਪਿਊਟਰ ਹੀ ਨਹੀਂ, ਬਲਕਿ ਇਨਸਾਨ ਨੂੰ ਵੀ ਨਿਯੰਤਰਿਤ ਕਰੇ, ਜਿਸ ਨਾਲ ਇਨਸਾਨ ਆਪਣਾ ਆਪ ਗਵਾ ਬੈਠੇਗਾ।

ਇਸ ਤੋਂ ਇਲਾਵਾ, ਤਕਨਾਲੋਜੀ, ਖਾਸ ਤੌਰ 'ਤੇ ਨਕਲੀ ਬੁੱਧੀ, ਬੋਧਾਤਮਕ ਯੋਗਤਾ ਨੂੰ ਸੁਧਾਰ ਸਕਦੀ ਹੈ। ਕੁਝ ਲੋਕ ਸੰਕਲਪਾਂ ਨੂੰ ਬੋਲਣ ਜਾਂ ਟਾਈਪ ਕਰਨ ਨਾਲੋਂ ਤੇਜ਼ੀ ਨਾਲ ਹਜ਼ਮ ਕਰ ਸਕਦੇ ਹਨ, ਪਰ ਕੀ ਜਲਦਬਾਜ਼ੀ ਦੀ ਲੋੜ ਹੈ? ਸ਼ਾਇਦ ਬੋਲਣ ਤੋਂ ਪਹਿਲਾਂ ਸੋਚਣ ਲਈ ਸਮਾਂ ਕੱਢਣ ਨਾਲ ਸੰਚਾਰ ਨੂੰ ਬਿਹਤਰ ਬਣਾਉਣ 'ਚ ਮਦਦ ਮਿਲ ਸਕਦੀ ਹੈ। ਮੋਬਾਈਲ ਡਿਵਾਈਸ 'ਤੇ ਟਾਈਪ ਕਰਨਾ, ਕਿਸ਼ੋਰ ਦੀ ਤਰ੍ਹਾਂ ਜ਼ਰੂਰੀ ਹੈ।

ਦਿਮਾਗ-ਕੰਪਿਊਟਰ ਦਾ ਸਿੱਧਾ ਸੰਪਰਕ ਕੰਪਿਊਟਰਾਂ ਦੇ ਗਿਆਨ ਨੂੰ ਤੇਜ਼ੀ ਨਾਲ ਮਨੁੱਖੀ ਦਿਮਾਗਾਂ ਵਿਚ ਤਬਦੀਲ ਕਰਨ ਦੀ ਦਿਲਚਸਪ ਸੰਭਾਵਨਾ ਨੂੰ ਵਧਾਉਂਦਾ ਹੈ। ਸੌਣ ਦੀ ਕਲਪਨਾ ਕਰੋ, ਆਪਣੇ ਬੋਧਾਤਮਕ ਗੈਜੇਟ ਨੂੰ ਕਿਰਿਆਸ਼ੀਲ ਕਰੋ। ਸਾਡੇ ਦਿਮਾਗ ਨੂੰ ਕੰਟਰੋਲ ਕਰਨ ਵਾਲੇ ਕੰਪਿਊਟਰ ਦਿਲਚਸਪ ਹਨ। ਹਾਲਾਂਕਿ, ਅਜਿਹਾ ਹੁਨਰ ਬਹੁਤ ਸਾਰੇ ਮਾੜੇ ਨਤੀਜਿਆਂ ਨੂੰ ਸਾਹਮਣੇ ਲੈ ਕੇ ਆ ਸਕਦਾ ਹੈ।

ਭੌਤਿਕ ਚੀਜ਼ਾਂ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਦੇ ਵਿਚਾਰਾਂ ਦੀ ਵਰਤੋਂ ਕਰਨ ਦਾ ਵਿਚਾਰ ਬਹੁਤ ਦੂਰ ਦੀ ਗੱਲ ਹੈ। ਵਰਤਮਾਨ ਤਕਨਾਲੋਜੀ ਦਿਮਾਗ ਦੇ ਪ੍ਰਭਾਵਾਂ ਨੂੰ ਪੜ੍ਹ ਸਕਦੀ ਹੈ ਪਰ ਉਨ੍ਹਾਂ ਨੂੰ ਨਿਯੰਤ੍ਰਿਤ ਨਹੀਂ ਕਰ ਸਕਦੀ। ਮਾਹਰ ਇਸ ਸਮੱਸਿਆ ਦੀ ਖੋਜ ਕਰ ਰਹੇ ਹਨ ਕਿਉਂਕਿ ਦਿਮਾਗ ਦੇ ਸੰਕੇਤਾਂ ਨੂੰ ਨਿਯੰਤ੍ਰਿਤ ਕਰਨ ਦੇ ਬਹੁਤ ਫਾਇਦੇ ਹੋ ਸਕਦੇ ਹਨ। ਸਾਨੂੰ ਮਨੁੱਖੀ ਦਿਮਾਗ ਨੂੰ ਸਮਝਣ ਲਈ ਦਿਮਾਗ ਦੇ ਸੰਕੇਤਾਂ ਦਾ ਅਧਿਐਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ, ਜਦੋਂ ਤੱਕ ਹੋਰ ਤਰੱਕੀ ਪ੍ਰਾਪਤ ਨਹੀਂ ਕੀਤੀ ਜਾਂਦੀ।

ਕੰਪਿਊਟਰ ਮਾਲਕ ਮਨੁੱਖੀ ਦਿਮਾਗ ਖਰੀਦ ਸਕਦੇ ਹਨ ਕਿਉਂਕਿ ਉਹ ਕਲਾਊਡ ਸਪੇਸ ਖਰੀਦਦੇ ਹਨ। ਸਾਫਟਵੇਅਰ ਅਸ਼ਲੀਲ ਸ਼ਬਦਾਂ ਜਾਂ ਚਿੱਤਰਾਂ ਦੀ ਪਛਾਣ ਨਹੀਂ ਕਰ ਸਕਦਾ, ਜਿਵੇਂ ਕਿ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ। ਇਸ ਮਾਮਲੇ ਵਿਚ, ਘੱਟ ਤਨਖਾਹ ਵਾਲੇ ਕਾਮੇ ਨੈੱਟਵਰਕ ਵਾਲੇ ਦਿਮਾਗਾਂ 'ਤੇ ਹਾਵੀ ਹੁੰਦੇ ਹਨ। ਸੋਸ਼ਲ ਮੀਡੀਆ ਕੰਪਨੀਆਂ ਆਉਟਪੁੱਟ ਦਾ ਵਿਸ਼ਲੇਸ਼ਣ ਕਰਨ ਜਾਂ ਸਮੱਗਰੀ ਦੇ ਫੈਸਲਿਆਂ ਵਿਚ ਮਦਦ ਕਰਨ ਲਈ ਓਪਨ ਏ.ਆਈ. ਨੇ ਕੀਨੀਆ ਦੇ ਕਾਮਿਆਂ ਨੂੰ $2 ਪ੍ਰਤੀ ਘੰਟਾ ਤੋਂ ਘੱਟ ਲਈ ਨੌਕਰੀ 'ਤੇ ਰੱਖਿਆ ਹੈ, ਜੋ ਕਿ ਸਰਾਸਰ ਗਲਤ ਹੈ। ਇਕ ਗਰੀਬ ਪਛੜੇ ਹੋਏ ਦੇਸ਼ ਦੇ ਵਿਅਕਤੀ ਨੂੰ ਗਲਤ ਤਰੀਕੇ ਨਾਲ ਵਰਤਿਆ ਜਾਣਾ, ਜੋ ਇਕ ਘਟਿਆ ਸੋਚ ਦਾ ਨਤੀਜਾ ਤਾਂ ਹੋ ਸਕਦਾ ਹੈ, ਪਰ ਸਮਾਜ ਦੀ ਭਲਾਈ ਲਈ ਨੁਕਸਾਨਦਾਇਕ ਹੈ।

ਜਿਸ ਲਈ ਅਜਿਹੇ ਨਿਵੇਸ਼ ਤਨਖਾਹਾਂ ਨੂੰ ਵਧਾ ਸਕਦੇ ਹਨ। ਆਲੋਚਕ ਸੂਖ਼ਮ ਪਰ ਕਾਫ਼ੀ ਸਮਾਜਿਕ ਅਸਮਾਨਤਾ ਬਾਰੇ ਚਿੰਤਾ ਦਾ ਵਿਸ਼ਾ ਸਾਹਮਣੇ ਆ ਰਿਹਾ ਹੈ। ਤਕਨਾਲੋਜੀ ਉਪਭੋਗਤਾ ਅਤੇ ਗੈਰ-ਉਪਭੋਗਤਾ ਇਸ ਸਮੂਹ ਨੂੰ ਵੰਡ ਦੇਣਗੇ।

ਕੋਈ ਪੁੱਛ ਸਕਦਾ ਹੈ ਕਿ ਕੀ ਵੱਧ ਤਨਖਾਹ ਵਾਲੇ ਲੋਕ ਮਸ਼ੀਨ ਨਾਲ ਜੁੜਨਗੇ। ਜਾਸੂਸ ਅਤੇ ਵਪਾਰਕ ਵਾਰਤਾਕਾਰ ਅੱਜ ਦੇ ਤੇਜ਼-ਰਫ਼ਤਾਰ ਮਾਹੌਲ ਵਿਚ ਅਸਲ-ਸਮੇਂ ਦੀ ਡਿਜੀਟਲ ਇੰਟੈਲੀਜੈਂਸ ਤੋਂ ਲਾਭ ਉਠਾਉਂਦੇ ਹਨ। ਰੀਅਲ-ਟਾਈਮ ਡੇਟਾ ਦੇ ਨਾਲ ਮੁੱਖ ਨਿਰਣੇ ਕਰਨਾ ਅਨਮੋਲ ਹੈ। ਕੀ ਇਹ ਇਨ੍ਹਾਂ ਖੇਤਰਾਂ ਲਈ ਲਾਭਦਾਇਕ ਨਹੀਂ ਹੋਵੇਗਾ? ਪੇਸ਼ੇਵਰ ਖੇਡਾਂ ਵਿਚ ਦਿਮਾਗ-ਕੰਪਿਊਟਰ ਇੰਟਰਫੇਸ ਵਿਵਾਦਗ੍ਰਸਤ ਹਨ। ਕੁਝ ਕਹਿੰਦੇ ਹਨ ਕਿ ਅਜਿਹੀ ਟੈਕਨਾਲੋਜੀ ਖਿਡਾਰੀਆਂ ਨੂੰ ਇੱਕ ਗਲਤ ਕਿਨਾਰੇ ਦੀ ਪੇਸ਼ਕਸ਼ ਕਰ ਸਕਦੀ ਹੈ, ਜਦੋਂਕਿ ਦੂਸਰੇ ਕਹਿੰਦੇ ਹਨ ਕਿ ਇਹ ਖੇਡਾਂ ਨੂੰ ਬਦਲ ਸਕਦੀ ਹੈ ਅਤੇ ਖਿਡਾਰੀਆਂ ਅਤੇ ਦਰਸ਼ਕਾਂ ਲਈ ਤਜ਼ਰਬੇ ਵਿਚ ਸੁਧਾਰ ਕਰ ਸਕਦੀ ਹੈ। ਪੇਸ਼ੇਵਰ ਖੇਡਾਂ ਵਿਚ ਦਿਮਾਗ-ਕੰਪਿਊਟਰ ਕੁਨੈਕਸ਼ਨ ਯਕੀਨੀ ਤੌਰ 'ਤੇ ਸੁਰੱਖਿਆ, ਨੈਤਿਕਤਾ ਅਤੇ ਖੇਡ ਦੀ ਇਕਸਾਰਤਾ 'ਤੇ ਨਿਰਭਰ ਕਰਨਗੇ। ਇਹ ਤਕਨੀਕਾਂ ਬੇਸਬਾਲ ਖਿਡਾਰੀਆਂ ਨੂੰ ਇਹ ਫੈਸਲਾ ਕਰਨ ਵਿਚ ਮਦਦ ਕਰ ਸਕਦੀਆਂ ਹਨ ਕਿ ਸਵਿੰਗ ਕਰਨੀ ਹੈ ਜਾਂ ਨਹੀਂ।

ਨਿਊਰਲਿੰਕ ਦਿਮਾਗ ਵਿਚ ਇਨਫੈਕਸ਼ਨ ਅਤੇ ਸੋਜ ਦਾ ਕਾਰਨ ਬਣ ਸਕਦਾ ਹੈ। ਜੇਕਰ ਇਸਨੂੰ ਗਲਤ ਤਰੀਕੇ ਨਾਲ ਲਗਾਇਆ ਜਾਂਦਾ ਹੈ, ਜੋ ਭਵਿੱਖ ਵਿਚ ਅਲਜ਼ਾਈਮਰ ਰੋਗ ਹੋਣ ਦੀ ਸੰਭਾਵਨਾ ਨੂੰ ਵਧਾ ਸਕਦਾ ਹੈ। ਦੂਜਿਆਂ ਤੋਂ ਜਾਣਕਾਰੀ ਨੂੰ ਨਿਯੰਤਰਣ ਕਰਨ ਜਾਂ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦੁਆਰਾ ਨਿਯੂਰਲਿੰਕ ਦੀ ਦੁਰਵਰਤੋਂ ਦੀ ਸੰਭਾਵਨਾ ਇੱਕ ਹੋਰ ਕਮਜ਼ੋਰੀ ਹੈ। ਹਰ ਨਵੀਨਤਾ ਦੇ ਫਾਇਦੇ ਅਤੇ ਕਮੀਆਂ ਹਨ। ਇਲੈਕਟ੍ਰੀਕਲ ਅਤੇ ਟੈਕਨੋਲੋਜੀਕਲ ਸਿਸਟਮ ਅਕਸਰ ਹੈਕਿੰਗ ਅਤੇ ਅਸਫਲਤਾ ਲਈ ਵਧੇਰੇ ਕਮਜ਼ੋਰ ਹੁੰਦੇ ਹਨ। ਹਾਲਾਂਕਿ ਹਰ ਕੋਈ ਇਸ ਬ੍ਰੇਨ ਚਿੱਪ ਦੇ ਸੰਕਲਪ ਦਾ ਅਨੰਦ ਲੈਣਾ ਚਾਹੇਗਾ ਪਰ ਯਕੀਨ ਨਹੀਂ ਹੈ ਕਿ ਇਸਦਾ ਉਪਯੋਗ ਲਾਭਦਾਇਕ ਹੋਵੇਗਾ। ਕਿਉਂਕਿ ਇਸ ਚਿੱਪ ਦੇ ਜਿਥੇ ਵੱਧ ਤੋਂ ਵੱਧ ਫਾਇਦੇ ਦਿਖਾਈ ਦੇ ਰਹੇ ਹਨ, ਉਸ ਤੋਂ ਕਿਤੇ ਵੱਧ ਨੁਕਸਾਨ ਸਾਹਮਣੇ ਆ ਰਹੇ ਹਨ, ਜਿਸ ਦਾ ਸਰਕਾਰਾਂ ਅਤੇ ਸਾਇੰਸਦਾਨਾਂ ਨੂੰ ਗੰਭੀਰਤਾਂ ਨਾਲ ਸੋਚਣ ਦੀ ਲੋੜ ਹੈ, ਇਸ ਤੋਂ ਪਹਿਲਾਂ ਕੇ ਇਸ ਨੂੰ ਸਾਰੀ ਦੁਨੀਆਂ ਵਿਚ ਉਤਾਰਿਆਂ ਜਾਵੇ।

# ਜੰਤਰ+ਮੰਤਰ+ਤੰਤਰ=ਲੋਕਤੰਤਰ

## ਕੰਡੇ ਦਾ ਕੰਡਾ


-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ
ਨੇੜੇ ਨੈਸਲੇ ਮੋਗਾ (ਪੰਜਾਬ)
98557-35666
(Punjab Mail USA)




ਆਪ ਜੀ ਨੇ ਇਕ ਬਹੁਤ ਹੀ ਖੂਬਸੂਰਤ ਸ਼ਬਦ ਬਣਾਇਆ ਜਿਸਦਾ ਨਾਂ ਲੋਕਤੰਤਰ ਹੈ। ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਤੇ ਲੋਕਾਂ ਲਈ ਸਰਕਾਰ। ਲੋਕਤੰਤਰ ਰਾਜੇ ਤੋਂ ਬਿਨਾ ਸ਼ਾਸਨ। ਆਪ ਜੀ ਹੁਣ ਬਹੁਤ ਸਾਰੇ ਰਾਜੇ ਉਹ ਵੀ ਜ਼ਾਲਮ, ਲੋਕਾਂ ਲਈ ਲੋਕਾਂ ਦੇ ਹਿੱਸੇ ਮਹਿੰਗਾਈ, ਭ੍ਰਿਸ਼ਟਾਚਾਰ, ਤਬਾਹੀ, ਖਾਤਮਾ। ਲੋਕਾਂ ਨੇ ਦੇਸ਼ ਖਾਤਿਰ ਕੰਮ ਕਰਨੇ ਬੰਦ ਕਰ ਦਿੱਤੇ, ਇਥੋਂ ਤੱਕ ਕਿ ਆਪਣੇ ਖੇਤਾਂ 'ਚ ਹਲ ਚਲਾਉਣੇ ਵੀ। ਲੋਕੀਂ ਹੁਣ ਹਲ ਚਲਾਉਣ ਨੂੰ ਅਪਮਾਨਜਨਕ ਕੰਮ ਸਮਝਣ ਲੱਗ ਪਏ। ਜਦੋਂਕਿ ਇਹ ਸਨਮਾਨਜਨਕ ਕੰਮ ਸੀ ਤੇ ਹੈ। ਸੁਤੰਤਰ ਰਾਸ਼ਟਰ ਵਿਚ ਲੋਕਤੰਤਰ ਦੀ ਸਥਾਪਨਾ ਲਈ ਪ੍ਰਮੁੱਖ ਸ਼ਰਤ ਇਹ ਹੈ ਕਿ ਉਸਦੇ ਕਾਨੂੰਨਾਂ 'ਤੇ ਅਮਲ ਕੀਤਾ ਜਾਵੇ, ਚਾਹੇ ਅਸੀਂ ਉਨ੍ਹਾਂ ਨੂੰ ਪਸੰਦ ਕਰਦੇਂ ਹਾਂ ਜਾਂ ਨਹੀਂ। ਲੋਕਤੰਤਰ ਕੋਈ ਇਕ ਰਾਜਨੀਤਿਕ ਪ੍ਰਣਾਲੀ ਜਾਂ ਸੁਵਿਧਾ ਨਹੀਂ ਹੈ। ਜਿੰਨੀ ਦੇਰ ਸਰਕਾਰ ਦੇ ਮੰਤਰੀ, ਪ੍ਰਧਾਨ ਮੰਤਰੀ ਇਹ ਨਹੀਂ ਸੋਚਦੇ ਕਿ ਅਸੀਂ ਮਾਲਿਕ ਨਹੀਂ, ਨੌਕਰ ਹਾਂ। ਪਰ ਦੇਸ਼ ਦੇ ਜਹਾਜ਼ ਦੇ ਚਾਲਕਾਂ ਦੀ ਫੁੱਟ ਪੈ ਚੁੱਕੀ ਹੈ। ਜਹਾਜ਼ ਕਦੇ ਵੀ ਦੁਰਘਟਨਾ ਗ੍ਰਸਤ ਹੋ ਸਕਦਾ ਹੈ। ਇੱਥੇ ਇਕੱਲਾ ਹੀ ਰਾਜਨੀਤਿਕ ਲੋਕਤੰਤਰ ਰਹਿ ਗਿਆ ਹੈ, ਆਰਥਿਕ ਵਿਦੇਸ਼ ਚਲਾ ਗਿਆ ਹੈ। ਇਹ ਇਕ ਰੂਹਾਨੀ ਵਿਸ਼ਵਾਸ ਹੈ, ਤੁਹਾਡੀ ਮਤ ਕੀ ਕਹਿੰਦੀ ਹੈ ..? ਤੁਹਾਡੀ ਮਤ ਨਾਲ ਪਾਈ ਪਰਚੀ ਗੋਲੀ ਨਾਲੋਂ ਵੱਧ ਸ਼ਕਤੀਸ਼ਾਲੀ ਹੈ।



# ਮਹਾਨ ਵਿਗਿਆਨੀ ਸਰ ਜਗਦੀਸ਼ ਚੰਦਰ ਬੋਸ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA)




ਅਸੀਂ ਜਦੋਂ ਆਪਣੇ ਆਲੇ-ਦੁਆਲੇ ਵੱਲ ਨਜ਼ਰ ਮਾਰਦੇ ਹਾਂ, ਤਾਂ ਸਾਨੂੰ ਸਜੀਵ ਅਤੇ ਨਿਰਜੀਵ ਦੋਵੇਂ ਪ੍ਰਕਾਰ ਦੀਆਂ ਵਸਤਾਂ ਦਿਖਾਈ ਦਿੰਦੀਆਂ ਹਨ। ਸਜੀਵ ਵਸਤਾਂ ਉਹ ਹੁੰਦੀਆਂ ਹਨ, ਜੋ ਸਾਹ ਲੈਂਦੇ ਹਨ, ਆਪਣਾ ਭੋਜਨ ਪ੍ਰਾਪਤ ਕਰਦੇ ਹਨ, ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਵੀ ਖੁਸ਼ੀ ਦੇ ਸਮੇਂ ਖੁਸ਼ੀ ਅਤੇ ਦਰਦ ਦੇ ਸਮੇਂ ਦਰਦ ਹੁੰਦਾ ਹੈ। ਸਜੀਵ ਵਸਤਾਂ ਵਿਚ ਭਾਵ ਹੁੰਦੇ ਹਨ ਪ੍ਰੰਤੂ ਨਿਰਜੀਵ ਵਸਤਾਂ ਵਿਚ ਭਾਵ ਨਹੀਂ ਹੁੰਦੇ।

ਸਜੀਵ ਵਸਤਾਂ ਵਿਚ ਮੁੱਖ ਤੌਰ 'ਤੇ ਪੌਦਿਆਂ ਅਤੇ ਜੀਵ-ਜੰਤੂਆਂ ਦਾ ਸੰਸਾਰ ਆ ਜਾਂਦਾ ਹੈ। ਮਨੁੱਖ ਵੀ ਐਨੀਮਲ ਕਿੰਗਡਮ ਦੇ ਅਨੁਸਾਰ ਜੀਵਨ ਜੰਤੂਆਂ ਦੇ ਸੰਸਾਰ ਵਿਚ ਸ਼ਾਮਲ ਹੈ। ਮਨੁੱਖ ਰੋਜ਼ਾਨਾ ਜ਼ਿੰਦਗੀ ਵਿਚ ਵੱਖ-ਵੱਖ ਪ੍ਰਕਾਰ ਦੀਆਂ ਕਿਰਿਆਵਾਂ ਕਰਦਾ ਹੈ, ਉਹ ਸਾਹ ਲੈਂਦਾ ਹੈ, ਭੋਜਨ ਖਾਂਦਾ ਹੈ, ਰੋਂਦਾ ਹੈ, ਹੱਸਦਾ ਹੈ, ਹੈਰਾਨ ਹੁੰਦਾ ਹੈ, ਪ੍ਰੇਸ਼ਾਨ ਹੁੰਦਾ ਹੈ, ਸੱਟ ਲੱਗਣ 'ਤੇ ਦਰਦ ਮਹਿਸੂਸ ਕਰਦਾ ਹੈ ਅਤੇ ਵਾਤਾਵਰਨ ਵਿਚ ਹੋਣ ਵਾਲੀਆਂ ਜੈਵਿਕ ਅਤੇ ਅਜੈਵਿਕ ਕਿਰਿਆਵਾਂ ਪ੍ਰਤੀ ਆਪਣੀ ਕਿਰਿਆ ਜ਼ਾਹਿਰ ਕਰਦਾ ਹੈ। ਹੁਣ ਸਵਾਲ ਇਹ ਬਣਦਾ ਹੈ ਕਿ ਪੌਦੇ ਵੀ ਵੱਖ-ਵੱਖ ਪ੍ਰਕਾਰ ਦੀਆਂ ਕਿਰਿਆਵਾਂ ਕਰਦੇ ਹਨ, ਜੋ ਮਨੁੱਖ ਜਾਂ ਹੋਰ ਜੀਵ ਜੰਤੂਆਂ ਵਿਚ ਹੁੰਦੀਆਂ ਹਨ। ਇਸ ਸਵਾਲ ਦਾ ਜਵਾਬ ਭਾਰਤ ਦੇ ਮਹਾਨ ਵਿਗਿਆਨੀ ਸਰ ਜਗਦੀਸ਼ ਚੰਦਰ ਬੋਸ ਜੀ ਨੇ ਬਹੁਤ ਸਮਾਂ ਪਹਿਲਾਂ ਦੇ ਦਿੱਤਾ ਸੀ। ਆਉ, ਸਰ ਜਗਦੀਸ਼ ਚੰਦਰ ਬੋਸ ਬਾਰੇ ਜਾਣੀਏ।

ਸਰ ਜਗਦੀਸ਼ ਚੰਦਰ ਬੋਸ ਦਾ ਜਨਮ 30 ਨਵੰਬਰ, 1858 ਨੂੰ ਪਿਤਾ ਭਗਵਾਨ ਚੰਦਰ ਬੋਸ ਅਤੇ ਮਾਤਾ ਬਾਮਾ ਚੰਦਰ ਬੋਸ ਦੇ ਘਰ ਬੰਗਾਲ ਵਿਚ ਹੋਇਆ। ਬੋਸ ਨੇ ਆਪਣੀ ਸਕੂਲੀ ਸਿੱਖਿਆ ਬੰਗਾਲ ਵਿਚ ਲਈ ਅਤੇ ਉਸ ਤੋਂ ਬਾਅਦ ਕਲਕੱਤਾ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ। ਗ੍ਰੈਜੂਏਸ਼ਨ ਕਰਕੇ ਬੋਸ ਉਚੇਰੀ ਸਿੱਖਿਆ ਲਈ ਕੈਂਬਰਿਜ ਯੂਨੀਵਰਸਿਟੀ ਚਲੇ ਗਏ, ਉਥੇ ਉਨ੍ਹਾਂ ਨੇ ਭੌਤਿਕ ਅਤੇ ਕੁਦਰਤੀ ਵਿਗਿਆਨ ਵਿਚ ਮੁਹਾਰਤ ਹਾਸਲ ਕੀਤੀ।

ਜਗਦੀਸ਼ ਚੰਦਰ ਬੋਸ ਨੇ ਤਾਰਾਂ ਤੋਂ ਬਗੈਰ ਪਹੁੰਚ ਰਹੇ ਸੰਦੇਸ਼ ਭਾਵ ਵਾਇਰਲੈੱਸ 'ਤੇ ਖੋਜ ਕੀਤੀ। ਇਸੇ ਖੋਜ ਨੂੰ ਬਾਅਦ ਵਿਚ





ਗੁਗਲੀਮੋ ਮਾਰਕੋਨੀ ਨੇ ਪੇਟੈਂਟ ਕਰਵਾਕੇ ਭੌਤਿਕੀ 'ਚ ਨੋਬਲ ਪੁਰਸਕਾਰ ਹਾਸਲ ਕੀਤਾ। ਜਗਦੀਸ਼ ਚੰਦਰ ਬੋਸ ਦਾ ਭੌਤਿਕ ਵਿਗਿਆਨ ਵਿਚ ਕਾਰਜ ਖੇਤਰ ਚੁੰਬਕੀ, ਮੈਗਨੇਟਿਕ ਵੇਵ ਅਤੇ ਤਰੰਗਾਂ ਬਾਰੇ ਸੀ।

ਭੌਤਿਕ ਵਿਗਿਆਨ ਤੋਂ ਅਚਾਨਕ ਬੋਸ ਦੀ ਰੁਚੀ ਪੌਦਿਆਂ ਵਿਚ ਵਧਣ ਲੱਗੀ। ਬੋਸ ਨੇ ਪੌਦਿਆਂ ਬਾਰੇ ਡੂੰਘਾਈ ਨਾਲ ਅਧਿਐਨ ਕੀਤਾ। ਬੋਸ ਨੇ ਆਪਣੇ ਦੁਆਰਾ ਕੀਤੇ ਖ਼ੋਜ ਕਾਰਜਾਂ ਵਿਚ ਦਿਖਾਇਆ ਕਿ ਪੌਦੇ ਵੀ ਜੀਵਾਂ ਅਤੇ ਮਨੁੱਖਾਂ ਵਾਂਗ ਕਿਰਿਆਵਾਂ ਕਰਦੇ ਹਨ। ਬੋਸ ਨੇ ਦੱਸਿਆ ਕਿ ਪੌਦਿਆਂ ਵਿਚ ਸੁਣਨ ਅਤੇ ਵਾਤਾਵਰਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੇ ਪ੍ਰਤੀ ਕਿਰਿਆਵਾਂ ਹੁੰਦੀਆਂ ਹਨ। ਪੌਦਿਆਂ ਦੀ ਆਪਣੀ ਭਾਸ਼ਾ ਹੁੰਦੀ ਹੈ, ਜਿਸ ਤਰ੍ਹਾਂ ਮਨੁੱਖ ਅਤੇ ਜੀਵ ਜੰਤੂ ਆਪਣੇ ਮਨ ਦੇ ਭਾਵਾਂ ਅਤੇ ਵਲਵਲਿਆਂ ਨੂੰ ਦੂਜੇ ਮਨੁੱਖ ਨਾਲ ਪ੍ਰਗਟਾਉਂਦੇ ਹਨ, ਉਸੇ ਤਰ੍ਹਾਂ ਪੌਦੇ ਵੀ ਆਪਣੀਆਂ ਭਾਵਨਾਵਾਂ ਕਿਰਿਆਵਾਂ ਰਾਹੀਂ ਜ਼ਾਹਿਰ ਕਰਦੇ ਹਨ। ਇਨ੍ਹਾਂ ਕਿਰਿਆਵਾਂ ਨੂੰ ਸਿੱਧ ਕਰਨ ਲਈ ਬੋਸ ਨੇ ਇੱਕ ਯੰਤਰ ਤਿਆਰ ਕੀਤਾ, ਜਿਸ ਦਾ ਨਾਂ ਕਰੈਸਕੋਗਰਾਫ ਰੱਖਿਆ। ਉਸ ਸਮੇਂ ਬੋਸ ਇਕੱਲਾ ਵਿਗਿਆਨੀ ਸੀ, ਜਿਸਨੇ ਪੌਦਿਆਂ ਦੇ ਮਹਿਸੂਸ ਕਰਨ ਦੀ ਗੱਲ ਕਹੀ ਪਰ ਅੱਜ ਇਜ਼ਰਾਇਲ ਦੇ ਵਿਗਿਆਨੀ ਨੇ ਇਕ ਖੋਜ ਵਿਚ ਪਤਾ ਲਗਾਇਆ ਹੈ ਕਿ ਪੌਦੇ ਤਰੰਗਾਂ ਛੱਡਦੇ ਹਨ।

ਬੋਸ ਨੇ ਬਿਨਾਂ ਕਿਸੇ ਭੇਦਭਾਵ ਅਤੇ ਲਾਲਚ ਦੇ ਆਪਣੇ ਕੰਮਾਂ ਨੂੰ ਜਾਰੀ ਰੱਖਿਆ। ਬੋਸ ਪਹਿਲਾਂ ਵਿਗਿਆਨੀ ਸੀ, ਜਿਸਨੇ ਭਾਰਤ ਵਿਚ ਇਕ ਇੰਸਟੀਚਿਊਟ ਸਥਾਪਿਤ ਕਰਕੇ ਵਿਗਿਆਨ ਦੇ ਖ਼ੋਜ ਕਾਰਜਾਂ ਵਿਚ ਤੇਜ਼ੀ ਲਿਆਂਦੀ, ਬਾਅਦ ਵਿਚ ਇਸ ਖੋਜ ਇੰਸਟੀਚਿਊਟ ਦਾ ਨਾਮ ਸਰ ਜਗਦੀਸ਼ ਚੰਦਰ ਬੋਸ ਦੇ ਨਾਂ 'ਤੇ ਬੋਸ ਇੰਸਟੀਚਿਊਟ ਰੱਖਿਆ ਗਿਆ।

ਅੱਜ ਜੋ ਵੀ ਅਸੀਂ ਟੈਲੀਵਿਜ਼ਨ, ਰੇਡਿਉ ਅਤੇ ਵਾਇਰਲੈੱਸ ਦੀ ਗੱਲ ਕਰਦੇ ਹਾਂ, ਇਨ੍ਹਾਂ ਖੋਜਾਂ ਵਿਚ ਕਿਤੇ ਨਾ ਕਿਤੇ ਬੋਸ ਦੀ ਹੀ ਅਣਥੱਕ ਮਿਹਨਤ ਦਾ ਨਤੀਜਾ ਹੈ, ਹਾਂ ਇਹ ਗੱਲ ਅਲੱਗ ਹੈ ਕਿ ਬੋਸ ਦਾ ਨਾਂ ਅੱਜ ਇਨ੍ਹਾਂ ਖੋਜਾਂ ਲਈ ਨਹੀਂ ਲਿਆ ਜਾਂਦਾ। ਆਪਣੇ ਕੰਮ ਨੂੰ ਹੀ ਪੂਜਾ ਸਮਝਣ ਵਾਲੇ ਅਤੇ ਬਿਨਾਂ ਕਿਸੇ ਸਵਾਰਥ ਦੇ ਮਨੁੱਖਤਾ ਦੀ ਭਲਾਈ ਲਈ ਖ਼ੋਜ ਕਾਰਜ ਕਰਨ ਵਾਲੇ ਇਸ ਮਹਾਨ ਵਿਗਿਆਨੀ ਦੀ ਬੰਗਾਲ 'ਚ 23 ਨਵੰਬਰ 1937 ਵਿਚ ਮੌਤ ਹੋ ਗਈ। ਬੋਸ ਚਾਹੇ ਅੱਜ ਸਾਡੇ ਵਿਚਕਾਰ ਨਹੀਂ ਰਹੇ ਪਰ ਆਪਣੀਆਂ ਮਹਾਨ ਖੋਜਾਂ ਕਰਕੇ ਉਹ ਹਮੇਸ਼ਾ ਯਾਦ ਰੱਖੇ ਜਾਣਗੇ।

---


# ਸਮਾਜ ਅਤੇ ਜੀਵਨ ਜਾਚ

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
(Punjab Mail USA)

ਰੀਵਿਊਕਾਰ:ਬਲਜਿੰਦਰ ਮਾਨ
ਲੇਖਕ: ਸੰਜੀਵ ਸਿੰਘ ਸੈਣੀ
ਪ੍ਰਕਾਸ਼ਕ: ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ,
ਪੰਨੇ:179, ਮੁੱਲ:250/-

ਸੰਜੀਵ ਸਿੰਘ ਸੈਣੀ ਇਕ ਗਹਿਰ ਗੰਭੀਰ ਪਾਠਕ ਹੈ। ਜਿਸਨੇ ਬੜੀ ਮਿਹਨਤ ਨਾਲ ਮਣਾਂਮੂੰਹੀ ਪੁਸਤਕਾਂ ਦਾ ਅਧਿਐਨ ਕੀਤਾ। ਫਿਰ ਕੁਝ ਪੁਸਤਕਾਂ ਬਾਰੇ ਆਪਣੀ ਰਾਇ ਪ੍ਰਗਟ ਕਰਨੀ ਆਰੰਭ ਕੀਤੀ। ਅਖ਼ਬਾਰਾਂ ਵਿਚ ਚਿੱਠੀਆਂ ਕਾਲਮ ਵਿਚ ਲਿਖਣਾ ਆਰੰਭ ਕੀਤਾ। ਆਪਣੇ ਗੂੜ੍ਹ ਗਿਆਨ ਸਦਕਾ ਹੀ ਉਹ ਭੱਖਦੇ ਮਸਲਿਆਂ ਬਾਰੇ ਕਲਮ ਝਰੀਟਣ ਲੱਗ ਪਿਆ। ਉਸਦੀ ਕਲਮ 'ਚੋਂ ਨਿਕਲੇ ਸ਼ਬਦਾਂ ਨੂੰ ਪਾਠਕਾਂ ਨੇ ਦੋਨੀਂ ਹੱਥੀਂ ਕਬੂਲਿਆ ਹੈ। ਇਸ ਕਬੂਲਨਾਮੇ ਨੇ ਉਸ ਅੰਦਰ ਅੱਗੇ ਵਧਣ ਦਾ ਉਤਸ਼ਾਹ ਭਰਿਆ। ਮਿੱਤਰਾਂ ਦੋਸਤਾਂ ਨੇ ਇਨ੍ਹਾਂ ਰਚਨਾਵਾਂ ਨੂੰ ਪੁਸਤਕ ਰੂਪ ਵਿਚ ਸੰਭਾਲਣ ਦੀ ਸਲਾਹ ਦਿੱਤੀ, ਤਾਂ ਹੱਥਲੀ ਪੁਸਤਕ 'ਸਮਾਜ ਅਤੇ ਜੀਵਨ ਜਾਂਚ' ਪਾਠਕਾਂ ਤੱਕ ਪੁੱਜ ਗਈ। ਇਸਦਾ ਪਾਠ ਕਰਦਿਆਂ ਪਾਠਕਾਂ ਦੇ ਦਿਲ ਤੇ ਦਿਮਾਗ ਦੇ ਬੰਦ ਦਰ ਦਰਵਾਜ਼ੇ ਖੁੱਲ੍ਹਦੇ ਜਾਂਦੇ ਹਨ।

ਸੰਜੀਵ ਸਿੰਘ ਸੈਣੀ ਇਕ ਮਾਹਿਰ ਮਨੋਵਿਗਿਆਨੀ ਵੀ ਹੈ, ਜਿਸ ਨਾਲ ਉਹ ਸਮਾਜਿਕ ਤਾਣੇ-ਬਾਣੇ ਦੀ ਚੀਰ-ਫਾੜ ਵੀ ਕਰਦਾ ਹੈ। ਸਮਾਜਿਕ ਜੀਵਨ ਵਿਚ ਬਦਲ ਰਹੀਆਂ ਰਹੁ-ਰੀਤਾਂ ਅਤੇ ਤਕਨੀਕ ਦੇ ਪੈ ਰਹੇ ਪ੍ਰਭਾਵਾਂ ਬਾਰੇ ਵੀ ਸੁਚੇਤ ਕਰਦਾ ਹੈ। ਅਸਲ ਵਿਚ ਉਸਦੀ ਰਚਨਾ ਦਾ ਮਨੋਰਥ ਇਕ ਚੰਗੇ ਸਮਾਜ ਦੀ ਸਿਰਜਣਾ ਕਰਨਾ ਹੈ, ਜਿਸ ਵਾਸਤੇ ਉਹ ਨੈਤਿਕ ਕਦਰਾਂ-ਕੀਮਤਾਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਬੰਧਕਾਰੀ ਕਰਦਾ ਹੈ। ਉਸਦੇ ਲੇਖ ਸਾਧਾਰਨ ਭਾਸ਼ਾ ਵਿਚ ਲਿਖੇ ਹੋਣ ਕਰਕੇ ਹਰ ਪਾਠਕ ਦੇ ਦਿਲ ਦੀਆਂ ਤਹਿਆਂ ਤੱਕ ਲਹਿ ਜਾਂਦੇ ਹਨ। ਦੂਜਾ ਉਹ ਦੁੱਖਦੀ ਰਗ ਇਕ ਮਾਹਿਰ ਡਾਕਟਰ ਵਾਂਗ ਝੱਟ ਫੜ ਲੈਂਦਾ ਹੈ। ਉਸਦੇ ਕਲਾਵੇ ਵਿਚ ਹਰ ਵਿਸ਼ਾ ਅਤੇ ਹਰ ਰੰਗ ਸ਼ਾਮਲ ਹੈ। ਹੱਥਲੀ ਪੁਸਤਕ ਦੀ ਵੰਨ-ਸੁਵੰਨਤਾ ਇਸਦਾ ਨੁਮਾਇਆ ਗੁਣ ਹੈ। ਕਦੀ ਉਹ ਪਾਠਕਾਂ ਨੂੰ ਮੁਸ਼ਕਿਲਾਂ ਤੋਂ ਨਾ ਘਬਰਾਉਣ ਦੀ ਸਲਾਹ ਦਿੰਦਾ ਹੈ ਤੇ ਕਦੀ ਉਹ ਫੇਲ ਹੋਣ ਤੋਂ ਬਾਅਦ ਦੀ ਵੀ ਤਿਆਰੀ ਕਰਵਾਉਂਦਾ ਹੈ। ਇਕ ਸਾਧਾਰਨ ਪਾਠਕ ਦੇ ਨਾਲ-ਨਾਲ ਵਿਦਿਆਰਥੀ ਖਾਸ ਕਰ ਨੌਜਵਾਨ ਪੀੜ੍ਹੀ ਲਈ ਇਹ ਪੁਸਤਕ ਇਕ ਰਾਹ ਦਸੇਰੇ ਦਾ ਕੰਮ ਕਰਦੀ ਹੈ।




ਜੁਆਨਾਂ ਦੀਆਂ ਊਣਤਾਈਆਂ ਨੂੰ ਛੁਟਿਆਇਆ ਅਤੇ ਚੰਗਿਆਈਆਂ ਨੂੰ ਵਡਿਆਇਆ ਗਿਆ ਹੈ।

ਦੇਸ਼ ਵਿਚ ਵਧ ਰਹੀ ਬੇਰੁਜ਼ਗਾਰੀ, ਭੁੱਖਮਰੀ, ਭ੍ਰਿਸ਼ਟਾਚਾਰੀ, ਵਿਭਚਾਰੀ ਆਦਿ ਵਿਸ਼ਿਆਂ 'ਤੇ ਗੱਲ ਕਰਦਿਆਂ ਸਰਕਾਰੀ ਨੀਤੀਆਂ ਦੀ ਕਾਂਟ-ਛਾਂਟ ਕੀਤੀ ਗਈ ਹੈ। ਉਹ ਹਰ ਗੱਲ ਨੂੰ ਵਿਗਿਆਨਕ ਕਸਵੱਟੀ 'ਤੇ ਪਰਖ ਕੇ ਹੀ ਲਿਖਦਾ ਹੈ। ਵਿਆਹ-ਸ਼ਾਦੀਆਂ 'ਤੇ ਕੀਤੇ ਜਾ ਰਹੇ ਬੇਲੋੜੇ ਖਰਚਿਆਂ ਤੋਂ ਬਚਣ ਦੇ ਗੁਰ ਵੀ ਸਮਝਾਉਂਦਾ ਹੈ। ਸਾਦਾ ਜੀਵਨ ਸੁਖੀ ਜੀਵਨ, ਜਿਊਣ ਦਾ ਸਲੀਕਾ ਵੀ ਦਰਸਾਇਆ ਗਿਆ ਹੈ। ਜ਼ਿੰਦਗੀ ਵਿਚ ਚੜ੍ਹਦੀ ਕਲਾ ਵਿਚ ਰਹਿਣ ਲਈ ਨਿਮਰਤਾ, ਸਬਰ-ਸੰਤੋਖ ਵਾਲੇ ਰਹਿਣ-ਸਹਿਣ ਅਤੇ ਮਿੱਠੀ ਬੋਲ-ਬਾਣੀ ਦੀ ਬਾਤ ਪਾਈ ਗਈ ਹੈ। ਉਹ ਜਿਥੇ ਬਜ਼ੁਰਗਾਂ ਦੇ ਮਾਣ-ਸਤਿਕਾਰ ਦੀ ਗੱਲ ਕਰਦਾ ਹੈ, ਉਥੇ ਉਨ੍ਹਾਂ ਨੂੰ ਨਵੀਂ ਪੀੜ੍ਹੀ ਨਾਲ ਤੁਰਨ ਦੀ ਸਲਾਹ ਵੀ ਦਿੰਦਾ ਹੈ। 71 ਛੋਟੇ-ਵੱਡੇ ਲੇਖਾਂ ਦਾ ਇਹ ਇਕ ਮਹਿਕਦਾ ਅਤੇ ਟਹਿਕਦਾ ਗੁਲਦਸਤਾ ਹੈ, ਜਿਸ ਤੋਂ ਹਰ ਉਮਰ ਵਰਗ ਦਾ ਪਾਠਕ ਬਹੁਤ ਕੁੱਝ ਗ੍ਰਹਿਣ ਕਰ ਸਕਦੇ ਹਨ। ਫਰਜ਼ਾਂ ਅਤੇ ਹੱਕਾਂ ਵਿਚ ਸੰਮਤੋਲ ਕਰਕੇ ਹੀ ਅੱਛੇ ਨਾਗਰਿਕ ਬਣਿਆ ਜਾ ਸਕਦਾ ਹੈ। ਇਹ ਪੁਸਤਕ ਇਨਸਾਨੀ ਕਦਰਾਂ-ਕੀਮਤਾਂ ਨੂੰ ਸਮਾਜ ਵਿਚ ਕਾਇਮ ਰੱਖਣ ਲਈ ਇਕ ਗਾਈਡ ਬੁੱਕ ਵਰਗੀ ਲੱਗਦੀ ਹੈ। ਰਿਸ਼ਤਿਆਂ ਦਾ ਨਿੱਘ, ਮਿੱਤਰਤਾ, ਵਾਤਾਵਰਣ, ਚਿੰਤਾ, ਸੰਜਮ, ਪ੍ਰੀਤ ਪਿਆਰ, ਪਰਿਵਾਰਕ ਸਾਂਝ, ਹੌਂਸਲਾ, ਸੁੰਦਰਤਾ, ਪੈਸਾ, ਘੱਟ ਬੋਲਣਾ, ਅਸਲੀ ਮਕਸਦ, ਮਿਲਾਵਟ, ਔਰਤ ਦੀ ਦਸ਼ਾ, ਪੌਣ-ਪਾਣੀ ਆਦਿ ਵਿਸ਼ਿਆਂ ਨੂੰ ਬਾਖ਼ੂਬੀ ਨਿਖਾਰਿਆ ਤੇ ਵਿਚਾਰਿਆ ਗਿਆ ਹੈ।

ਹੱਥਲੀ ਪੁਸਤਕ 'ਚ ਪ੍ਰਕਾਸ਼ਿਤ ਕੀਤੇ ਗਏ ਸਾਰੇ ਨਿਬੰਧ ਅਖ਼ਬਾਰਾਂ ਰਸਾਲਿਆਂ 'ਚ ਛੱਪ ਚੁੱਕੇ ਹਨ। ਕੁਝ ਲੇਖ ਕਰੋਨਾ ਕਾਲ ਨਾਲ ਵੀ ਸਬੰਧਤ ਹਨ, ਜਿਸ ਕਾਰਨ ਕੁੱਝ ਤੱਥਾਂ ਦਾ ਸਹੀ ਮਿਲਾਨ ਨਹੀਂ ਹੁੰਦਾ। ਨੈਤਿਕ ਕਦਰਾਂ-ਕੀਮਤਾਂ ਨਾਲ ਸਬੰਧਤ ਕੁੱਝ ਲੇਖਾਂ ਵਿਚ ਵਿਚਾਰਾਂ ਦਾ ਦੁਹਰਾਅ ਅੱਖਰਦਾ ਹੈ। ਇਸ ਸਭ ਕਾਸੇ ਦੇ ਬਾਵਜੂਦ ਇਹ ਇਕ ਕੀਮਤੀ ਪੁਸਤਕ ਹੈ। ਜਿਸ ਰਾਹੀਂ ਨਵੀਂ ਪਨੀਰੀ ਨੂੰ ਪ੍ਰੇਰਨਾ ਮਿਲਦੀ ਹੈ। ਇਸਦੇ ਪਾਠਕ ਜੀਵਨ ਵਿਚ ਸਫ਼ਲਤਾ ਦੀਆਂ ਰਾਹਾਂ ਦੇ ਪਾਂਧੀ ਬਣਨ ਦੇ ਸਮਰੱਥ ਹੋ ਸਕਦੇ ਹਨ। ਜਦੋਂ ਇਹ ਪੁਸਤਕ ਹਰ ਸਕੂਲ 'ਚ ਉਪਲੱਬਧ ਹੋਵੇਗੀ, ਫਿਰ ਇਸਦੀ ਸ਼ਾਰਥਕਤਾ ਵਿਚ ਵਾਧਾ ਹੋਵੇਗਾ।

# ਕੀ ਖੇਤੀ ਆਮਦਨ ਘੱਟਣ ਦਾ ਕਾਰਨ ਖੇਤੀ ਵਿਚ ਨਿਵੇਸ਼ ਹੈ?




-ਡਾ. ਅਮਨਪ੍ਰੀਤ ਸਿੰਘ ਬਰਾੜ

ਮੋਬਾ: 96537-90000

(Punjab Mail USA)




ਅੱਜ ਪੰਜਾਬ ਦੀ ਖੇਤੀ ਵਿਚ ਖੜੋਤ ਜਾ ਘੱਟ ਵਾਧੇ ਵਾਲੀ ਹੋ ਗਈ। ਇਸ ਦਾ ਕਾਰਨ ਖੇਤੀ ਵਿਚ ਘੱਟ ਨਿਵੇਸ਼ ਕਿਹਾ ਜਾ ਰਿਹਾ ਹੈ ਜਾਂ ਕਹਿ ਲਓ ਕਿ ਪੰਜਾਬ ਦੀ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਪੈਸੇ ਦੀ ਕਮੀ ਹੈ। ਇਹ ਗੱਲ ਕੁੱਝ ਹੱਦ ਤੱਕ ਠੀਕ ਵੀ ਹੋ ਸਕਦੀ ਹੈ, ਜਿਹੜਾ ਵਪਾਰ ਘਾਟੇ ਵਿਚ ਚੱਲਦਾ ਹੋਵੇ, ਉਸ ਵਿਚ ਨਿਵੇਸ਼ ਕੌਣ ਕਰੇਗਾ। ਪੰਜਾਬ ਵਿਚ ਜਿਹੜੀਆਂ ਦੋ ਮੁੱਖ ਫ਼ਸਲਾਂ ਹਨ (ਕਣਕ ਅਤੇ ਧਾਨ) ਉਹ ਸਰਕਾਰ ਖਰੀਦਦੀ ਹੈ ਅਤੇ ਸਰਕਾਰ ਹੀ ਭਾਅ ਤਹਿ ਕਰਦੀ ਹੈ। ਭਾਅ ਵਿਚ ਵਾਧਾ ਆਮ ਤੌਰ ’ਤੇ 2 ਪ੍ਰਤੀਸ਼ਤ ਕੀਤਾ ਜਾਂਦਾ ਹੈ, ਜਦਕਿ ਮਹਿੰਗਾਈ ਦਰ ਘੱਟੋ-ਘੱਟ 4 ਪ੍ਰਤੀਸ਼ਤ ਅਤੇ ਵੱਧ ਤੋਂ ਵੱਧ 10 ਪ੍ਰਤੀਸ਼ਤ ਤੱਕ ਵੀ ਪਹੁੰਚ ਜਾਂਦੀ ਰਹੀ ਹੈ। ਮਤਲਬ ਹਰ ਸਾਲ ਕਿਸਾਨ ਨੂੰ ਆਪਣੀ ਫ਼ਸਲ ਦਾ ਅਸਲੀ ਮੁੱਲ ਪਿਛਲੇ ਸਾਲ ਨਾਲੋਂ ਘੱਟ ਮਿਲਦਾ ਹੈ ਅਤੇ ਲਾਗਤ ਵੱਧਦੀ ਜਾਂਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਬਾਕੀ ਦੇ ਘਰੇਲੂ ਖਰਚੇ ਵੀ ਮਹਿੰਗਾਈ ਨਾਲ ਵੱਧੀ ਜਾਂਦੇ ਹਨ। ਸਕੂਲਾਂ ਦੀਆਂ ਫੀਸਾਂ ਵਿਚ 8 ਪ੍ਰਤੀਸ਼ਤ ਵਾਧਾ ਹਰ ਸਾਲ ਕੀਤਾ ਜਾਂਦਾ ਹੈ, ਕਿਸਾਨ ਨੂੰ ਦੇਣਾ 2 ਪ੍ਰਤੀਸ਼ਤ, ਨਤੀਜਾ ਕਿਸਾਨ ਦੇ ਹਾਲਾਤ ਦਿਨੋਂ-ਦਿਨ ਬਦ ਤੋਂ ਬਦਤਰ ਅਤੇ ਅੰਤ ਵਿਚ ਆਤਮ ਹੱਤਿਆ। ਇਸ ਸਭ ਦੇ ਬਾਵਜੂਦ ਵੀ ਕਿਸਾਨ ਨੇ ਫ਼ਸਲ ਨੂੰ ਪੈਦਾ ਕਰਨਾ ਨਹੀਂ ਛੱਡਿਆ। ਕਿਸਾਨ ਫ਼ਸਲ ਦੀ ਵੱਧ ਤੋਂ ਵੱਧ ਪੈਦਾਵਾਰ ਕਰਨ ਲਈ ਹਰ ਹੀਲਾ ਵਰਤਦਾ ਹੈ। ਇਸੇ ਕਰਕੇ ਪੰਜਾਬ ਵਿਚ ਫ਼ਸਲਾਂ ਦਾ ਔਸਤ ਝਾੜ ਵੀ ਭਾਰਤ ਦੀ ਔਸਤ ਨਾਲੋਂ ਡੇਢ ਗੁਣਾ ਜ਼ਿਆਦਾ ਹੈ। ਨਿਵੇਸ਼ ਦਾ ਜ਼ਿਆਦਾ ਢਿੰਡੋਰਾ ਇਥੋਂ ਦੇ ਕਾਰਪੋਰੇਟਸ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਨੇ ਪਾਇਆ ਹੈ। ਉਹ ਨਿਵੇਸ਼ ਦਾ ਢਿੰਡੋਰਾ ਪਿੱਟ ਕਿ ਵੱਡੇ ਫਾਰਮ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ ਚਾਹੁੰਦੇ ਹਨ, ਜਿਸ ਪਿੱਛੇ ਮੁੱਖ ਮੁੱਦਾ ਇਹ ਹੈ ਕਿ ਜਿਉਣ ਲਈ ਖੁਰਾਕ ਚਾਹੀਦੀ ਹੈ, ਖੁਰਾਕ ਪੈਦਾ ਕਰਨ ਲਈ ਜ਼ਮੀਨ ਤੇ ਜੇ ਖੁਰਾਕ ਦੀ ਇੰਡਸਟਰੀ ’ਤੇ ਕਬਜ਼ਾ ਕਰਨਾ ਹੈ, ਤਾਂ ਜ਼ਮੀਨ ’ਤੇ ਕਬਜ਼ਾ ਜ਼ਰੂਰੀ ਹੈ। ਜ਼ਮੀਨ ’ਤੇ ਕਬਜ਼ੇ ਲਈ ਕਿਸਾਨ ਨੂੰ ਕਮਜ਼ੋਰ ਕਰਨਾ ਜ਼ਰੂਰੀ ਹੈ। ਜੋ ਉਸਦੀ ਫ਼ਸਲ ਦਾ ਵਾਜਬ ਮੁੱਲ ਨਾ ਦੇ ਕੇ ਕੀਤਾ ਜਾ ਰਿਹਾ ਹੈ। ਸਾਡੇ ਬੁੱਧੀਜੀਵੀ ਜੋ ਸਰਕਾਰਾਂ ਦੇ ਸਲਾਹਕਾਰ ਹਨ, ਉਹ ਵੀ ਇਸ ਚੀਜ਼ ’ਤੇ ਜ਼ੋਰ ਦੇ ਰਹੇ ਹਨ ਕਿ ਕੰਪੀਟੀਟਿਵ ਮਾਰਕੀਟਿੰਗ ਹੋਣੀ ਚਾਹੀਦੀ ਹੈ, ਭਾਵ ਸਾਡੇ ਕਿਸਾਨ ਨੂੰ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਕਿਸਾਨਾਂ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਮੁਕਾਬਲਾ ਹਮੇਸ਼ਾ ਬਰਾਬਰ ਦਿਆਂ ਵਿਚ ਹੁੰਦਾ ਹੈ। ਇਥੇ ਪਹਿਲਾਂ ਜ਼ਮੀਨ ਘੱਟ ਉਸ ਤੋਂ ਅੱਗੇ ਸਰਕਾਰੀ ਸਹੂਲਤਾਂ ਘੱਟ ਬਿੱਲ ਗੇਟਸ ਜੋ ਕਿਸਾਨ ਵੀ ਹੈ ਅਤੇ ਲੱਖਾਂ ਏਕੜਾਂ ਵਿਚ ਖੇਤੀ ਕਰਦਾ ਹੈ, ਨਾਲ ਹੀ ਦੇਸ਼ ਦਾ ਇੱਕ ਵੱਡਾ ਵਪਾਰੀ ਹੈ, ਫਿਰ ਵੀ ਖੇਤੀਬਾੜੀ ’ਤੇ ਸਬਸਿਡੀ ਅਮਰੀਕਾ ਵਿਚ ਸਭ ਤੋਂ ਜ਼ਿਆਦਾ ਲੈਂਦਾ ਹੈ। ਦੂਜੇ ਪਾਸੇ ਅਮਰੀਕਾ ਤੋਂ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਉ.) ਦੇ ਜ਼ਰੀਏ ਭਾਰਤ ’ਤੇ ਦਬਾਅ ਪਵਾ ਰਿਹਾ ਹੈ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਐੱਮ.ਐੱਸ.ਪੀ. ’ਤੇ ਖਰੀਦ ਕੇ ਕਿਸਾਨਾਂ ਦੀ ਮਦਦ ਕਰਦੀ ਹੈ ਅਤੇ ਮੰਡੀ ਦਾ ਸੰਤੁਲਨ ਖਰਾਬ ਕਰ ਰਹੀ ਹੈ। ਇਥੇ ਮੈਂ ਇਸ ਗੱਲ ਦਾ ਵੀ ਜ਼ਿਕਰ ਕਰ ਦੇਵਾਂ ਕਿ ਭਾਰਤ ਵਿਚ ਪ੍ਰਤੀ ਕਿਸਾਨ ਪਰਿਵਾਰ ਹਰ ਤਰ੍ਹਾਂ ਦੀ ਬਿਜਲੀ, ਪਾਣੀ, ਖਾਦਾਂ ਆਦਿ ’ਤੇ ਸਬਸਿਡੀ ਸਿਰਫ 35000 ਸਾਲਾਨਾ ਬਣਦੀ ਹੈ, ਜਦਕਿ ਇਹ ਸਬਸਿਡੀ ਅਮਰੀਕਾ ਵਿਚ 7.9 ਲੱਖ ਪ੍ਰਤੀ ਪਰਿਵਾਰ ਬਣਦੀ ਹੈ ਪਰ ਚਲਾਕ ਲੋਕਾਂ ਨੇ ਸਬਸਿਡੀ ਦੇ ਨਾਮ ਵੱਖਰੇ ਰੱਖੇ ਹੋਏ ਹਨ। ਸਾਡੇ ’ਤੇ ਦਬਾਅ ਇਸ ਲਈ ਪਾਇਆ ਜਾਂਦਾ ਹੈ ਕਿਉਂਕਿ ਅਸੀਂ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਕਰਜ਼ਾ ਲੈਣਾ ਹੁੰਦਾ ਹੈ, ਕਰਜ਼ਾ ਤਾਂ ਮਿਲੇਗਾ, ਜੇ ਉਨ੍ਹਾਂ ਦੀਆਂ ਸ਼ਰਤਾਂ ਮੰਨੋਗੇ। ਤਿੰਨ ਖੇਤੀ ਕਾਨੂੰਨ ਇਸੇ ਸੰਦਰਭ ਵਿਚ ਸਨ। ਹੁਣ ਵਾਤਾਵਰਨ ਦੇ ਨਾਮ ’ਤੇ ਸਾਡੀ ਅਰਬਾਂ-ਖਰਬਾਂ ਰੁਪਿਆਂ ਦੀ ਮਸ਼ੀਨਰੀ ਨੂੰ ਕਬਾੜ ਬਣਾ ਦਿੱਤਾ। ਧੂੰਆਂ ਇੰਝਣ ਛੱਡਦਾ ਹੈ ਬਾਡੀ ਨਹੀਂ, ਕੀ ਉਸੇ ਬਾਡੀ ਵਿਚ ਨਵਾਂ ਇੰਜਣ ਨਹੀਂ ਧਰਿਆ ਜਾ ਸਕਦਾ? ਨਹੀਂ, ਕਿਉਂਕਿ ਉਨ੍ਹਾਂ ਦਾ ਇੰਝਣ ਬਦਲੇ ਨਹੀਂ ਸਰਦਾ, ਉਨ੍ਹਾਂ ਨੇ ਤਾਂ ਨਵੀਆਂ ਕਾਰਾਂ, ਬੱਸਾਂ, ਟਰੱਕ ਅਤੇ ਟਰੈਕਟਰ ਵੇਚਣੇ ਹਨ, ਉਹ ਵੀ ਬਿਜਲੀ ਨਾਲ ਚੱਲਣ ਵਾਲੇ। ਜਿਨ੍ਹਾਂ ਦੀ ਕੀਮਤ ਡੇਢ ਗੁਣਾ ਤਾਂ ਵੱਧ ਹੋਵੇਗੀ ਅਤੇ ਪ੍ਰਦੂਸ਼ਣ ਵੀ ਘਟੇਗਾ ਨਹੀਂ, ਕਿਉਂਕਿ ਇਨ੍ਹਾਂ ਗੱਡੀਆਂ ਦੀਆਂ ਬੈਟਰੀਆਂ ਬਿਜਲੀ ਨਾਲ ਚਾਰਜ ਹੋਣੀਆਂ। ਪੰਜਾਬ ਵਿਚ ਬਿਜਲੀ ਫਿਰ ਬਹੁਤੀ 75 ਪ੍ਰਤੀਸ਼ਤ ਕੋਲੇ, ਡੀਜ਼ਲ ਅਤੇ ਗੈਸ ਤੋਂ ਬਣਦੀ ਹੈ। ਇਸ ਤੋਂ ਇਲਾਵਾ ਜਿਹੜੇ ਦੇਸ਼ ਦੀ 80 ਕਰੋੜ ਅਬਾਦੀ 5 ਕਿਲੋ ਪ੍ਰਤੀ ਮਹੀਨਾ ਮੁਫਤ ਦੇ ਅਨਾਜ ’ਤੇ ਪਲਣ ਲਈ ਮਜਬੂਰ ਹੋਵੇ, ਉਸ ਦੀ ਪਹਿਲ ਲੋਕਾਂ ਨੂੰ ਰੋਜ਼ਗਾਰ ਦੇ ਕੇ ਜੀਵਨ ਪੱਧਰ ਉੱਚਾ ਚੁੱਕਣ ਦੀ ਹੋਣੀ ਚਾਹੀਦੀ ਹੈ, ਨਾ ਕਿ ਉਨ੍ਹਾਂ ਦੇ ਆਵਾਜਾਈ ਦੇ ਸਾਧਨ ਖੋਹ ਕੇ ਬੇਰੁਜ਼ਗਾਰੀ ਹੋਰ ਵਧਾਉਣ ਵੱਲ। ਮੇਰਾ ਇਹ ਸਾਰੀ ਕਹਾਣੀ ਪਾਉਣ ਦਾ ਮਤਲਬ ਸੀ ਕਿ ਡਿਵੈਲਪਮੈਂਟ ਓਨੀ ਕਰੋ, ਜਿੰਨਾ ਬਜਟ ਇਜਾਜ਼ਤ ਦਿੰਦਾ ਹੈ। ਜ਼ਮੀਨ ਜਾਂ ਫੈਕਟਰੀ ’ਤੇ ਕਰਜ਼ਾ ਲੈ ਕੇ ਕੋਠੀ ਜਾਂ ਕਾਰ ਖਰੀਦੋਗੇ, ਤਾਂ ਉਹ ਕਰਜ਼ਾ ਜ਼ਮੀਨ/ਫੈਕਟਰੀ ਨੂੰ ਵੀ ਇੱਕ ਦਿਨ ਵਿਕਵਾ ਦੇਵੇਗਾ। ਦੂਜਾ ਕਰਜ਼ਾ ਲੈ ਕੇ ਰਿਉੜੀਆਂ ਨਹੀਂ ਵੰਡਣੀਆਂ ਚਾਹੀਦੀਆਂ, ਕਰਜ਼ਾ ਮਾੜੀ ਚੀਜ ਹੈ। ਸਾਡੇ ਗੁਆਂਢੀ ਦੇਸ਼ਾਂ ਦਾ ਮਾੜਾ ਹਾਲ ਕਰਜ਼ੇ ਨੇ ਹੀ ਕੀਤਾ ਹੈ।

ਮੈਂ ਵਾਪਸ ਆਪਣੇ ਮੁੱਢਲੇ ਵਿਸ਼ੇ ’ਤੇ ਆਉਂਦਾ ਹਾਂ ਕਿ ਪੰਜਾਬ ਦੀ ਖੇਤੀ ਨੂੰ ਸੁਧਾਰਨ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ। ਮੁੱਦਾ ਇੱਕੋ ਹੈ ਕਿ ਕਿਸਾਨਾਂ ਦੀ ਆਮਦਨ ਕਿਵੇਂ ਵਧਾਈ ਜਾਵੇ, ਬਿਨ੍ਹਾਂ ਫ਼ਸਲੀ ਘਣਤਾ ਵਧਾਏ। ਫ਼ਸਲੀ ਘਣਤਾ ਵਧਾਉਣ ਲਈ ਸਾਡੇ ਕੋਲ ਪਾਣੀ ਨਹੀਂ ਹੈ, ਹਾਂ ਫ਼ਸਲਾਂ ਦੀ ਅਦਲਾ-ਬਦਲੀ ਹੋਣੀ ਚਾਹੀਦੀ ਹੈ, ਤਾਂ ਕਿ ਜਿੰਨਾ ਹੋ ਸਕੇ, ਪਾਣੀ ਬਚਾਇਆ ਜਾ ਸਕੇ। ਮੁੱਖ ਮੁੱਦਾ ਹੈ ਕਿ ਕਿਸਾਨ ਆਪਣੀ ਫ਼ਸਲ ਦੇ ਅੱਗੋਂ ਹੋਰ ਪਦਾਰਥ ਬਣਾ ਕੇ ਗੁਣਵੱਤਾ ਵਧਾਏ ਅਤੇ ਉਸ ਤੋਂ ਬਾਅਦ ਮੰਡੀਕਰਨ ਵੀ ਆਪ ਕਰੇ, ਤਾਂ ਕਿ ਮੁਨਾਫਾ ਘੱਟ ਤੋਂ ਘੱਟ ਵੰਡਿਆ ਜਾਵੇ। ਪ੍ਰੋਸੈਸਿੰਗ ਲਈ ਸਰਕਾਰਾਂ ਫਿਰ ਵੱਡੇ ਉਦਯੋਗਪਤੀਆਂ ਮਗਰ ਲੱਗੀਆਂ ਹਨ, ਉਨ੍ਹਾਂ ਨੂੰ ਕਾਰਖਾਨੇ ਖੋਲ੍ਹਣ ਲਈ ਕਈ ਤਰ੍ਹਾਂ ਦੀਆਂ ਸਬਸਿਡੀਆਂ ਅਤੇ ਪ੍ਰੋਡਕਸ਼ਨ ਲਿੰਕਡ ਇਨਸੈਂਟਿਵ ਦੇਣ ਨੂੰ ਤਿਆਰ ਹਨ, ਪਰ ਕਿਸਾਨਾਂ ਨੂੰ ਇਸ ਕੰਮ ਲਈ ਅੱਗੇ ਲਿਆਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਵੱਡੇ ਉਦਯੋਗ ਜਿਨ੍ਹਾਂ ਨੇ ਮੰਡੀ ਵਿਚੋਂ ਫ਼ਸਲ ਖਰੀਦ ਕੇ ਪ੍ਰੋਸੈਸ ਕਰਨੀ ਹੈ, ਉਹ ਕਿਸਾਨ ਦੇ ਪੱਲੇ ਕੁੱਝ ਨਹੀਂ ਪੈਣ ਦਿੰਦੇ। ਮਿਸਾਲ ਦੇ ਤੌਰ ’ਤੇ ਪੰਜਾਬ ਐਗਰੋ ਟਮਾਟਰ ਅਤੇ ਲਾਲ ਮਿਰਚਾਂ ਦੀ ਪੇਸਟ ਬਣਾਉਂਦੀ ਹੈ। ਉਸ ਨੇ ਦੋਨੋਂ ਫ਼ਸਲਾਂ ਖਰੀਦਣ ਲਈ ਟੈਂਡਰ ਕੱਢੇ ਹਨ। 6 ਰੁਪਏ ਕਿਲੋ ਟਮਾਟਰ ਅਤੇ 24 ਰੁਪਏ ਕਿਲੋ ਮਿਰਚ ਫੈਕਟਰੀ ਵਿਚ ਪਹੁੰਚ ਮੰਗੀ ਹੈ। ਹੁਣ ਜਿਸ ਵਪਾਰੀ ਨੇ ਇਹ ਟੈਂਡਰ ਭਰਨਾ ਹੈ, ਉਸਨੇ ਕਿਸਾਨ ਨੂੰ ਅੱਗੋਂ ਕੀ ਦੇਣਾ। ਮੇਰਾ ਖਿਆਲ ਨਹੀਂ ਕਿ ਉਹ ਤਿੰਨ ਰੁਪਏ ਟਮਾਟਰਾਂ ਦੇ ਅਤੇ 12 ਰੁਪਏ ਮਿਰਚਾਂ ਦੇ ਪ੍ਰਤੀ ਕਿਲੋਂ ਤੋਂ ਵੱਧ ਕਿਸੇ ਨੂੰ ਦੇਵੇਗਾ? ਦੂਜੇ ਪਾਸੇ ਕੁੱਝ ਕਿਸਾਨਾਂ ਨੇ ਰਲਕੇ ਇਹੋ ਮਿਰਚਾਂ 27 ਤੋਂ 30 ਰੁਪਏ ਕਿਲੋ ਖਰੀਦੀਆਂ ਪਰ ਵਪਾਰੀਆਂ ਵੱਲੋਂ ਇਨ੍ਹਾਂ ਕਿਸਾਨਾਂ ਨੂੰ ਕੋਲਡ ਸਟੋਰਾਂ ਵਿਚ ਰੱਖਣ ਅਤੇ ਖਾਲੀ ਮੰਡੀਆਂ ਦੇ ਫੜ੍ਹਾਂ ਵਿਚ ਸੁਕਾਉਣ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਗਰ ਇਹੋ ਜਿਹੇ ਯੂਨਿਟ ਛੋਟੇ ਪੱਧਰ ’ਤੇ ਪਿੰਡਾਂ ਵਿਚ ਕਿਸਾਨਾਂ ਤੋਂ ਲਗਵਾਏ ਜਾਣ, ਤਾਂ ਪਿੰਡਾਂ ਵਿਚ ਰੋਜ਼ਗਾਰ ਦੇ ਮੌਕੇ ਵੀ ਪੈਦਾ ਹੋਣ ਅਤੇ ਕਿਸਾਨਾਂ ਦੀ ਆਮਦਨ ਵੀ ਵਧੇ।

## ਸਰਕਾਰ ਕੀ ਮਦਦ ਕਰੇ :

ਸਰਕਾਰ ਖੇਤੀਬਾੜੀ ਯੂਨੀਵਰਸਿਟੀ ਅਤੇ ਮਹਿਕਮੇ ਦੀ ਡਿਊਟੀ ਲਾਵੇ ਕਿ ਪਿੰਡਾਂ ਦੇ ਪੜ੍ਹੇ-ਲਿਖੇ ਕਿਸਾਨ, ਜਿਹੜੇ ਪਿੰਡਾਂ ਵਿਚ ਹੀ ਆਪਣਾ ਛੋਟਾ ਉਦਯੋਗ ਖੋਲ੍ਹਣਾ ਚਾਹੁੰਦੇ ਹੋਣ, ਉਨ੍ਹਾਂ ਦੀ ਚੋਣ ਕਰੇ ਅਤੇ ਫਿਰ ਆਪਣੇ ਸੂਬਾ ਪੱਧਰ ਟ੍ਰੇਨਿੰਗ ਸੈਂਟਰਾਂ ਵਿਚ ਸਿਖਲਾਈ ਦਿਵਾਏ। ਕਾਗਜ਼ੀ ਟ੍ਰੇਨਿੰਗ ਸੈਂਟਰ ਨਹੀਂ ਉਹ ਟ੍ਰੇਨਿੰਗ ਸੈਂਟਰ ਜਿੱਥੇ ਅਸਲੀ ਸਿਖਲਾਈ ਹੋਵੇ ਅਤੇ ਟ੍ਰੇਨਿੰਗ ਲੈਣ ਵਾਲੇ ਸਿਖਿਆਰਥੀ ਆਪਣੇ ਹੱਥੀਂ ਕੰਮ ਕਰਨ। ਸਿਖਲਾਈ ਦੌਰਾਨ ਉਨ੍ਹਾਂ ਨੂੰ ਸੈਮੀਆਟੋਮੈਟਿਕ ਚੱਲਦੇ ਪਲਾਂਟ ਵੀ ਦਿਖਾਏ ਜਾਣ, ਤਾਂ ਕਿ ਸਿਖਿਆਰਥੀਆਂ ਨੂੰ ਪੂਰੀ ਵਾਕਫੀਅਤ ਹੋ ਜਾਵੇ ਕਿ ਕਿਸ ਤਰ੍ਹਾਂ ਦੀ ਕਿਹੜੀ ਮਸ਼ੀਨਰੀ ਚਾਹੀਦੀ ਹੈ, ਕਿੰਨੇ ਬੰਦੇ ਕੰਮ ਕਰਨਗੇ, ਕਿੰਨੀ ਜਗ੍ਹਾ ਚਾਹੀਦੀ ਹੈ, ਤਾਂ ਕਿ ਸਿਖਿਆਰਥੀ ਦੇ ਦਿਮਾਗ ਵਿਚ ਪੂਰੀ ਤਸਵੀਰ ਬਣ ਜਾਵੇ ਅਤੇ ਹੌਸਲਾ ਵੀ ਹੋਵੇ ਕਿ ਇਹ ਕੰਮ ਅਸੀਂ ਵੀ ਕਰ ਸਕਦੇ ਹਾਂ। ਹੋ ਸਕੇ ਤਾਂ ਸਿਖਿਆਰਥੀ ਨੂੰ ਇਨ੍ਹਾਂ ਉਦਯੋਗਾਂ ਵਿਚ 15 ਦਿਨ ਤੋਂ 1 ਮਹੀਨਾ ਹੱਥੀਂ ਕੰਮ ਕਰਨ ਦਾ ਅਭਿਆਸ ਕਰਵਾਇਆ ਜਾਵੇ।

## ਪ੍ਰੋਜੈਕਟ ਬਣਾਉਣਾ :

ਟ੍ਰੇਨਿੰਗ ਤੋਂ ਬਾਅਦ ਜਿਹੜੇ ਸਿਖਿਆਰਥੀ ਛੋਟਾ ਉਦਯੋਗ ਲਾਉਣ ਲਈ ਅੱਗੇ ਆਉਣ, ਟ੍ਰੇਨਿੰਗ ਸੈਂਟਰ ਉਨ੍ਹਾਂ ਨੂੰ ਸਰਕਾਰੀ ਮਨਜ਼ੂਰੀ ਲਈ ਪੂਰਾ ਪ੍ਰੋਜੈਕਟ ਬਣਾ ਕੇ ਦੇਵੇ। ਇਸ ਵਿਚ ਇੰਡਸਟਰੀ ਮਹਿਕਮੇ ਨੂੰ ਵੀ ਸਖਤ ਹਦਾਇਤਾਂ ਹੋਣ ਕੇ ਪ੍ਰੋਜੈਕਟ ਪਾਸ ਕਰਨ ਵਿਚ ਤਰੁੱਟੀਆਂ ਨਾ ਕੱਢੀਆਂ ਜਾਣ, ਬਲਕਿ ਜੇ ਕੋਈ ਤਰੁੱਟੀ ਹੈ ਜਾਂ ਕਾਗਜ਼ ਘੱਟ ਹੈ, ਤਾਂ ਉਸ ਨੂੰ ਪੂਰਾ ਕਰਨ ਵਿਚ ਅਰਜੀ ਦੇਣ ਵਾਲੇ ਦੀ ਸਹਾਇਤਾ ਕੀਤੀ ਜਾਵੇ। ਇਸੇ ਤਰ੍ਹਾਂ ਬਾਕੀ ਦੇ ਜਿਹੜੇ ਮਹਿਕਮੇ ਜਿਵੇਂ ਵਾਤਾਵਰਨ ਜਾਂ ਪਾਲੂਸ਼ਨ ਉਹ ਪ੍ਰੋਜੈਕਟ ਵਾਲੇ ਨੂੰ ਗਾਈਡ ਕਰਨ ਕਿ ਜਿਹੜਾ ਫਾਲਤੂ ਪਾਣੀ ਜਾਂ ਕਾਰਖਾਨੇ ਦਾ ਹੋਰ ਕੋਈ ਵੇਸਟ ਉਸਨੂੰ ਕਿਵੇਂ ਲਾਹੇਵੰਦ ਤਰੀਕੇ ਨਾਲ ਘੱਟ ਖਰਚਾ ਕਰਕੇ ਕਿਵੇਂ ਸੰਭਾਲਣਾ ਹੈ। ਇਸ ਤਰ੍ਹਾਂ ਬਿਜਲੀ ਮਹਿਕਮੇ ਨੂੰ ਵੀ ਹਦਾਇਤ ਹੋਵੇ ਕਿ ਉਦਯੋਗ ਦੀ ਮਨਜ਼ੂਰੀ ਤੋਂ ਬਾਅਦ ਜਲਦੀ ਤੋਂ ਜਲਦੀ ਕੁਨੈਕਸ਼ਨ ਦਿੱਤਾ ਜਾਵੇ। ਇਸ ਸਾਰੇ ਕੰਮ ਦੇ ਤਾਲਮੇਲ ਲਈ ਜ਼ਿਲ੍ਹਾ ਪੱਧਰ ’ਤੇ ਏ.ਡੀ.ਸੀ. ਡਿਵੈਲਪਮੈਂਟ ਦੇਖੇ, ਮੁੱਢਲੀ ਅਰਜੀ ਵੀ ਉੱਥੋਂ ਹੀ ਨੰਬਰ ਲੱਗ ਕੇ ਆਵੇ, ਤਾਂ ਕਿ ਬਾਅਦ ਵਿਚ ਅੜਿੱਕਾ ਪਾਉਣ ਵਾਲਿਆਂ ਦੀ ਜਵਾਬਤਲਬੀ ਵੀ ਹੋ ਸਕੇ।

## ਮੰਡੀਕਰਨ:

ਸੂਬੇ ਦੀਆਂ ਸਰਕਾਰੀ ਏਜੰਸੀਆਂ, ਮਾਰਕਫੈੱਡ, ਪੰਜਾਬ ਐਗਰੋ, ਪਨਸਪ, ਫੂਡ ਸਪਲਾਈ ਆਦਿ ਮਹਿਕਮੇ ਇਨ੍ਹਾਂ ਪਦਾਰਥਾਂ ਨੂੰ ਐਗਮਾਰਕ ਮਾਰਕਾ ਲੈਣ ਅਤੇ ਮੰਡੀਕਰਨ ਵਿਚ ਮੱਦਦ ਕਰਨ। ਜੇ ਬਣਿਆ ਪਦਾਰਥ ਮਿਆਰੀ ਹੈ, ਤਾਂ ਆਪਣੇ ਬਰਾਂਡ ਹੇਠਾਂ ਵੀ ਵੇਚਿਆ ਜਾ ਸਕਦਾ ਹੈ।

## ਨਿਚੋੜ:

ਪੰਜਾਬ ਵਿਚ ਆਰਥਿਕ ਅਤੇ ਸਮਾਜਿਕ ਸਥਿਰਤਾ ਲਿਆਉਣ ਲਈ ਪੇਂਡੂ ਆਬਾਦੀ ਦੀ ਆਮਦਨ ਵਧਾਉਣੀ ਬਹੁਤ ਜ਼ਰੂਰੀ ਹੈ। ਰੋਜ਼ਗਾਰ ਮਿਲੇਗਾ, ਆਮਦਨ ਹੋਵੇਗੀ, ਲੋਕ ਨਸ਼ਿਆਂ, ਆਪਸੀ ਝਗੜਿਆਂ ਅਤੇ ਚੋਰੀਆਂ-ਡਕੈਤੀਆਂ ਤੋਂ ਦੂਰ ਰਹਿਣਗੇ। ਪਿੰਡਾਂ ਵਾਲਿਆਂ ਦੀ ਆਮਦਨ ਵੱਧ ਗਈ, ਤਾਂ ਸ਼ਹਿਰਾਂ ਵਾਲਿਆਂ ਦੀ ਉਨ੍ਹਾਂ ਦੇ ਆਸਰੇ ਹੀ ਵੱਧ ਜਾਣੀ ਹੈ।

# 3 ਮਿੰਨੀ ਕਹਾਣੀਆਂ


ਸੱਤਪਾਲ ਸਿੰਘ ਦਿਓਲ

98781-70771

(Punjab Mail USA)




ਮੇਰੇ ਬਹੁਤ ਅਜੀਜ਼ ਤੇ ਨਜ਼ਦੀਕੀ ਪਰਿਵਾਰ ਨੇ ਕੁਝ ਦਿਨ ਪਹਿਲਾਂ ਕੈਨੇਡਾ ਵਿਚ ਲਿਕਰ ਸਟੋਰ (ਸ਼ਰਾਬ ਦੀ ਦੁਕਾਨ) ਖੋਲ੍ਹੀ ਹੈ। ਉਹ ਸਾਰਾ ਪਰਿਵਾਰ ਬਹੁਤ ਮਿਹਨਤੀ ਹੈ। ਪਰਿਵਾਰ ਤੀਹ-ਪੈਂਤੀ ਵਰ੍ਹੇ ਪਹਿਲਾਂ ਕੈਨੇਡਾ ਵਿਚ ਗਿਆ ਸੀ ਤੇ ਹੱਡ-ਭੰਨਵੀਂ ਮਿਹਨਤ ਨਾਲ ਆਪਣੇ ਆਪ ਨੂੰ ਕੈਨੇਡਾ ਵਿਚ ਸਥਾਪਿਤ ਕੀਤਾ ਸੀ। ਕੈਨੇਡਾ ਵਿਚ ਕੋਈ ਵੀ ਕਾਰੋਬਾਰ ਜਦੋਂ ਸ਼ੁਰੂ ਕੀਤਾ ਜਾਂਦਾ ਹੈ, ਤਾਂ ਉਸ ਉਪਰ ਪੂੰਜੀ ਨਿਵੇਸ਼ ਜ਼ਿਆਦਾ ਕਰਨਾ ਪੈਂਦਾ ਹੈ, ਹੌਲੀ-ਹੌਲੀ ਕਾਰੋਬਾਰ ਸਥਾਪਿਤ ਹੁੰਦਾ ਹੈ। ਮੇਰੀ ਉੱਥੇ ਮਾਤਾ ਜੀ ਨਾਲ ਫੋਨ ’ਤੇ ਗੱਲ ਹੋਈ। ਉਨ੍ਹਾਂ ਕਿਹਾ ਕਿ ਕੰਮ ਨਵਾਂ ਹੈ, ਅਜੇ ਸਲੋ (ਮੱਠਾ) ਹੈ। ਮੈਂ ਮਜ਼ਾਕ ’ਚ ਕਿਹਾ ਕਿ “ਹੁਣ ਤਾਂ ਬਾਬੇ ਅੱਗੇ ਅਰਦਾਸ ਵੀ ਨਹੀਂ ਕਰ ਸਕਦੇ ਕਿ ਬਾਬਾ ਸਾਡੀ ਸ਼ਰਾਬ ਵਿਕਾਈਂ”।

ਮੇਰਾ ਇੱਕ ਸ਼ਰਮਾ ਮਿੱਤਰ ਕੈਨੇਡਾ ਵਿਚ ਬੀਫ ਦਾ ਕਾਰੋਬਾਰ ਕਰਨ ਲੱਗਾ। ਉਹ ਇਸ ਵਕਤ ਆਪਣੇ ਕਾਰੋਬਾਰ ਨੂੰ ਪੂਰਾ ਸਥਾਪਿਤ ਕਰ ਚੁੱਕਾ ਹੈ, ਪੂਰਾ ਕਾਮਯਾਬ ਹੈ। ਉਹ ਹੈ ਬਹੁਤ ਹੀ ਦਿਲਦਾਰ ਬੰਦਾ। ਇਸ ਵਾਰ ਮੈਂ ਉਹਨੂੰ ਉਥੇ ਮਿਲ ਨਹੀਂ ਸਕਿਆ ਕਿਉਂਕਿ ਉਹ ਅਜਿਹੇ ਸ਼ਹਿਰ ਵਿਚ ਰਹਿੰਦਾ ਹੈ, ਜਿੱਥੇ ਮੈਂ ਜਾਣਾ ਨਹੀਂ ਸੀ। ਮੇਰੇ ਵਾਪਸ ਆਉਣ ’ਤੇ ਉਹਨੇ ਮੈਨੂੰ ਫੋਨ ਕਰਕੇ ਬਹੁਤ ਵੱਡਾ ਰੋਸ ਕੀਤਾ। ਕਹਿੰਦਾ ਕਾਰੋਬਾਰ ਮੱਠਾ ਪੈ ਗਿਆ ਮੰਦੇ ਕਰਕੇ। ਮੈਂ ਕਿਹਾ, ਤੇਰੇ ਕਾਰੋਬਾਰ ਦੀ ਕੁੰਡਲੀ ਬਣਾ ਕੇ ਦੇਖੀਏ। ਉਹ ਕਹਿੰਦਾ, “ਵੇਖੀਂ ਭਰਾਵਾ ਕਿਤੇ ਪੰਜਾਬ ’ਚ ਮੇਰਾ ਧਰਮ ਭ੍ਰਿਸ਼ਟ ਨਾ ਕਰ ਦੇਈਂ, ਉਥੇ ਮੈਂ ਐਥੋਂ ਦੇ ਕਾਰੋਬਾਰ ਵਿਚੋਂ ਕੁਝ ਹਿੱਸਾ ਦਾਨ ਦਿੰਦਾ ਹਾਂ, ਮੇਰੇ ਵਰਗਾ ਧਰਮੀ ਬੰਦਾ ਉਨ੍ਹਾਂ ਨੂੰ ਲੱਭਣਾ ਨਹੀ”। ਮੈਂ ਕਿਹਾ, “ਸਦਕੇ ਜਾਈਏ ਤੇਰੀ ਧਾਰਮਿਕ ਬਿਰਤੀ ਦੇ”।


ਇੱਕ ਪ੍ਰਚਾਰਕ ਧਾਰਮਿਕ ਸਥਾਨ ਤੋਂ ਪ੍ਰਚਾਰ ਕਰ ਰਿਹਾ ਸੀ। ਉਸ ਨੇ ਮਾਇਆ ਧਨ ਸੰਪਤੀ ਦਾ ਰਟਿਆ ਰਟਾਇਆ ਵਿਸ਼ਾ ਚੁਣਿਆ ਸੀ। ਉਹ ਵਾਰ-ਵਾਰ ਕਹੇ, ਇਹ ਮਾਇਆ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ, ਇਸ ਨਾਲ ਹੰਕਾਰ ਆਉਂਦਾ ਹੈ। ਮਹਿਲ, ਮਾੜੀਆਂ, ਧਨ ਨਾਲ ਨਹੀਂ ਜਾਣਾ, ਇਹ ਬਹੁਤ ਭੈੜੀ ਚੀਜ਼ ਹੈ ਆਦਿਕ। ਉਸ ਦੇ ਨੇੜੇ ਉਸ ਦੇ ਪ੍ਰਚਾਰ ਤੋਂ ਖੁਸ਼ ਹੋ ਕੇ ਪੈਸੇ ਦੇਣ ਵਾਲਿਆਂ ਨੇ ਨੋਟਾਂ ਦਾ ਢੇਰ ਲਾ ਦਿੱਤਾ ਸੀ। ਇੱਕ ਬੰਦਾ ਅੱਕ ਕੇ ਉੱਠ ਖੜ੍ਹਾ ਹੋਇਆ। ਕਹਿੰਦਾ, “ਬਾਬਾ ਜੀ ਐਵੇਂ ਤੁਸੀਂ ਮੁਸੀਬਤ ਦਾ ਢੇਰ ਲਾਇਆ, ਮੈਨੂੰ ਫੜਾਓ ਮੈਂ ਤੁਹਾਡੀਆਂ ਸਾਰੀਆਂ ਮੁਸੀਬਤਾਂ ਬਿਮਾਰੀਆਂ ਇਸ ਮਾਇਆ ਨੂੰ ਹਾਸਲ ਕਰਕੇ ਆਪਣੇ ਸਿਰ ਲੈ ਲੈਂਦਾ ਹਾਂ”। ਪ੍ਰਚਾਰਕ ਨੇ ਆਪਣਾ ਵਿਸ਼ਾ ਬਦਲਿਆ ਤੇ ਕਹਿਣ ਲੱਗਾ ਕਿ “ਮਿਹਨਤ ਨਾਲ ਇਕੱਠੀ ਕੀਤੀ ਮਾਇਆ ਪ੍ਰਵਾਨ ਹੁੰਦੀ ਹੈ, ਠੱਗੀ-ਚੋਰੀ ਵਾਲੀ ਮਾਇਆ ਹੀ ਕੁਰੀਤੀਆਂ ਦੀ ਜੜ੍ਹ ਹੈ”।

## 'ਜੋ ਦਿਖਾ, ਸੋ ਲਿਖਾ'


# 'ਸਰਕਾਰਾਂ' ਦਾ ਹੱਠੀ ਰਵੱਈਆ ਕਰੇਗਾ ਪੰਜਾਬ ਨੂੰ ਬਰਬਾਦ

## ਕਟਾਰੂਚੱਕ ਦਾ ਮਾਮਲਾ ਬਣਿਆਂ ਗਲੇ ਦੀ ਹੱਡੀ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)







ਇਸ ਸਮੇਂ ਇਕ ਵਾਰ ਫਿਰ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਪੂਰੀ ਤਰ੍ਹਾਂ ਆਹਮੋ-ਸਾਹਮਣੇ ਨੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰ ਖਿਲਾਫ ਵਿਰੋਧੀ ਧਿਰਾਂ ਨੂੰ ਲਾਮਬੰਦ ਕਰਨ ਦੀ ਮੁਹਿੰਮ ਵਿੱਢ ਰੱਖੀ ਹੈ। ਉਧਰ ਕੇਂਦਰ ਵਿਚ ਬੀ.ਜੇ.ਪੀ. ਸਰਕਾਰ ਵੀ ਪੰਜਾਬ ਸਰਕਾਰ ਦੇ ਕੰਮ ਵਿਚ ਰੋੜੇ ਅਟਕਾਉਣ ਦੀ ਕਸਰ ਬਾਕੀ ਨਹੀਂ ਛੱਡ ਰਹੀ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਆਰਥਿਕ ਤੌਰ 'ਤੇ ਝਟਕਾ ਦੇਣ ਲਈ ਕੇਂਦਰ ਸਰਕਾਰ ਨੇ ਕਰਜ਼ਾ ਚੁੱਕਣ ਦੀ ਹੱਦ ਵਿਚ 18000 ਕਰੋੜ ਰੁਪਏ ਦੀ ਵੱਡੀ ਕਟੌਤੀ ਕਰ ਦਿੱਤੀ ਹੈ। ਪਹਿਲਾਂ ਸੂਬੇ ਦੀ ਕਰਜ਼ਾ ਹੱਦ 39000 ਕਰੋੜ ਰੁਪਏ ਸੀ, ਜਿਸ ਨੂੰ ਘਟਾ ਕੇ 21000 ਕਰੋੜ ਰੁਪਏ ਕਰ ਦਿੱਤਾ ਗਿਐ। ਕੇਂਦਰ ਦਾ ਤਰਕ ਹੈ ਕਿ ਕਰਜ਼ਾ ਸੂਬਾ ਸਰਕਾਰਾਂ ਨੂੰ ਮੁੱਢਲਾ ਢਾਂਚਾ ਮਜ਼ਬੂਤ ਕਰਕੇ ਵਿਕਾਸ ਦੀ ਰਫਤਾਰ ਤੇਜ਼ ਕਰਨ ਲਈ ਦਿੱਤਾ ਜਾਂਦੈ, ਪਰ ਸਰਕਾਰਾਂ ਫੰਡਾਂ ਨੂੰ ਦੂਜੇ ਪਾਸੇ ਖਰਚ ਕਰਦੀਆਂ ਨੇ। ਕੇਂਦਰ ਦੀ ਦਲੀਲ ਹੈ ਕਿ ਜਿਹੜੀਆਂ ਸੂਬਾ ਸਰਕਾਰਾਂ ਸਾਧਨ ਜੁਟਾ ਕੇ ਆਮਦਨ ਵਧਾਉਣ ਦੀ ਬਜਾਏ ਫਜ਼ੂਲ ਖਰਚੇ ਵਧਾਉਂਦੀਆਂ ਨੇ, ਉਨ੍ਹਾਂ ਦੇ ਕਰਜ਼ਿਆਂ ਦੀ ਹੱਦ ਘਟਾਉਣਾ ਸਹੀ ਫੈਸਲਾ ਹੈ। ਪੰਜਾਬ ਦੇ ਨਾਲ ਹੀ ਕਾਂਗਰਸ ਸ਼ਾਸਿਤ ਹਿਮਾਚਲ ਪ੍ਰਦੇਸ਼ ਦੇ ਕਰਜ਼ੇ ਦੀ ਹੱਦ 5500 ਕਰੋੜ ਰੁਪਏ ਕੀਤੀ ਗਈ ਹੈ। ਦੋਵੇਂ ਸੂਬਾ ਸਰਕਾਰਾਂ ਦਾ ਦੋਸ਼ ਹੈ ਕਿ ਇਹ ਫੈਸਲਾ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਦਾ ਗਲਾ ਘੁੱਟਣ ਵਾਲੀ ਬੀ.ਜੇ.ਪੀ. ਦੀ ਨੀਤੀ ਅਧੀਨ ਲਿਆ ਗਿਐ, ਜਦ ਕਿ ਬੀ.ਜੇ.ਪੀ. ਦੇ ਰਾਜ ਵਾਲੇ ਸੂਬਿਆਂ 'ਤੇ ਕੇਂਦਰ ਹਰ ਪੱਖੋਂ ਸਵੱਲੀ ਨਜ਼ਰ ਰੱਖਦੈ। ਟਕਰਾਅ ਕਾਰਨ ਹੀ ਪੰਜਾਬ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਾਲੀ ਨੀਤੀ ਆਯੋਗ ਦੀ ਮੀਟਿੰਗ ਦਾ ਵੀ ਬਾਈਕਾਟ ਕੀਤਾ। ਇਸ ਤਰ੍ਹਾਂ ਮੁੱਖ ਮੰਤਰੀ ਸੂਬੇ ਲਈ ਨਵੇਂ ਫੰਡ ਲੈਣ ਅਤੇ ਰੁੱਕੇ ਫੰਡ ਜਾਰੀ ਕਰਾਉਣ ਤੋਂ ਖੁੰਝ ਗਏ। ਪੰਜਾਬ ਪਹਿਲਾਂ ਹੀ 3 ਲੱਖ ਕਰੋੜ ਤੋਂ ਵੱਧ ਦੇ ਕਰਜੇ ਦੇ ਬੋਝ ਥੱਲੇ ਦੱਬਿਆ ਪਿਐ। ਅਜਿਹੇ ਵਿਚ ਸੂਬਾ ਸਰਕਾਰ ਦੇ ਕਰਜ਼ਾ ਹੱਦ ਵਿਚ ਵੱਡੀ ਕਟੌਤੀ ਹੋਣਾਂ ਇਕ ਵੱਡੀ ਚਿੰਤਾ ਬਣ ਜਾਂਦੈ। ਕੇਂਦਰ ਵਲੋਂ ਜੀ.ਐੱਸ.ਟੀ. ਵਿਚੋਂ ਮਿਲ ਰਹੀ 16000 ਕਰੋੜ ਰੁਪਏ ਦੀ ਗਰਾਂਟ ਬੰਦ ਹੋਣ ਨਾਲ ਪੰਜਾਬ ਸਰਕਾਰ ਕਾਫੀ ਮੁਸ਼ਕਲ ਵਿਚ ਚੱਲ ਰਹੀ ਹੈ। ਕੇਂਦਰ ਦਾ ਕਹਿਣੈ ਕਿ ਜੋ ਸੂਬਾ ਸਰਕਾਰਾਂ 2004 ਤੋਂ ਮੁਲਾਜ਼ਮਾਂ ਦੀ ਬੰਦ ਕੀਤੀ ਪੈਨਸ਼ਨ ਮੁੜ ਸ਼ੁਰੂ ਕਰਕੇ ਵੱਡਾ ਖਰਚਾ ਸਹੇੜ ਰਹੀਆਂ ਨੇ, ਉਨ੍ਹਾਂ ਨੂੰ ਆਪਣੀ ਆਮਦਨ ਵਧਾਉਣ ਲਈ ਖੁਦ ਵਸੀਲ਼ੇ ਜੁਟਾਉਣੇ ਪੈਣੇ ਨੇ। ਪੰਜਾਬ ਸਰਕਾਰ ਵੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਚੋਣ ਵਾਅਦਾ ਪੂਰਾ ਕਰਨ ਲਈ ਕੈਬਨਿਟ ਵਿਚ ਫੈਸਲਾ ਲੈ ਚੁੱਕੀ ਹੈ। ਪਰ ਕੇਂਦਰ ਸਰਕਾਰ ਨੇ ਸਕੀਮ ਅਧੀਨ ਮੁਲਾਜ਼ਮਾਂ ਦੇ ਹਿੱਸੇ ਦੀ ਜਮਾਂ ਰਕਮ ਵਾਪਸ ਕਰਨ ਤੋਂ ਜਵਾਬ ਦੇ ਦਿੱਤੈ। ਪਹਿਲਾਂ ਹੀ ਕੇਂਦਰ ਸਰਕਾਰ ਸੂਬੇ ਦੇ ਜਿਨਸਾਂ ਦੀ ਖਰੀਦ ਦੇ 3600 ਕਰੋੜ ਰੁਪਏ ਦੇ ਵਿਕਾਸ ਫੰਡ ਰੋਕੀ ਬੈਠੀ ਹੈ। ਮੁੱਢਲੇ ਸਿਹਤ ਢਾਂਚੇ ਲਈ ਆਈ ਗਰਾਂਟ ਮੁੱਖ ਮੰਤਰੀ ਦੀ ਫੋਟੋ ਵਾਲੀਆਂ ਆਮ ਆਦਮੀ ਕਲੀਨਿਕਾਂ ਲਈ ਖਰਚਣ ਕਾਰਨ ਕਰੀਬ 800 ਕਰੋੜ ਦੇ ਫੰਡ ਕੇਂਦਰ ਨੇ ਰੋਕ ਰੱਖੇ ਨੇ। ਕੈਪੀਟਲ ਐਸਿਟਸ ਲਈ ਮਿਲਣ ਵਾਲਾ 2600 ਕਰੋੜ ਦਾ ਕਰਜ਼ਾ ਵੀ ਰੋਕਿਆ ਗਿਐ। ਪੰਜਾਬ ਸਰਕਾਰ ਕਰਜ਼ੇ ਦੀ ਕਿਸ਼ਤ ਵੀ ਕਰਜ਼ਾ ਚੁੱਕ ਕੇ ਹੀ ਮੋੜਦੀ ਹੈ।

### ਕੇਂਦਰ ਨਾਲ ਟਕਰਾਅ

ਉਂਝ ਤਾਂ ਆਮ ਆਦਮੀ ਪਾਰਟੀ ਹੋਂਦ ਵਿਚ ਆਉਣ ਤੋਂ ਹੀ ਪਾਰਟੀ ਸੁਪਰੀਮੋ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਠਾਉਣ ਦੇ ਸੁਪਨੇ ਲੈ ਰਹੀ ਹੈ। ਇਸੇ ਕਾਰਨ 'ਆਪ' ਕੇਂਦਰ ਨਾਲ ਟਕਰਾਅ ਦਾ ਕੋਈ ਵੀ ਮੌਕਾ ਨਹੀਂ ਗਵਾ ਰਹੀ। ਸਰਵਉੱਚ ਅਦਾਲਤ ਵਲੋਂ ਦਿੱਲੀ ਵਿਚ ਤਬਾਦਲੇ ਅਤੇ ਹੋਰ ਫੈਸਲੈ ਲੈਣ ਦੇ ਅਧਿਕਾਰ ਚੁਣੀ ਸਰਕਾਰ ਨੂੰ ਦੇਣ ਦਾ ਫੈਸਲਾ ਕੇਂਦਰ ਨੇ ਆਰਡੀਨੈਂਸ ਰਾਹੀਂ ਪਲਟ ਕੇ ਮੁੜ ਸਾਰੇ ਅਧਿਕਾਰ ਉੱਪ ਰਾਜਪਾਲ ਹਵਾਲੇ ਕਰ ਦਿੱਤੇ। ਇਸ ਤੋਂ ਭੜਕੇ ਕੇਜਰੀਵਾਲ ਨੇ ਅਧਿਆਦੇਸ਼ ਖਿਲਾਫ ਪੂਰੇ ਦੇਸ਼ ਵਿਚ ਵਾਵੇਲਾ ਖੜ੍ਹਾ ਕਰਦੇ ਆਰਡੀਨੈਂਸ ਤੇ ਬਿਲ ਨੂੰ ਰਾਜਸਭਾ ਵਿਚ ਗਰਾਉਣ ਲਈ ਵਿਰੋਧੀ ਪਾਰਟੀਆਂ ਦੇ ਮੁੱਖੀਆਂ ਨਾਲ ਮੀਟਿੰਗਾਂ ਸ਼ੁਰੂ ਕੀਤੀਆਂ ਹੋਈਆਂ ਨੇ। ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਨੂੰ ਨਾਲ ਲੈ ਕੇ ਆਰ.ਜੇ.ਡੀ. ਮੁਖੀ ਨਿਤਿਸ਼ ਕਮਾਰ, ਬੀ.ਜੇ.ਡੀ. ਮੁਖੀ ਤੇਜੱਸ਼ਵੀ ਯਾਦਵ, ਟੀ.ਐੱਮ.ਸੀ. ਮੁਖੀ ਮਮਤਾ ਬੈਨਰਜੀ, ਤੇਲੰਗਾਨਾ ਵਿਚ ਬੀ.ਆਰ.ਐੱਸ. ਮੁਖੀ ਚੰਦਰਸ਼ੇਖਰ ਰਾਓ, ਐੱਨ.ਸੀ.ਪੀ. ਮੁਖੀ ਸ਼ਰਦ ਪਵਾਰ, ਡੀ.ਐੱਮ.ਕੇ. ਪ੍ਰਧਾਨ ਐੱਮ.ਕੇ. ਸਟਾਲਿਨ, ਜੇ.ਐੱਮ.ਐੱਮ. ਦੇ ਮੁਖੀ ਹੇਮੰਤ ਸੋਰੇਨ, ਸੀ.ਪੀ.ਐੱਮ. ਲੀਡਰ ਸੀਤਾ ਰਾਮ ਯੇਚੁਰੀ, ਸੀ.ਪੀ.ਆਈ. ਲੀਡਰ ਡੀ ਰਾਜਾ ਨਾਲ ਮੀਟਿੰਗਾਂ ਕਰ ਚੁੱਕੇ ਨੇ। ਕੇਜਰੀਵਾਲ ਨੇ ਕਾਂਗਰਸ ਪ੍ਰਧਾਨ ਤੋਂ ਵੀ ਮੀਟਿੰਗ ਲਈ ਸਮਾਂ ਮੰਗਿਐ। ਪਰ ਪੰਜਾਬ ਕਾਂਗਰਸ ਆਪਣੇ ਲੀਡਰਾਂ ਖਿਲਾਫ ਝੂਠੇ ਕੇਸ ਦਰਜ ਕਰਨ ਦਾ ਹਵਾਲਾ ਦਿੰਦੇ 'ਆਪ' ਨੂੰ ਹਮਾਇਤ ਦਾ ਵਿਰੋਧ ਕਰ ਰਹੀ ਹੈ। ਆਉਂਦੇ ਸਮੇਂ ਵਿਚ ਟਕਰਾਅ ਹੋਰ ਵੀ ਅੱਗੇ ਵਧਣ ਦੇ ਹਾਲਾਤ ਬਣੇ ਦਿੱਸਦੇ ਨੇ। ਕੇਂਦਰ ਸਰਕਾਰ ਵੀ ਪਿੱਛੇ ਹੱਟਣ ਦੇ ਰੌਅ ਵਿਚ ਨਹੀਂ ਦਿੱਸਦੀ। ਸ਼ੁਰੂ ਤੋਂ ਹੀ ਕੇਂਦਰ ਨਾਲ ਟਕਰਾਉ ਪੰਜਾਬ ਦਾ ਬਹੁਤ ਨੁਕਸਾਨ ਕਰ ਚੁੱਕੈ। ਕਿਸੇ ਸਮੇਂ ਦੇਸ਼ ਵਿਚੋਂ ਮੋਹਰੀ ਸਮਝਿਆ ਜਾਂਦਾ ਸੂਬਾ ਬੁਰੀ ਤਰ੍ਹਾਂ ਪੱਛੜ ਕੇ ਰਹਿ ਗਿਐ। ਬੇਰੁਜ਼ਗਾਰੀ ਅਤੇ ਨਸ਼ਿਆਂ ਕਾਰਨ ਜਵਾਨੀ ਵਿਦੇਸ਼ਾਂ ਵਲ ਪ੍ਰਵਾਸ ਕਰ ਰਹੀ ਹੈ। ਜੇਕਰ ਦੋਵਾਂ ਸਰਕਾਰਾਂ ਵਿਚ ਇੱਟ-ਖੜੱਕਾ ਜਾਰੀ ਰਹਿੰਦੈ, ਤਾਂ ਸੂਬਾ ਰੰਗਲਾ ਪੰਜਾਬ ਬਣਨ ਦੀ ਬਜਾਏ, ਪੂਰੀ ਤਰ੍ਹਾਂ ਬਰਬਾਦ ਹੋ ਕੇ ਰਹਿ ਜਾਏਗਾ।





### ਮੰਤਰੀ ਕਟਾਰੂਚੱਕ ਦਾ ਮਾਮਲਾ

ਮੰਤਰੀ ਲਾਲ ਚੰਦ ਕਟਾਰੂਚੱਕ ਦੇ ਕਥਿਤ ਇਤਰਾਜ਼ਯੋਗ ਵੀਡੀਓ ਮਾਮਲੇ ਉੱਤੇ ਸੂਬੇ ਦੀ ਸਿਆਸਤ ਮੁੜ ਤੋਂ ਗਰਮਾ ਗਈ ਹੈ। ਮੁੱਦਾ ਚੋਣਾਂ ਸਮੇਂ ਵੀ ਕਾਫੀ ਉਠਿਆ, ਪਰ ਸਮਝਿਆ ਜਾ ਰਿਹਾ ਸੀ ਕਿ ਸਰਕਾਰ ਵਿਰੋਧੀਆਂ ਦੇ ਦਬਾਅ ਅੱਗੇ ਤੁਰੰਤ ਝੁਕਣ ਦੀ ਬਜਾਏ ਬਾਅਦ ਵਿਚ ਕਾਰਵਾਈ ਜ਼ਰੂਰ ਕਰੇਗੀ। ਹੁਣ ਮੰਤਰੀ ਮੰਡਲ ਵਿਚ ਫੇਰਬਦਲ ਸਮੇਂ ਵੀ ਕਟਾਰੂਚੱਕ 'ਤੇ ਕਾਰਵਾਈ ਨਾ ਹੋਣ ਕਾਰਨ ਮਾਮਲੇ 'ਤੇ ਵਿਰੋਧੀ ਧਿਰਾਂ ਨੇ ਮੁੜ ਬਵਾਲ ਖੜ੍ਹਾ ਕੀਤੈ। ਰਾਜਪਾਲ ਘਿਨੌਣੇ ਅਪਰਾਧ ਦੇ ਦੋਸ਼ੀ ਮੰਤਰੀ ਖਿਲਾਫ ਮੁੱਖ ਮੰਤਰੀ ਨੂੰ ਤੁਰੰਤ ਕਾਰਵਾਈ ਲਈ ਕਿਹੈ। ਇਸ ਪਿੱਛੋਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਬਾਜਵਾ ਨੇ ਰਾਜਪਾਲ ਨੂੰ ਚਿੱਠੀ ਲਿਖ ਕੇ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਵਿਰੋਧੀ ਨੇਤਾਵਾਂ ਦਾ ਕਹਿਣੈ ਕਿ ਐੱਸ.ਆਈ.ਟੀ. ਬਣਾ ਕੇ ਮੁੱਦੇ ਨੂੰ ਠੰਢੇ ਬਸਤੇ ਵਿਚ ਪਾਇਆ ਗਿਐ। ਉਲਟਾ ਵੀਡੀਓ ਰਾਜਪਾਲ ਨੂੰ ਸੌਂਪਣ ਵਾਲੇ ਵਿਧਾਇਕ ਸੁਖਪਾਲ ਖਹਿਰਾ ਵਿਰੁੱਧ ਸੰਗੀਨ ਧਾਰਾਵਾਂ ਅਧੀਨ ਮਾਮਲਾ ਦਰਜ ਹੋ ਚੁੱਕੈ। ਸਬੰਧਿਤ ਵੀਡੀਓ ਫੋਰੈਂਸਿਕ ਜਾਂਚ ਵਿਚ ਵੀ ਸਹੀ ਪਾਈ ਗਈ ਹੈ ਅਤੇ ਬਦਫੈਲੀ ਦਾ ਦੋਸ਼ੀ ਵੀ ਮੀਡੀਆ ਰਾਹੀਂ ਇਨਸਾਫ ਦੀ ਗੁਹਾਰ ਲਗਾ ਚੁੱਕੈ। ਫਿਰ ਵੀ ਮੰਤਰੀ ਖਿਲਾਫ ਕਾਰਵਾਈ ਨਾ ਕਰਨ ਦੀ ਮੁੱਖ ਮੰਤਰੀ ਦੀ ਮਜਬੂਰੀ ਸਮਝ ਨਹੀਂ ਆਉਂਦੀ। ਪਰ ਇਹ ਮੁੱਦਾ ਨੈਤਿਕਤਾ ਦੇ ਦਾਅਵੇ ਵਾਲੀ ਸਰਕਾਰ ਦੇ ਗਲੇ ਦੀ ਹੱਡੀ ਜ਼ਰੂਰ ਬਣ ਚੁੱਕੈ। ਮੁੱਖ ਮੰਤਰੀ ਲਈ ਇਸ ਮਾਮਲੇ ਨੂੰ ਬਹੁਤਾ ਲੰਮਾ ਸਮਾਂ ਲਮਕਾਉਣਾ ਸਹੀ ਨਹੀਂ ਹੋਵੇਗਾ। ਇਸ ਨਾਲ ਵਿਰੋਧੀਆਂ ਵੱਲੋਂ ਸਰਕਾਰ ਦੇ ਨੈਤਿਕਤਾ ਵਾਲੇ ਅਕਸ 'ਤੇ ਸਵਾਲ ਉਠਾਉਣ ਦੀ ਸੰਭਾਵਨਾ ਬਣੀ ਰਹੇਗੀ।

# ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ:- ਸ੍ਰੀ ਰੀਠਾ ਸਾਹਿਬ

-ਰਮੇਸ਼ ਬੱਗਾ ਚੋਹਲਾ
(ਲੁਧਿਆਣਾ)
ਮੋਬ: 94631-32719
(Punjab Mail USA)

ਸਿੱਖ ਇਤਤਹਾਸ 'ਚ ਗੁਰਦੁਆਰਿਆਂ ਦਾ ਬੜਾ ਹੀ ਮਹੱਤਵਪੂਰਨ ਅਤੇ ਅਹਿਮਤਰੀਨ ਸਥਾਨ ਹੈ। ਰੂਹਾਨੀਅਤ ਦਾ ਕੇਂਦਰ ਹੋਣ ਦੇ ਨਾਲ-ਨਾਲ ਇਹ ਗੁਰਦੁਆਰੇ ਸਦੀਆਂ ਤੋਂ ਆਪਸੀ ਭਾਈਚਾਰਕ ਸਾਂਝ ਦੀ ਵੀ ਹਾਮੀ ਭਰਦੇ ਆ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਗੁਰਦੁਆਰਿਆਂ ਦੀ ਉਸਾਰੀ ਕਰਵਾਕੇ ਅਤੇ ਇਨ੍ਹਾਂ ਦੇ ਚਾਰ ਦਰਵਾਜ਼ੇ ਬਣਵਾ ਕੇ ਚਹੁੰ ਵਰਣਾਂ ਨੂੰ ਸਾਂਝੇ ਅਧਿਆਤਮਕ ਉਪਦੇਸ਼ ਨਾਲ ਜੋੜਨ ਦਾ ਇੱਕ ਮਹਾਨ ਉਪਰਾਲਾ ਕੀਤਾ ਹੈ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਉਪਰਾਲੇ ਦੀ ਸਦੀਵੀਂ ਗਵਾਹੀ ਦਿੰਦਾ ਹੈ ਹਿੰਦੋਸਤਾਨ ਦੇ ਨਵ-ਨਿਰਮਤ ਸੂਬੇ ਉਤਰਾਖੰਡ ਦੀ ਰਮਣੀਕ ਘਾਟੀ ਵਿਚ ਸੁਭਾਇਮਾਨ ਗੁਰਦੁਆਰਾ ਸ੍ਰੀ ਰੀਠਾ ਸਾਹਿਬ।

ਸ੍ਰੀ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਪੱਕੇ ਸਾਥੀ ਭਾਈ ਮਰਦਾਨਾ ਜੀ ਦੀ ਇਤਿਹਾਸਕ ਯਾਦ ਨਾਲ ਜੁੜਿਆ ਗੁਰਦੁਆਰਾ ਰੀਠਾ ਸਾਹਿਬ ਉਤਰਾਖੰਡ ਪ੍ਰਦੇਸ਼ ਦੇ ਸਮੁੰਦਰੀ ਤਲ ਤੋਂ 7000 ਫੁੱਟ ਦੀ ਉਚਾਈ 'ਤੇ ਵੱਸੇ ਜ਼ਿਲ੍ਹਾ ਚੰਪਾਵਤ ਵਿਚ ਸਥਿਤ ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਸ਼ਹੀਦ ਉਧਮ ਸਿੰਘ ਨਗਰ ਅਤੇ ਨੈਨੀਤਾਲ ਜ਼ਿਲ੍ਹੇ ਨਾਲ ਲੱਗਦੀਆਂ ਹਨ।

ਇਹ ਉਹ ਪਵਿੱਤਰ ਸਥਾਨ ਹੈ, ਜਿਥੇ ਸ੍ਰੀ ਗੁਰੁ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸੰਗੀ ਭਾਈ ਮਰਦਾਨਾ ਜੀ ਜਗਤ-ਜਲੰਦੇ ਨੂੰ ਠਾਰਦੇ ਹੋਏ ਸਿੱਧਾਂ ਨੂੰ ਜੋਗ ਦੇ ਅਸਲੀ ਅਰਥ ਸਮਝਾਉਣ ਲਈ ਆਏ ਸਨ। ਇਸ ਸਥਾਨ 'ਤੇ ਉਸ ਵਕਤ ਗੋਰਖ ਨਾਥ ਦਾ ਚੇਲਾ ਢੇਰ ਨਾਥ ਰਿਹਾ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਢੇਰ ਨਾਥ ਨਾਲ ਜ਼ਿੰਦਗੀ ਦੇ ਅਸਲ ਅਤੇ ਸਾਰਥਿਕ ਉਦੇਸ਼ ਨੂੰ ਲੈ ਕੇ ਗੋਸ਼ਟੀ ਕਰ ਰਹੇ ਸਨ, ਤਾਂ ਉਸ ਸਮੇਂ ਇੱਕ ਆਚੰਭਤ ਅਤੇ ਬੇਮਿਸਾਲ ਕੌਤਕ ਵਾਪਰ ਗਿਆ। ਇਸ ਕੌਤਕ ਨਾਲ ਜਿਥੇ ਕੌੜਿਆਂ ਰੀਠਿਆਂ ਵਿਚ ਮਿਠਾਸ ਭਰ ਗਈ, ਉੱਥੇ ਹੰਕਾਰੀਆਂ ਨਾਥਾਂ ਦਾ ਹੰਕਾਰ ਵੀ ਦੂਰ ਹੋ ਗਿਆ। ਹੰਕਾਰ ਦੇ ਦੂਰ ਹੋਣ ਕਰਕੇ ਹੀ ਇਥੇ ਨਾਥਾਂ-ਜੋਗੀਆਂ ਨੂੰ ਗੁਰੂ ਨਾਨਕ ਸਾਹਿਬ ਦੀ ਕਮਾਈ ਅਤੇ ਵਡਿਆਈ ਨੂੰ ਧੰਨ ਕਹਿਣਾ ਪਿਆ ਸੀ।

ਇਤਿਹਾਸਕ ਗਵਾਹੀ ਮੁਤਾਬਕ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਧੰਨ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਸਮੇਤ



ਗੁਰਦੁਆਰਾ ਸ੍ਰੀ ਰੀਠਾ ਸਾਹਿਬ। (ਫੋਟੋ : ਬਲਜੀਵਨ)

ਜਦੋਂ ਇਸ ਸਥਾਨ 'ਤੇ ਆਏ ਤਾਂ ਉਸ ਵਕਤ ਰੀਠੇ ਦੇ ਇਕ ਭਰੇ ਹੋਏ ਦਰੱਖ਼ਤ ਹੇਠਾਂ ਗੋਰਖ ਨਾਥ ਜੋਗੀ ਦਾ ਚੇਲਾ ਢੇਰ ਨਾਥ ਡੇਰਾ ਲਾਈ ਬੈਠਾ ਸੀ। ਇਸ ਦਰੱਖ਼ਤ ਦੇ ਦੂਸਰੇ ਪਾਸੇ ਬਾਬੇਕਿਆਂ ਨੇ ਵੀ ਆਸਨ ਲਾ ਲਏ। ਗੁਰੂ ਜੀ ਦੀ ਆਮਦ ਨੂੰ ਦੇਖ ਕੇ ਸਿੱਧ ਹੈਰਾਨ ਹੋ ਗਏ ਅਤੇ ਉਨ੍ਹਾਂ (ਗੁਰੂ ਜੀ) ਨੂੰ ਇੱਥੇ ਆਉਣ ਦਾ ਕਾਰਨ ਪੁੱਛਣ ਲੱਗੇ।

ਗੁਰੂ ਸਾਹਿਬ ਨੇ ਜੋਗੀਆਂ ਨੂੰ ਦੱਸਿਆ ਕਿ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਉਸ ਨਿਰੰਕਾਰ ਨਾਲ ਜੁੜੇ ਰਹਿਣਾ ਹੀ ਸੱਚਾ ਜੋਗ ਹੈ। ਬਾਹਰੀ ਦਿਖਾਵੇ, ਕਰਮ-ਕਾਂਡੀ ਜੀਵਨ ਅਤੇ ਪਾਖੰਡਬਾਜ਼ੀ ਸਦਕਾ ਕਰਤਾਰ ਦੀਆਂ ਖ਼ੁਸ਼ੀਆਂ ਦਾ ਪਾਤਰ ਨਹੀਂ ਬਣਿਆ ਜਾ ਸਕਦਾ। ਅਜੇ ਵਿਚਾਰ ਗੋਸ਼ਟੀ ਚੱਲ ਰਹੀ ਸੀ ਕਿ ਭਾਈ ਮਰਦਾਨਾ ਜੀ ਨੂੰ ਭੁੱਖ ਲੱਗ ਆਈ। ਜਦੋਂ ਉਨ੍ਹਾਂ ਗੁਰੂ ਸਾਹਿਬ ਕੋਲੋਂ ਕੁੱਝ ਖਾਣ ਦੀ ਤਲ਼ਬ ਜ਼ਾਹਿਰ ਕੀਤੀ, ਗੁਰੂ ਜੀ ਕਹਿਣ ਲੱਗੇ, "ਮਰਦਾਨਿਆਂ ਅਸੀਂ ਤਾਂ ਬਾਹਰੋਂ ਆਏ ਹੋਏ ਪ੍ਰਦੇਸੀ ਬੰਦੇ ਹਾਂ ਅਤੇ ਸਿੱਧਾਂ ਦੇ ਮਹਿਮਾਨ ਹਾਂ, ਤੁਸੀਂ ਇਨ੍ਹਾਂ ਕੋਲੋਂ ਹੀ ਕੋਈ ਪਦਾਰਥ ਖਾਣ ਨੂੰ ਮੰਗ ਲਵੋ"।

ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਭਾਈ ਮਰਦਾਨਾ ਜੀ ਨੇ ਬੜੀ ਨਿਮਰਤਾਪੂਰਵਕ ਸਿੱਧਾਂ ਕੋਲੋ ਭੋਜਨ ਦੀ ਮੰਗ ਕੀਤੀ, ਤਾਂ ਹੰਕਾਰ ਨਾਲ ਨੱਕੋ-ਨੱਕ ਭਰੇ ਸਿੱਧਾਂ ਨੇ ਕਿਹਾ-

'ਬੈਠੇ ਰਹੋ ਨਾ ਕਿਤਹੂੰ ਜਾਈ, ਦੇਖਹਿ ਸ਼ਕਤਿ ਜੇ ਦੇਹਿ ਖਵਾਹੀ'।

ਭਾਵ ਜੇ ਤੇਰਾ ਗੁਰੂ ਸਰਬ ਕਲਾ ਸਮਰੱਥ ਹੈ, ਤਾਂ ਉਹ ਬਿੰਨਾ ਕਿਤੇ ਜਾਏ ਭੋਜਨ ਦਾ ਵਸੀਲਾ ਕਿਉਂ ਨਹੀਂ ਕਰ ਦਿੰਦਾ। ਇਸ ਤਰ੍ਹਾਂ ਅਸੀਂ ਵੀ ਉਸ ਦੀ ਸ਼ਕਤੀ ਨੂੰ ਦੇਖ ਲਵਾਂਗੇ।

ਸਿੱਧਾਂ ਦਾ ਕਠੋਰ ਅਤੇ ਹੰਕਾਰ ਭਰਿਆ ਵਿਹਾਰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਰੀਠੇ ਦੇ ਫ਼ਲਾਂ ਵੱਲ ਇਸ਼ਾਰਾ ਕਰਕੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ, 'ਭਾਈ ਇਹ ਫ਼ਲ ਤੋੜ ਕੇ ਛੱਕ ਲਉ, ਕਰਤਾਰ ਭਲੀ ਕਰੇਗਾ'।

ਗੁਰੂ ਬਾਬੇ ਦਾ ਬਚਨ ਸੁਣ ਕੇ ਮਰਦਾਨਾ ਜੀ ਸੋਚਾਂ ਵਿਚ ਪੈ ਗਏ ਅਤੇ ਕਹਿਣ ਲੱਗੇ, 'ਗੁਰੂ ਜੀ ਮੈਨੂੰ ਕਿਉਂ ਮਾਰਨਾ ਚਾਹੁੰਦੇ ਹੋ, ਮੈਂ ਤਾਂ ਅਜੇ ਜਿਉਣਾ ਚਾਹੁੰਦਾ ਹਾਂ। ਇਹ ਰੀਠੇ ਤਾਂ ਜ਼ਹਿਰ ਵਰਗੇ ਕੌੜੇ ਹਨ ਅਤੇ ਲੋਕਾਂ ਦੇ ਵਸਤਰ ਧੋਣ ਦੇ ਕੰਮ ਆਉਂਦੇ ਹਨ'।

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਵਾਲੇ ਪਾਸੇ ਦੀਆਂ ਰੀਠੇ ਦੀਆਂ ਟਹਿਣੀਆਂ ਵੱਲ ਮੇਹਰ ਦੀ ਨਦਰ ਕਰਦਿਆਂ ਹੱਸ ਕੇ ਕਿਹਾ, "ਭਾਈ ਮਰਦਾਨਾ ਜੀ ਸਤਿ ਕਰਤਾਰ ਕਹਿ ਕੇ ਰੀਠੇ ਦੇ ਦਰੱਖ਼ਤ 'ਤੇ ਚੜ੍ਹ ਜਾਉ, ਆਪ ਫ਼ਲ ਛਕੋ ਅਤੇ ਇਨ੍ਹਾਂ ਸਿੱਧਾਂ ਨੂੰ ਵੀ ਤੋੜ-ਤੋੜ ਕੇ ਛਕਾਓ"।

ਸਤਿ ਬਚਨ ਕਹਿ ਕੇ ਭਾਈ ਮਰਦਾਨਾ ਜੀ ਗੁਰੂ ਵਾਲੇ ਪਾਸੇ ਦੇ ਇੱਕ ਟਹਿਣੇ 'ਤੇ ਚੜ੍ਹ ਗਏ ਅਤੇ ਰੀਠੇ ਤੋੜ ਕੇ ਖਾਣ ਲੱਗ ਪਏ। ਭਾਈ ਮਰਦਾਨਾ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਬਾਬੇ ਦੀ ਕਿਰਪਾ ਨਾਲ ਜ਼ਹਿਰ ਵਰਗੇ ਰੀਠੇ ਸ਼ਹਿਦ ਵਰਗੇ ਮਿੱਠੇ ਹੋ ਗਏ। ਪਹਿਲਾਂ ਭਾਈ ਸਾਹਿਬ ਨੇ ਆਪ ਰੱਜ ਕੇ ਰੀਠੇ ਛਕੇ ਅਤੇ ਫਿਰ ਸਿੱਧਾਂ ਨੂੰ ਵੀ ਛਕਣ ਲਈ ਦਿੱਤੇ। ਛੁਆਰਿਆਂ ਵਰਗਾ ਆਨੰਦ ਦੇਣ ਵਾਲੇ ਰੀਠੇ ਜਦੋਂ ਨਾਥ-ਜੋਗੀਆਂ ਦੀ ਜੀਭ ਨੂੰ ਲੱਗੇ, ਤਾਂ ਉਹ ਵੀ ਹੈਰਾਨ ਹੋਣੋਂ ਨਾ ਰਹਿ ਸਕੇ। ਇਸ ਤਰ੍ਹਾਂ ਸਿੱਧਾਂ ਵੱਲੋਂ ਵੀ ਆਪਣੀਆਂ ਤਾਂਤ੍ਰਿਕ ਸ਼ਕਤੀਆਂ ਨਾਲ ਆਪਣੇ ਵਾਲੀ ਸਾਈਡ ਦੇ ਰੀਠੇ ਮਿੱਠੇ ਕਰਨ ਲਈ ਹੱਥ-ਪੱਲੇ ਮਾਰੇ ਗਏ ਪਰ ਗੁਰੂ ਨਾਨਕ ਸਾਹਿਬ ਦੇ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਦਰੱਖ਼ਤ ਤਾਂ ਦੁਨੀਆਂ ਵਿਚ ਹੋਰ ਵੀ ਬਹੁਤ ਹਨ। ਬਹੁਤ ਸੁੰਦਰ ਅਤੇ ਸਜੀਲੇ ਵੀ ਹਨ। ਪਰ ਜਿਹੜੇ ਦਰੱਖ਼ਤ ਉਪਰ ਬਾਬੇ ਨਾਨਕ ਦੀ ਕਿਰਪਾ-ਦ੍ਰਿਸ਼ਟੀ ਹੋ ਗਈ, ਉਸ ਦਾ ਫ਼ਲ ਨਾ ਸਿਰਫ਼ ਕੌੜੇ ਤੋਂ ਮਿੱਠਾ ਹੀ ਹੋਇਆ, ਸਗੋਂ ਨਾਨਕ ਨਾਮ-ਲੇਵਾ ਸੰਗਤਾਂ ਦੇ ਸਤਿਕਾਰ ਦਾ ਪਾਤਰ ਵੀ ਬਣ ਗਿਆ। ਇਸ ਪਾਤਰਤਾ ਕਾਰਨ ਹੀ ਸੰਗਤਾਂ ਇਸ ਰੀਠੇ ਨੂੰ ਰੀਠਾ ਸਾਹਿਬ ਆਖ ਕੇ ਪਿਆਰਦੀਆਂ ਅਤੇ ਸਤਿਕਾਰਦੀਆਂ ਹਨ।

---

# ਅੰਕੜਿਆਂ ਦੇ ਆਧਾਰ 'ਤੇ ਹੋਣੇ ਚਾਹੀਦੇ ਹਨ ਭਾਸ਼ਾ ਸਬੰਧੀ ਫ਼ੈਸਲੇ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਵਿਕਸਤ ਮੁਲਕਾਂ ਵਿਚ ਭਾਸ਼ਾ ਸਬੰਧੀ ਕੋਈ ਵੀ ਫ਼ੈਸਲੇ ਤੱਥਾਂ, ਅੰਕੜਿਆਂ 'ਤੇ ਆਧਾਰਿਤ ਹੁੰਦੇ ਹਨ। ਕਿਹੜੀ ਲਾਇਬਰੇਰੀ ਵਿਚ ਕਿਹੜੀ ਭਾਸ਼ਾ ਦੀਆਂ ਕਿੰਨੀਆਂ ਕਿਤਾਬਾਂ ਉਪਲਬਧ ਹੋਣਗੀਆਂ, ਇਹ ਮੰਗ 'ਤੇ ਨਿਰਭਰ ਕਰਦਾ ਹੈ। ਕੈਨੇਡਾ ਦੀਆਂ ਲਾਇਬਰੇਰੀਆਂ ਵਿਚ ਪੰਜਾਬੀ ਦੀਆਂ ਕਿਤਾਬਾਂ ਇਸ ਲਈ ਰੱਖੀਆਂ ਜਾਂਦੀਆਂ ਹਨ ਕਿਉਂਕਿ ਪੰਜਾਬੀ ਪੜ੍ਹਨ ਵਾਲੇ ਪਾਠਕ ਉਨ੍ਹਾਂ ਦੀ ਮੰਗ ਕਰਦੇ ਹਨ। ਜਿਸ ਇਲਾਕੇ ਵਿਚ, ਜਿਸ ਸ਼ਹਿਰ ਵਿਚ ਪੰਜਾਬੀਆਂ ਦੀ ਜਿੰਨੀ ਵਸੋਂ ਹੋਵੇਗੀ, ਉਸ ਅਨੁਪਾਤ ਅਨੁਸਾਰ ਪੁਸਤਕਾਂ ਮੰਗਵਾਈਆਂ ਜਾਣਗੀਆਂ। ਬੋਰਡ ਪੰਜਾਬੀ ਵਿਚ ਲਿਖੇ ਜਾਣਗੇ। ਬੱਚਿਆਂ ਲਈ ਪੰਜਾਬੀ ਪੜ੍ਹਨ ਦਾ ਪ੍ਰਬੰਧ ਕੀਤਾ ਜਾਵੇਗਾ। ਕਿਸੇ ਨੂੰ ਕਹਿਣ ਦੀ ਲੋੜ ਨਹੀਂ, ਕਿਸੇ ਨੂੰ ਸਮਝਾਉਣ ਦੀ ਜ਼ਰੂਰਤ ਨਹੀਂ। ਕੈਨੇਡਾ ਵਿਚ ਅਕਸਰ ਦੁਨੀਆਂ ਭਰ ਦੀਆਂ ਭਾਸ਼ਾਵਾਂ ਦਾ ਇਸ ਪੱਖੋਂ ਦਰਜਾ ਉਪਰ ਹੇਠਾਂ ਹੁੰਦਾ ਰਹਿੰਦਾ ਹੈ। ਦਰਜਾ ਉਪਰ ਹੋਣ ਨਾਲ ਸਬੰਧਤ ਵਰਗ ਨੂੰ ਖ਼ੁਸ਼ੀ ਹੁੰਦੀ ਹੈ। ਦਰਜਾ ਘੱਟਣ ਨਾਲ ਮਾਯੂਸੀ। ਪਰੰਤੂ ਰੋਸ ਕੋਈ ਨਹੀਂ ਹੁੰਦਾ ਕਿਉਂਕਿ ਸਭ ਅਦਲ-ਬਦਲ ਅੰਕੜਿਆਂ ਦੇ ਆਧਾਰ 'ਤੇ ਹੋ ਰਿਹਾ ਹੁੰਦਾ ਹੈ। ਇਹੀ ਸਥਿਤੀ ਸਰਕਾਰੀ ਰੇਡੀਓ ਟੈਲੀਵਿਜ਼ਨ ਤੋਂ ਵੱਖ-ਵੱਖ ਭਾਸ਼ਾਵਾਂ ਦੇ ਪ੍ਰੋਗਰਾਮਾਂ ਅਤੇ ਖ਼ਬਰ ਬੁਲਿਟਨਾਂ ਦੇ ਪ੍ਰਸਾਰਨ ਦੀ ਹੁੰਦੀ ਹੈ। ਕਮਿਊਨਿਟੀ ਰੇਡੀਓ ਤੋਂ ਵੱਖ-ਵੱਖ ਭਾਸ਼ਾਵਾਂ ਦੇ ਸਰੋਤਿਆਂ ਦੀ ਗਿਣਤੀ ਦੇ ਹਿਸਾਬ ਨਾਲ ਪ੍ਰੋਗਰਾਮਾਂ ਲਈ ਸਮਾਂ ਨਿਸ਼ਚਿਤ ਕੀਤਾ ਜਾਂਦਾ ਹੈ।




ਪੰਜਾਬ ਦੀ ਵਸੋਂ ਦਾ ਅਤੇ ਭਾਸ਼ਾਈ ਨਕਸ਼ਾ ਦਿਨੋਂ-ਦਿਨ ਬਦਲ ਰਿਹਾ ਹੈ। ਇਸ ਪਿੱਛੇ ਪਰਵਾਸ ਅਤੇ ਪ੍ਰਸਥਾਨ ਦਾ ਰੁਝਾਨ ਕਾਰਜਸ਼ੀਲ ਹੈ। ਇਥੇ ਬੜਾ ਕੁਝ ਬਦਲ ਰਿਹਾ ਹੈ, ਬੜਾ ਕੁਝ ਬਦਲੇਗਾ। ਜਿਸ ਵਿਚ ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਦੀ ਪ੍ਰਮੁੱਖ ਭੂਮਿਕਾ ਰਹੇਗੀ। ਕਿਤੇ ਪੰਜਾਬੀ ਖ਼ਬਰਾਂ ਬੰਦ ਹੋ ਰਹੀਆਂ ਹਨ, ਕਿਤੇ ਪੰਜਾਬੀ ਵਿਸ਼ਾ ਬੰਦ ਹੋ ਰਿਹਾ ਹੈ। ਪੰਜਾਬੀ ਲੋਕ ਆਪਣੀ ਭਾਸ਼ਾ, ਆਪਣੀ ਬੋਲੀ ਪ੍ਰਤੀ ਹਮੇਸ਼ਾ ਅਵੇਸਲੇ ਰਹੇ ਹਨ। ਇਨ੍ਹਾਂ ਦੀ ਬਿਰਤੀ ਬਦਲਾਅ ਵਾਲੀ, ਤਬਦੀਲੀ ਵਾਲੀ, ਪਰਵਾਸ ਵਾਲੀ, ਪ੍ਰਸਥਾਨ ਵਾਲੀ ਰਹੀ ਹੈ। ਇਹ ਤੇਜ਼ੀ ਨਾਲ ਆਪਣਾ ਥਾਂ-ਟਿਕਾਣਾ, ਆਪਣਾ ਰਹਿਣ-ਸਹਿਣ ਬਦਲਣ ਦੇ ਆਦੀ ਰਹੇ ਹਨ। ਸਕੂਲਾਂ, ਕਾਲਜਾਂ, ਪਿੰਡਾਂ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲਓ, ਸਰਵੇ ਕਰੋ, ਅੰਕੜੇ ਇਕੱਤਰ ਕਰੋ, ਤੁਹਾਨੂੰ ਤਸਵੀਰ ਸਪੱਸ਼ਟ ਹੋ ਜਾਵਗੀ।

ਦਿੱਲੀ, ਚੰਡੀਗੜ੍ਹ ਤੋਂ ਪੰਜਾਬੀ ਖ਼ਬਰਾਂ ਬੰਦ ਕਰਨ ਦੀ ਕਾਫ਼ੀ ਚਰਚਾ ਹੋ ਰਹੀ ਹੈ। ਮਹਿਕਮੇ ਦਾ ਕਹਿਣਾ ਹੈ ਕਿ ਇਹ ਰੁਟੀਨ ਦਾ ਅਦਲ-ਬਦਲ ਹੈ। ਕੁਝ ਸਟਾਫ਼ ਨੂੰ ਚੰਡੀਗੜ੍ਹ ਤੋਂ ਜਲੰਧਰ ਤਬਦੀਲ ਕੀਤਾ ਜਾ ਰਿਹਾ ਹੈ। ਕੁਝ ਤਬਦੀਲੀਆਂ ਹਰਿਆਣੇ ਵਿਚ ਕੀਤੀਆਂ ਜਾ ਰਹੀਆਂ ਹਨ।

ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚੋਂ ਪੰਜਾਬੀ ਵਿਸ਼ੇ ਨਾਲ ਸਬੰਧਤ ਖ਼ਬਰਾਂ ਆ ਰਹੀਆਂ ਹਨ। ਅਜਿਹੇ ਫ਼ੈਸਲੇ ਅੰਕੜਿਆਂ ਦੇ ਆਧਾਰ 'ਤੇ ਕਰ ਲਏ ਜਾਣ, ਤਾਂ ਨਾ ਕਿਸੇ ਨੂੰ ਇਤਰਾਜ਼ ਹੋਵੇਗਾ, ਨਾ ਪ੍ਰੇਸ਼ਾਨੀ। ਚੰਡੀਗੜ੍ਹ ਅਤੇ ਦਿੱਲੀ ਵਿਚ ਅਤੇ ਨਾਲ ਲੱਗਦੇ ਇਲਾਕਿਆਂ ਵਿਚ ਪੰਜਾਬੀ ਖ਼ਬਰਾਂ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਕਿੰਨੀ ਹੈ, ਉਸ ਆਧਾਰ 'ਤੇ ਅੰਤਮ ਫ਼ੈਸਲਾ ਕਰ ਲਿਆ ਜਾਵੇ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਇਸ ਨਾਲ ਸਬੰਧਤ ਕਾਲਜਾਂ 'ਚ ਪੰਜਾਬੀ ਵਿਸ਼ਾ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇਨਜ਼ਰ ਫ਼ੈਸਲਾ ਲੈਣ ਦੀ ਲੋੜ ਹੈ। ਇਤਰਾਜ਼ ਉਦੋਂ ਹੁੰਦਾ ਹੈ, ਜਦੋਂ ਅਜਿਹੇ ਫ਼ੈਸਲੇ ਜਾਣਬੁੱਝ ਕੇ ਲਏ ਜਾਂਦੇ ਹਨ। ਅੰਕੜੇ ਬੋਲਣ ਚਾਹੀਦੇ ਹਨ। ਅਜਿਹੇ ਫ਼ੈਸਲੇ ਪਾਰਦਰਸ਼ੀ ਢੰਗ ਨਾਲ ਲਏ ਜਾਣ, ਤਾਂ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ।

ਮੈਨੂੰ ਯਾਦ ਹੈ ਇਕ ਵਾਰ ਇਕ ਕਾਲਜ ਵਿਚ ਹਿਸਾਬ ਵਿਸ਼ੇ ਦੇ ਵਿਦਿਆਰਥੀ ਨਾ ਰਹੇ। ਜਦ ਵਿਦਿਆਰਥੀ ਨਾ ਰਹੇ, ਤਾਂ ਉਸ ਵਿਸ਼ੇ ਦੇ ਪ੍ਰੋਫੈਸਰ ਦੀ ਲੋੜ ਵੀ ਨਾ ਰਹੀ। ਉਸਨੂੰ ਤੁਰੰਤ ਦੂਸਰੇ ਸ਼ਹਿਰ ਦੇ ਕਾਲਜ ਵਿਖੇ ਭੇਜ ਦਿੱਤਾ ਗਿਆ, ਜਿੱਥੇ ਹਿਸਾਬ ਵਿਸ਼ੇ ਦੇ ਕਾਫ਼ੀ ਵਿਦਿਆਰਥੀ ਸਨ।

ਮੇਰੀ ਜਾਣਕਾਰੀ ਅਨੁਸਾਰ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਵਿਚ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੈ। ਸ਼ਾਇਦ ਇਸੇ ਲਈ ਯੂਨੀਵਰਸਿਟੀ ਨੂੰ ਆਪਣਾ ਫ਼ੈਸਲਾ ਤੁਰੰਤ ਬਦਲਣਾ ਪਿਆ ਹੈ।

ਇਸੇ ਤਰ੍ਹਾਂ ਅਜੇ ਦਿੱਲੀ ਅਤੇ ਚੰਡੀਗੜ੍ਹ 'ਚ ਪੰਜਾਬੀ ਬੋਲਣ, ਸੁਣਨ ਵਾਲੇ ਲੋਕ ਵੱਡੀ ਗਿਣਤੀ ਵਿਚ ਹਨ। ਲੋੜ ਹੋਵੇ ਤਾਂ ਸਬੰਧਤ ਮਹਿਕਮੇ ਸਰਵੇ ਕਰਵਾ ਸਕਦੇ ਹਨ ਅਤੇ ਉਸ ਅਨੁਸਾਰ ਬੁਲਿਟਨ ਜਾਰੀ ਰੱਖਣ ਜਾਂ ਬੰਦ ਕਰਨ ਦਾ ਫ਼ੈਸਲਾ ਲੈ ਸਕਦੇ ਹਨ।

ਚੰਡੀਗੜ੍ਹ ਵਿਖੇ 55 ਸਾਲ ਤੋਂ ਅਤੇ ਦਿੱਲੀ ਵਿਖੇ 70 ਸਾਲ ਤੋਂ ਪੰਜਾਬੀ ਯੂਨਿਟ ਕਾਰਜਸ਼ੀਲ ਸਨ। ਹੁਣ ਇਨ੍ਹਾਂ ਨੂੰ ਜਲੰਧਰ ਸ਼ਿਫਟ ਕਰ ਦਿੱਤਾ ਗਿਆ ਹੈ। ਪ੍ਰਸਾਰ ਭਾਰਤੀ ਵੱਲੋਂ ਸਪੱਸ਼ਟੀਕਰਨ ਆਇਆ ਹੈ ਕਿ ਬਾਵਜੂਦ ਇਸਦੇ ਸਾਰੇ ਪੰਜਾਬੀ ਖ਼ਬਰ ਬੁਲਿਟਨ, ਤਿੰਨ ਕੌਮੀ ਬੁਲਿਟਨ ਦਿੱਲੀ ਤੋਂ ਅਤੇ ਦੋ ਖ਼ੇਤਰੀ ਬੁਲਿਟਨ ਚੰਡੀਗੜ੍ਹ ਤੋਂ ਪਹਿਲਾਂ ਵਾਂਗ ਜਾਰੀ ਰਹਿਣਗੇ।

ਭਾਰਤ ਵਿਚ ਆਕਾਸ਼ਵਾਣੀ ਦੀ ਕਾਰਗੁਜ਼ਾਰੀ ਦਾ ਮਾਣਮੱਤਾ ਇਤਿਹਾਸ ਹੈ। ਬੀਤੇ 50 ਸਾਲਾਂ ਦੌਰਾਨ ਅਨੇਕਾਂ ਉਤਰਾਅ-ਚੜ੍ਹਾਅ ਆਉਣ ਦੇ ਬਾਵਜੂਦ ਇਸਨੇ ਆਪਣੀ ਪ੍ਰਸੰਗਕਤਾ ਅਤੇ ਮਹੱਤਵ ਨੂੰ ਬਰਕਰਾਰ ਰੱਖਿਆ ਹੈ।


(ਕਹਾਣੀ)

# ਕਸ਼ਮੀਰ ਘਾਟੀ

ਸ਼ਿਵਚਰਨ ਜੱਗੀ ਕੁੱਸਾ
(Punjab Mail USA)





ਕਸ਼ਮੀਰ ਘਾਟੀ ਵਿਚ ਸ਼ਾਂਤੀ ਨਹੀਂ ਹੋ ਰਹੀ ਸੀ। ਨਿਰਦੋਸ਼ੇ ਅਤੇ ਗ਼ਰੀਬ ਲੋਕ ਪ੍ਰੇਸ਼ਾਨੀ ਦੀ ਦੂਹਰੀ ਚੱਕੀ ਵਿਚ ਪੀਸੇ ਜਾ ਰਹੇ ਸਨ। ਕਰਫ਼ਿਊ ਦੀ ਸਖ਼ਤੀ ਦੇ ਦਿਨਾਂ ਵਿਚ ਕਈ-ਕਈ ਦਿਨ ਬੇਜ਼ੁਬਾਨੇ ਪਸ਼ੂ ਖੁਰਨੀਆਂ 'ਤੇ ਭੁੱਖੇ ਖੜ੍ਹੇ, ਬੇਈਮਾਨ ਸਰਕਾਰਾਂ ਦੀ ਜਾਨ ਨੂੰ ਰੋਂਦੇ, ਅੜਿੰਗੀ ਜਾਂਦੇ। ਅਚਾਨਕ ਕਰਫ਼ਿਊ ਲੱਗਣ ਕਾਰਨ ਉਨ੍ਹਾਂ ਦੇ ਮਾਲਕ ਉਨ੍ਹਾਂ ਲਈ ਪੱਠੇ ਜਾਂ ਚਾਰਾ ਲੈਣ ਲਈ ਬਾਹਰ ਨਹੀਂ ਜਾ ਸਕਦੇ ਸਨ। ਬੇਕਿਰਕ ਅਤੇ ਤਮਾਸ਼ਬੀਨ ਸਰਕਾਰਾਂ ਉਨ੍ਹਾਂ ਦੇ ਕਰਮਾਂ ਵਿਚ "ਭੁੱਖੇ ਮਰਨਾ" ਹੀ ਲਿਖ ਦਿੰਦੀਆਂ।

ਗੇਂਦੂ ਦਾ ਛੇ ਸਾਲ ਦਾ ਬੱਚਾ ਧੰਨੂ ਬਾਹਰ ਖੇਡਣ ਗਿਆ ਵਾਪਸ ਘਰ ਨਹੀਂ ਆਇਆ ਸੀ। ਸ਼ਾਇਦ ਕਰਫ਼ਿਊ ਵਿਚ ਕਿਤੇ ਫ਼ਸ ਗਿਆ ਸੀ। ਗੇਂਦੂ ਦਾ ਦੋ ਕਮਰਿਆਂ ਦਾ ਇੱਕ ਅਧੇੜ ਜਿਹਾ ਘਰ ਸੀ, ਜਿਸ ਵਿਚ ਇੱਕ ਪਾਸੇ ਉਸ ਦਾ ਟੱਬਰ ਸੌਂ ਜਾਂਦਾ ਅਤੇ ਦੂਜੇ ਪਾਸੇ ਉਸ ਦੀ ਲਵੇਰੀ ਗਊ ਅਤੇ ਵੱਛਾ ਬੰਨ੍ਹੇ ਹੁੰਦੇ। ਗੇਂਦੂ ਦਾ ਪਰਿਵਾਰ ਨਿੱਤ ਕਿਰਤ ਕਰ ਕੇ ਖਾਣ ਵਾਲ਼ਾ ਬੜਾ ਗਰੀਬ ਪਰਿਵਾਰ ਸੀ। ਗੇਂਦੂ ਰੇੜ੍ਹੀ ਉਪਰ ਫਲ਼ ਅਤੇ ਸਬਜ਼ੀ ਵੇਚਦਾ ਅਤੇ ਉਸ ਦੀ ਘਰਵਾਲ਼ੀ ਬੰਨੋਂ, ਲੋਕਾਂ ਦੇ ਘਰ ਦਾ ਕੰਮ ਕਰ ਕੇ ਚਾਰ ਪੈਸੇ ਕਮਾ ਲੈਂਦੀ।

ਪਰ ਹੁਣ ਸਖ਼ਤ ਕਰਫ਼ਿਊ ਲੱਗਣ ਕਾਰਨ ਉਨ੍ਹਾਂ ਦਾ ਸਾਰਾ ਢਾਂਚਾ ਹੀ ਖੜ੍ਹ ਗਿਆ ਸੀ।

-"ਗੰਦੀ ਔਲ਼ਾਦ ਵੀ ਨਾ ਜੰਮੇਂ ਕਿਸੇ ਦੇ, ਕਿੰਨੀ ਵਾਰੀ ਪਿੱਟੀ ਆਂ ਮੈਂ, ਬਈ ਬਾਹਰ ਨਾ ਜਾਇਆ ਕਰੋ, ਚੰਦਰੇ 'ਕਲਫੂ' ਦਾ ਕੋਈ ਪਤਾ ਨੀ ਬਈ ਕਦੋਂ ਲੱਗਜੇ, ਪਰ ਕਾਹਨੂੰ ਸੁਣਦੇ ਐ? ਲਹੂ ਪੀਂਦੇ ਐ ਥੇਹ ਹੋਣੇ...!" ਬੰਨੋਂ ਦੀਆਂ ਅੱਖਾਂ ਕਿਸੇ ਟੱਪ ਵਾਂਗ ਚੋਅ ਰਹੀਆਂ ਸਨ। ਉਹ ਦੁਹੱਥੜ ਮਾਰ ਕੇ ਪਿੱਟਣ ਵਾਲ਼ੀ ਹੋਈ ਪਈ ਸੀ। ਮਾਂ ਦੀ ਮਮਤਾ ਉਸ ਅੰਦਰ ਵੈਣ ਪਾਈ ਜਾ ਰਹੀ ਸੀ।

-"ਜਾਹ ਬਾਹਰ ਜਾ ਕੇ ਪਤਾ ਕਰਲਾ ਧੰਨੂ ਦੇ ਬਾਪੂ...! ਪਤਾ ਨੀ ਕਿੱਥੇ ਫ਼ਸਿਆ ਬੈਠਾ ਹੋਣੈ ਜੁਆਕ...?"

-"ਬਾਹਰ ਤਾਂ ਪਤੰਦਰ 'ਕਲਫੂ' ਠੋਕੀ ਬੈਠੇ ਐ, ਜਾਵਾਂ ਕਿਹੜੇ ਪਾਸੇ...? ਜਦੋਂ ਬਾਹਰ ਨਿਕਲ਼ੀਦੈ, ਗੋਲ਼ੀ ਮਾਰਨ ਆਉਂਦੇ ਐ..!" ਗੇਂਦੂ ਨੇ ਆਪਣਾ ਡਰ ਦੱਸਿਆ। ਕਰਫ਼ਿਊ ਦੌਰਾਨ ਸਬਜ਼ੀ ਵੇਚਦਾ ਉਹ ਕਈ ਵਾਰ ਪੁਲਿਸ ਅਤੇ ਸੀ.ਆਰ.ਪੀ. ਦੀ ਕੁੱਟ ਖਾ ਚੁੱਕਾ ਸੀ। ਬੰਨੋ ਨਿਰਾਸ਼ਤਾ ਵਿਚ ਲੰਮਾ ਸਾਹ ਖਿੱਚ ਕੇ ਬੈਠ ਗਈ ਅਤੇ ਉਸ ਦਾ ਮੁੜ ਬੇਵੱਸੀ ਵਿਚ ਰੋਣ ਨਿਕਲ਼ ਗਿਆ। ਉਸ ਦਾ ਦਿਲ ਪੁੱਤ ਕੋਲ਼ ਉਡ ਕੇ ਚਲੀ ਜਾਣ ਨੂੰ ਕਰਦਾ ਸੀ, ਘੁੱਟ ਕੇ ਹਿੱਕ ਨਾਲ਼ ਲਾਉਣ ਨੂੰ ਕਰਦਾ ਸੀ। ਉਸ ਦੀ ਆਤਮਾ ਅੰਦਰੋਂ ਲਹੂ ਲੁਹਾਣ ਹੋਈ, ਕੁਰਲਾਈ ਜਾ ਰਹੀ ਸੀ।

ਸ਼ਾਮ ਹੋਈ ਤਾਂ ਭੁੱਖਾ ਤਿਹਾਇਆ ਗਾਂ ਦਾ ਵੱਛਾ ਵੀ ਸੰਗਲ਼ੀ ਤੁੜਾ ਕੇ ਬਾਹਰ ਨਿਕਲ਼ ਗਿਆ। ਕਰਫ਼ਿਊ ਲੱਗਿਆ ਹੋਣ ਕਾਰਨ ਵੱਛਾ ਫ਼ੜਿਆ ਨਾ ਜਾ ਸਕਿਆ। ਮੋਹ-ਮਮਤਾ ਵਿਚ ਗਾਂ ਨੇ ਵੀ ਕਿੱਲੇ 'ਤੇ ਗੇੜਾ ਬੰਨ੍ਹ ਲਿਆ। ਕੀ ਹੋ ਗਿਆ ਉਹ ਪਸ਼ੂ ਸੀ, ਸੀ ਤਾਂ ਅਕਸਰ ਮਾਂ ਹੀ!

ਮੂੰਹ ਹਨ੍ਹੇਰਾ ਜਿਹਾ ਹੋਇਆ ਤਾਂ ਗੇਂਦੂ ਨੇ ਲੱਕੜ ਦਾ ਛੋਟਾ ਜਿਹਾ ਦਰਵਾਜਾ ਖੋਲ੍ਹ ਕੇ ਬਾਹਰ ਦੇਖਿਆ। ਦੂਰ-ਦੂਰ ਤੱਕ ਸੁੰਨ-ਮਸਾਣ ਪਸਰੀ ਪਈ ਸੀ। ਹਥਿਆਰਬੰਦ ਸੀ.ਆਰ.ਪੀ. ਗਸ਼ਤ ਕਰ ਰਹੀ ਸੀ। ਬੂਟਾਂ ਦੀ "ਟੱਪ-ਟੱਪ" ਸੁਣ ਕੇ ਕਾਲ਼ਜਾ ਨਿਕਲ਼ਦਾ ਸੀ। ਗੇਂਦੂ ਦਾ ਦਿਲ ਧੜ੍ਹਕਿਆ ਅਤੇ ਉਸ ਨੇ ਦਰਵਾਜ਼ਾ ਬੰਦ ਕਰ ਲਿਆ। ਟੇਕ ਤਾਂ ਉਸ ਨੂੰ ਵੀ ਨਹੀਂ ਆ ਰਹੀ ਸੀ। ਉਸ ਦੇ ਦਿਲ ਦਾ ਟੁਕੜਾ ਪਤਾ ਨਹੀਂ ਕਿੱਥੇ ਅਤੇ ਕਿਸ ਹਾਲਤ ਵਿਚ ਸੀ?

ਆਟਾ ਉਨ੍ਹਾਂ ਘਰ ਹੈ ਨਹੀਂ ਸੀ। ਰਾਤ ਨੂੰ ਬੰਨੋ ਨੇ ਦੂਜੇ ਜੁਆਕਾਂ ਨੂੰ ਫਲ਼ ਕੱਟ ਕੇ ਦੇ ਦਿੱਤੇ। ਗੇਂਦੂ ਅਤੇ ਬੰਨੋ ਨੇ ਵੀ "ਕਾਲ਼ਜਾ ਧਾਫ਼ੜ" ਲਿਆ। ਪੁੱਤ ਬੰਨੋ ਦੇ ਦਿਲ ਤੋਂ ਨਹੀਂ ਉੱਤਰ ਰਿਹਾ ਸੀ। ਉਸ ਦੇ ਹੌਲ ਪੈਣ ਵਾਲ਼ਾ ਹੋਇਆ ਪਿਆ ਸੀ।

-"ਪਤਾ ਨੀ ਧੰਨੂ ਨੇ ਕੁਛ ਖਾਧਾ ਹੋਊ ਕਿ ਨਹੀਂ...?" ਸੇਬ ਦੀ ਫਾੜੀ ਬੰਨੋ ਦੇ ਮੂੰਹ ਵਿਚ "ਅੱਕ" ਬਣ ਗਈ ਅਤੇ ਉਸ ਨੇ ਬਾਹਰ ਥੁੱਕ ਦਿੱਤੀ। ਗਾਂ ਕਿੱਲੇ 'ਤੇ ਗੇੜੇ ਦੇ-ਦੇ ਕੇ ਥੱਕ ਗਈ ਸੀ। ਖੁਰਨੀ ਵਿਚ ਪਏ ਪੱਠਿਆਂ ਵੱਲ ਉਸ ਨੇ ਸਾਰਾ ਦਿਨ ਨੱਕ ਨਾ ਕੀਤਾ ਅਤੇ ਥੱਕ ਹਾਰ ਕੇ ਖੁਰਨੀ ਕੋਲ਼ ਬੈਠੀ ਨਹੀਂ, ਇੱਕ ਤਰ੍ਹਾਂ ਨਾਲ਼ ਡਿੱਗ ਪਈ ਸੀ। ਉਹ ਅੱਖਾਂ ਪੁੱਠੀਆਂ ਕਰੀ, ਖੁਰਨੀ ਨਾਲ਼ ਢੋਅ ਲਾ ਕੇ ਬੇਹੱਦ ਉਦਾਸ ਬੈਠੀ ਸੀ।

ਸਾਰੀ ਰਾਤ ਲੰਘ ਗਈ। ਜਦ ਦਰਵਾਜ਼ੇ ਵੱਲ ਮਾੜਾ ਜਿਹਾ ਵੀ ਖੜਕਾ ਹੁੰਦਾ, ਤਾਂ ਗਾਂ ਨਾਸਾਂ ਫ਼ੈਲਾਅ ਅਤੇ ਕੰਨ ਚੁੱਕ ਕੇ ਤੁਰੰਤ ਉਧਰ ਦੇਖਦੀ। ਇਹੀ ਹਾਲ ਬੰਨੋ ਦਾ ਸੀ। ਉਹ ਵੀ ਮੰਜੇ 'ਤੇ ਪਈ ਵਾਰ-ਵਾਰ ਸਿਰ ਚੁੱਕ ਕੇ ਦਰਵਾਜ਼ੇ ਵੱਲ ਤੱਕਦੀ। ਉਸ ਦੇ ਕੰਨ ਵੀ ਦਰਵਾਜ਼ੇ ਵੱਲ ਲੱਗੇ ਹੋਏ ਸਨ।

ਅਗਲਾ ਸਾਰਾ ਦਿਨ ਲੰਘ ਗਿਆ ਅਤੇ ਮੁੜ ਰਾਤ ਆ ਪਈ।

ਗੇਂਦੂ ਨੇ ਗਾਂ ਨੂੰ ਸਵੇਰੇ ਵੀ ਪੱਠੇ ਪਾਏ ਸਨ ਅਤੇ ਦਿਨ ਢਲਣ 'ਤੇ ਸੰਨ੍ਹੀਂ ਵੀ ਰਲ਼ਾਈ ਸੀ। ਪਰ ਗਾਂ ਨੇ ਅੱਖ ਪੱਟ ਕੇ ਵੀ ਨਾ ਦੇਖਿਆ। ਗੇਂਦੂ ਨੇ ਦੋ ਵਾਰ ਬੱਠਲ਼ ਵਿਚ ਪਾਣੀ ਪਾ ਕੇ ਗਾਂ ਅੱਗੇ ਰੱਖਿਆ, ਪਰ ਗਾਂ ਨੇ ਪਾਣੀ ਪੀਣਾਂ ਤਾਂ ਕੀ ਸੀ, ਸੁੰਘਿਆ ਤੱਕ ਨਹੀਂ! ਉਹ ਸਿਰ ਸੁੱਟੀ, ਘੋਰ ਉਦਾਸ ਖੁਰਨੀ ਨਾਲ਼ ਸਿਰ ਲਾਈ ਬੈਠੀ ਸੀ। ਬੰਨੋ ਨੇ ਵੀ ਕੁਛ ਖਾਧਾ ਪੀਤਾ ਨਹੀਂ ਸੀ।

-"ਆਹ ਟੁੱਟ ਪੈਣਾ 'ਕਲਫੂ' ਪਤਾ ਨੀ ਕਦੋਂ ਚੱਕਣਗੇ ਔਤਾਂ ਦੇ ਜਾਣੇ...!" ਬੇਵੱਸ ਬੰਨੋ ਦਾ ਫ਼ਿਰ ਰੋਣ ਨਿਕਲ਼ ਗਿਆ।

-"ਗਾਂ ਨੂੰ ਪੱਠੇ ਪਾ ਦੇ...!" ਉਸ ਨੇ ਢੇਰੀ ਜਿਹੀ ਢਾਹੀ ਬੈਠੇ ਪਤੀ ਦੇਵ ਨੂੰ ਕਿਹਾ।

-"ਖਾਂਦੀ ਨੀ...! ਵੱਛੇ ਦਾ ਇਹ ਵੀ ਬਾਹਲ਼ਾ ਦਰੇਗ ਕਰਗੀ, ਪਰਸੋਂ ਦੀ ਨੇ ਕੁਛ ਨੀ ਮੂੰਹ 'ਤੇ ਧਰਿਆ..!"

-"ਫ਼ੇਰ ਵੀ ਮਾਂ ਐਂ ਨ੍ਹਾਂ...?" ਬੰਨੋ ਨੇ ਆਪਣੇ ਆਪ ਨਾਲ਼ ਗੱਲ ਕੀਤੀ। ਪਰ ਮੂੰਹੋਂ ਉਹ ਚੁੱਪ ਸੀ।

ਤੀਜਾ ਦਿਨ ਆ ਗਿਆ ਸੀ। ਦਿਨ ਵੀ ਢਲ਼ ਗਿਆ ਸੀ। ਪਰ ਕਰਫ਼ਿਊ ਨਾ ਚੁੱਕਿਆ ਗਿਆ। ਬੰਨੋ ਚੁੱਲ੍ਹੇ ਕੋਲ਼ ਅਤੇ ਗਾਂ ਖੁਰਨੀ ਕੋਲ਼ ਭੁੱਖੀਆਂ-ਧਿਹਾਈਆਂ ਬੁੱਤ ਬਣੀਆਂ ਬੈਠੀਆਂ ਸੀ। ਗੇਂਦੂ ਅਲਾਣੀ ਮੰਜੀ 'ਤੇ ਮੁਰਕੜੀ ਜਿਹੀ ਮਾਰੀ ਬੈਠਾ ਸੀ। ਬੱਚੇ ਬਾਟੀਆਂ ਵਿਚ ਚਾਹ ਪੀ ਰਹੇ ਸਨ। ਗੇਂਦੂ, ਬੰਨੋ ਅਤੇ ਗਾਂ, ਤਿੰਨਾਂ ਦੀ ਭੁੱਖ-ਪਿਆਸ ਮਰੀ ਪਈ ਸੀ। ਸੋਚਾਂ ਸੋਚਦਿਆਂ ਅਤੇ ਉਡੀਕਦਿਆਂ ਸੂਰਜ ਛੁਪ ਗਿਆ। ਨਾ ਕਰਫ਼ਿਊ ਹੀ ਚੁੱਕਿਆ ਗਿਆ ਅਤੇ ਨਾ ਹੀ ਉਨ੍ਹਾਂ ਦੇ ਬੱਚੇ ਜਾਂ ਵੱਛੇ ਦੀ ਉੱਘ-ਸੁੱਘ ਨਿਕਲ਼ੀ। ਇੱਕ ਦਮ ਜਿਵੇਂ ਰਾਤ ਪੈ ਗਈ ਸੀ। ਹਨ੍ਹੇਰਾ ਅਸਮਾਨੋਂ ਛਾਲ਼ਾਂ ਮਾਰਦਾ ਧਰਤੀ 'ਤੇ ਆ ਉਤਰਿਆ। ਸਾਰੇ ਘਰ ਵਿਚ ਸੋਗ ਦਾ ਮਾਹੌਲ ਸੀ। ਸਾਰੇ ਚੁੱਪਚਾਪ, ਸੁੰਨ ਹੋਏ ਬੈਠੇ ਸਨ। ਗਾਂ ਵੀ ਧਰਤੀ 'ਤੇ ਬੂਥ ਰੱਖੀ, ਬੁੱਝੀਆਂ ਅੱਖਾਂ ਨਾਲ਼ ਸੁੰਨੇ ਵਿਹੜ੍ਹੇ ਵਿਚ ਝਾਕ ਰਹੀ ਸੀ, ਉਸ ਨੂੰ ਆਪਣੀਆਂ ਅੱਖਾਂ ਦਾ ਤਾਰਾ ਨਹੀਂ ਦਿਸ ਰਿਹਾ ਸੀ। ਕਿਸੇ ਨੇ ਕੁਝ ਨਹੀਂ ਖਾਧਾ ਸੀ। ਬੱਸ, ਸਿਰਫ਼ ਬੰਨੋ ਨੇ ਆਪਣੇ ਦੋ ਬੱਚਿਆਂ ਨੂੰ ਘਰੇ ਪਏ ਫਲ਼ ਜ਼ਰੂਰ ਕੱਟ ਕੇ ਖੁਆ ਦਿੱਤੇ ਸਨ। ਅਚਾਨਕ ਗਾਂ ਨੂੰ ਬਾਹਰੋਂ ਵੱਛੇ ਦੇ ਰੰਭਣ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਕਨਸੋਅ ਲੈਣ ਲਈ ਕੰਨ ਚੁੱਕ ਲਏ। ਨਾਸਾਂ ਫ਼ੈਲਾਅ ਲਈਆਂ। ਦੂਰ ਕਿਤੇ ਵੱਛਾ ਫ਼ਿਰ ਰੰਭਿਆ। ਅਪਣੱਤ ਭਰੀ ਅਵਾਜ਼ ਸੁਣ ਕੇ ਗਾਂ ਬਰਾਬਰ ਜ਼ੋਰ ਦੀ ਰੰਭੀ ਅਤੇ ਧੂਰਲੀ ਮਾਰ ਕੇ ਉਠੀ, ਜਿਵੇਂ ਉਸ ਅੰਦਰ ਨਰੋਏ ਖ਼ੂਨ ਦਾ ਸੰਚਾਰ ਹੋ ਗਿਆ ਸੀ। ਮੁੜ ਵੱਛਾ ਰੰਭਿਆ ਤਾਂ ਗਾਂ ਨੇ ਪੂਰਾ ਜ਼ੋਰ ਮਾਰ ਕੇ ਰੱਸਾ ਤੁੜਾ ਲਿਆ ਅਤੇ ਤਖ਼ਤਿਆਂ ਵਿਚ ਜਾ ਢੁੱਡ ਮਾਰੀ। ਤਖ਼ਤੇ ਖਿੱਲਰ ਗਏ ਅਤੇ ਮੋਹ ਨਾਲ਼ ਰੰਭਦੀ ਗਾਂ ਵਾਹੋ-ਦਾਹੀ ਬਾਹਰ ਨਿਕਲ਼ ਗਈ। ਉਸ ਨੂੰ ਕਿਸੇ ਕਰਫ਼ਿਊ ਦੀ ਕੋਈ ਪ੍ਰਵਾਹ ਨਹੀਂ ਸੀ।

ਮੰਜੇ ਕੋਲ਼ ਖੜ੍ਹੀ ਬੰਨੋ ਸੋਚ ਰਹੀ ਸੀ ਕਿ ਕਾਸ਼ ਮੈਂ ਵੀ ਗਾਂ ਹੁੰਦੀ!! ਆਪਣੇ ਪੁੱਤਰ ਨੂੰ ਤਾਂ ਲੱਭ ਕੇ ਲੈ ਆਉਂਦੀ?

# ਇਤਿਹਾਸਕ ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ, ਦਿੱਲੀ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)






ਗੁਰਦੁਆਰਾ ਸ੍ਰੀ ਸੀਸਗੰਜ ਸਾਹਿਬ ਉਹ ਪਾਵਨ-ਪਵਿੱਤਰ ਅਸਥਾਨ ਹੈ, ਜਿੱਥੇ ਸ਼ਹੀਦਾਂ ਦੇ ਸਰਤਾਜ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਸ਼ਹਿਨਸ਼ਾਹ ਹਿੰਦ ਔਰੰਗਜ਼ੇਬ ਦੇ ਸ਼ਾਸਨ ਸਮੇਂ ਹਿੰਦੂ ਧਰਮ ਤੇ ਸੰਸਕ੍ਰਿਤੀ ਨੂੰ ਮਲੀਆਮੇਟ ਕਰਕੇ ਸਾਰੇ ਦੇ ਸਾਰੇ ਭਾਰਤ ਅੰਦਰ ਇਕੋ ਹੀ ਦੀਨ 'ਇਸਲਾਮ' ਦੀ ਸਥਾਪਨਾ ਕਰ ਦੇਣ ਦੀਆਂ ਸਰਗਰਮ ਕੋਸ਼ਿਸ਼ਾਂ ਜਾਰੀ ਹੋ ਗਈਆਂ ਸਨ। ਹਿੰਦੂਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾਣ ਲੱਗਾ। ਔਰੰਗਜ਼ੇਬ ਦੇ ਜਬਰ-ਜ਼ੁਲਮ ਦੇ ਸਤਾਏ ਸਾਰੇ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਅਤੇ ਹਿੰਦੂਆਂ ਨੂੰ ਇਸ ਮੁਸੀਬਤ 'ਚੋਂ ਬਾਹਰ ਕੱਢਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ। ਤਦ ਗੁਰੂ ਜੀ ਦੇ ਬੇਟੇ, ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਜੋ ਉਸ ਸਮੇਂ ਸਿਰਫ 10 ਸਾਲ ਦੇ ਸਨ, ਨੇ ਆਪਣੇ ਪਿਤਾ ਜੀ ਨੂੰ ਕਿਹਾ, "ਇਸ ਸਮੇਂ ਸਥਿਤੀ ਇੱਕ ਮਹਾਨ ਆਦਮੀ ਦੀ ਸ਼ਹਾਦਤ ਦੀ ਮੰਗ ਕਰ ਰਹੀ ਹੈ ਅਤੇ ਇੱਥੇ ਤੁਹਾਡੇ ਤੋਂ ਇਲਾਵਾ ਹੋਰ ਕੋਈ ਨਹੀਂ, ਜੋ ਇਹ ਕੁਰਬਾਨੀ ਦੇ ਸਕਦਾ ਹੈ।" ਪੁੱਤਰ ਦੀ ਸੂਝ ਨੂੰ ਸੁਣਦਿਆਂ ਗੁਰੂ ਜੀ ਬਹੁਤ ਖੁਸ਼ ਹੋਏ ਅਤੇ ਗੁਰੂ ਜੀ ਨੇ ਪੰਡਿਤਾਂ ਨੂੰ ਆਖਿਆ ਕਿ ਜਾਓ ਤੇ ਜਾ ਕੇ ਔਰੰਗਜ਼ੇਬ ਨੂੰ ਆਖੋ ਕਿ ਜੇ ਉਹ ਤੇਗ ਬਹਾਦਰ ਦਾ ਧਰਮ ਬਦਲ ਦੇਵੇ, ਤਾਂ ਸਾਰੇ ਬ੍ਰਾਹਮਣ ਤੇ ਹਿੰਦੂ ਇਸਲਾਮ ਨੂੰ ਕਬੂਲ ਕਰ ਲੈਣਗੇ। ਇਸ ਉਪਰੰਤ ਗੁਰੂ ਜੀ ਆਪਣੇ ਪੰਜ ਸਾਥੀਆਂ ਨਾਲ ਦਿੱਲੀ ਲਈ ਰਵਾਨਾ ਹੋ ਗਏ। ਜਦੋਂ ਗੁਰੂ ਜੀ ਆਗਰੇ ਪਹੁੰਚੇ, ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਦਿੱਲੀ ਔਰੰਗਜ਼ਬ ਦੇ ਦਰਬਾਰ ਵਿਚ ਲਿਆਂਦਾ ਗਿਆ। ਜਿੱਥੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਪੈਰੋਂ ਕੱਢਣ ਤੇ ਡੋਲਾਉਣ ਦੇ ਸਬੰਧ 'ਚ ਕਈ ਹੱਥ-ਕੰਡੇ ਵਰਤੇ। ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ, ਦਲੀਲਬਾਜ਼ੀ ਕੀਤੀ। ਗੁਰੂ ਜੀ ਨੂੰ ਤੰਗ ਪਿੰਜਰੇ ਵਿਚ ਬੰਦੀ ਬਣਾ ਕੇ ਰੱਖਿਆ ਗਿਆ। ਪਰ ਔਰੰਗਜ਼ੇਬ ਗੁਰੂ ਜੀ ਨੂੰ ਆਪਣੀ ਈਨ ਮਨਾਉਣ ਵਿਚ ਅਸਫ਼ਲ ਰਿਹਾ। ਫਿਰ ਔਰੰਗਜ਼ੇਬ ਨੇ ਗੁਰੂ ਜੀ ਨਾਲ ਆਏ ਸਿੱਖਾਂ ਵਿਚੋਂ ਭਾਈ ਦਿਆਲਾ ਜੀ ਨੂੰ ਜਿਊਂਦਿਆਂ ਦੇਗ ਵਿਚ ਉਬਾਲਿਆ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਤੇ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੰਗ ਲਗਾਈ ਗਈ, ਤਾਂ ਕਿ ਗੁਰੂ ਜੀ ਡੋਲ ਜਾਣ, ਪਰ ਗੁਰੂ ਜੀ ਅਡੋਲ ਰਹੇ। ਔਰੰਗਜ਼ੇਬ, ਗੁਰੂ ਜੀ ਨੂੰ ਆਪਣੀ ਈਨ ਮਨਾਉਣ ਵਿਚ ਅਸਫ਼ਲ ਰਿਹਾ ਤੇ ਅੰਤ ਉਸਨੇ ਗੁਰੂ ਜੀ ਨੂੰ ਸਰੀਰਕ ਤੌਰ 'ਤੇ ਖਤਮ ਕਰਨ ਦੀ ਧਾਰ ਲਈ। ਔਰੰਗਜ਼ੇਬ ਦੇ ਹੁਕਮਾਂ ਨਾਲ 11 ਨਵੰਬਰ 1675 ਨੂੰ ਸਮਾਣਾ ਦੇ ਜਲਾਦ ਜਲਾਓਦੀਨ ਨੇ ਚਾਂਦਨੀ ਚੌਂਕ ਵਿਚ ਗੁਰੂ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਵੱਖ ਕਰ ਦਿੱਤਾ। ਗੁਰੂ ਜੀ ਭਾਰਤੀ ਲੋਕਾਈ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਮੱਘਰ ਸੁਦੀ 5 ਸੰਮਤ 1732 ਨੂੰ ਸ਼ਹਾਦਤ ਪਾ ਗਏ। ਦਿੱਲੀ ਦੇ ਚਾਂਦਨੀ ਚੌਂਕ ਵਿਚ ਜਿਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਥੇ ਹੁਣ ਇਕ ਸ਼ਾਨਦਾਰ ਗੁਰਦੁਆਰਾ ਸੀਸਗੰਜ ਸਾਹਿਬ ਸੁਸ਼ੋਭਿਤ ਹੈ। ਇਹ ਗੁਰਦੁਆਰਾ ਸਾਹਿਬ ਭਾਈ ਬਘੇਲ ਸਿੰਘ ਦੁਆਰਾ 1783 ਵਿਚ ਬਣਵਾਇਆ ਗਿਆ ਸੀ।

## ਦੱਸ ਨੀਂ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?

**ਜੂਨ 84 ਨੂੰ ਸਮਰਪਿਤ**


ਦੱਸ ਨੀਂ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?
ਤੂੰ ਦੱਸ ਕਦੋਂ ਸਿੱਖਾਂ ਨਾਲ ਕੀਤਾ ਨਹੀਂ ਕਹਿਰ ਤੂੰ
ਤੂੰ ਸਦਾ ਮੁੱਢ ਕਦੀਮ ਤੋਂ ਸਿੱਖਾਂ ਨਾਲ ਕੀਤਾ ਧ੍ਰੋਹ ਤੇ ਵਿਤਕਰਾ
ਕਦੀ ਤੂੰ ਸਾਡੇ ਗੁਰੂਆਂ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ
ਦੇਗਾਂ ਵਿਚ ਉਬਾਲਿਆ, ਉੱਤੇ ਤੱਤਾ ਰੇਤਾ ਤੂੰ ਪਾਇਆ।
ਦੱਸ ਨੀਂ ਤੂੰ ਦਿੱਲੀਏ ਸਿੱਖਾਂ ਨਾਲ ਕਿਹੜੇ-ਕਿਹੜੇ ਕਮਾਏ ਨਹੀਂ ਵੈਰ ਤੂੰ
ਦੱਸ ਨੀਂ ਤੂੰ ਦਿੱਲੀਏ ਉਹ ਕਿਹੜਾ ਕੰਮ ਨਹੀਂ ਕੀਤਾ
ਜਿਸ ਨਾਲ ਤੂੰ ਆਪਣਾ ਮੂੰਹ ਕਾਲਾ ਨਹੀਂ ਕੀਤਾ
ਸਾਡੇ ਗੁਰੂ ਜੀ ਨੂੰ ਹਿੰਦ ਦੀ ਚਾਦਰ ਨੂੰ
ਚਾਂਦਨੀ ਚੌਕ ਵਿਚ ਸ਼ਹੀਦ ਕੀਤਾ
ਇਥੇ ਬੱਸ ਨਹੀਂ, ਸਾਡੇ ਗੁਰੂ ਜੀ ਦੇ ਬੱਚਿਆਂ ਨੂੰ ਨੀਹਾਂ ਵਿਚ ਚਿਣਿਆ
ਦੱਸ ਨੀਂ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?
ਚੌਰਾਸੀ ਵਿਚ ਜਿਹੜਾ ਤੈਂ ਸਿੱਖਾਂ 'ਤੇ ਜ਼ੁਲਮ ਢਾਹਿਆ
ਉਹ ਅਕਹਿ ਤੇ ਅਸਹਿ ਸੀ, ਇਤਿਹਾਸ ਵਿਚ
ਸਿੱਖਾਂ ਨਾਲ ਹੋਏ ਜ਼ੁਲਮਾਂ ਦੀ ਹੱਦ ਪਾਰ ਕਰ ਗਿਆ
ਪ੍ਰਸ਼ਨ ਠੀਕ ਗਲਤ ਦਾ ਨਹੀਂ
ਪ੍ਰਸ਼ਨ ਤੇਰੇ ਵਹਿਸ਼ੀ ਤਰੀਕੇ ਨਾਲ ਕੀਤੇ ਜ਼ੁਲਮਾਂ ਦਾ ਹੈ
ਇਹ ਕੰਮ ਨਹੀਂ ਸੀ ਬੰਦਿਆਂ ਦਾ
ਇਹ ਕਾਰਾ ਸੀ ਜ਼ਾਲਮ, ਵਹਿਸ਼ੀ, ਦਰਿੰਦੇ ਤੇ ਪਸ਼ੂ
ਪ੍ਰਵਿਰਤੀ ਰੱਖਣ ਵਾਲੇ ਲੋਕਾਂ ਦਾ
ਦੱਸ ਨੀਂ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?
ਤੂੰ ਕਦੋਂ ਨਹੀਂ ਕੀਤਾ ਅਨਿਆਂ, ਜ਼ੁਲਮ ਤੇ ਵਿਤਕਰਾ ਸਿੱਖਾਂ ਨਾਲ
ਤੂੰ ਸਾਰੇ ਪ੍ਰਾਂਤਾਂ ਦੀ ਕੀਤੀ ਵੰਡ ਬੋਲੀ ਦੇ ਆਧਾਰ 'ਤੇ
ਪਰ ਪਤਾ ਨਹੀਂ ਤੈਨੂੰ ਕੀ ਸੱਪ ਲੜਿਆ,
ਪੰਜਾਬੀ ਸੂਬਾ ਬਣਾਉਣ ਲਈ
ਪੰਜਾਬੀਆਂ ਨੂੰ ਇਸ ਲਈ ਘਾਲਣਾਂ ਘਾਲਣੀਆਂ ਪਈਆਂ
ਤੇ ਫੇਰੂਮਾਨ ਵਰਗਿਆਂ ਨੂੰ ਸ਼ਹੀਦੀਆਂ ਪਾਉਣੀਆਂ ਪਈਆਂ
ਦੱਸ ਨੀਂ ਤੂੰ ਦਿੱਲੀਏ ਤੇਰਾ ਸਿੱਖਾਂ ਨਾਲ ਕੀ ਵੈਰ ਨੀਂ?



**-ਮਾਸਟਰ ਨਿਰਮਲ ਸਿੰਘ ਲਾਲੀ,**
**ਯੂਬਾ ਸਿਟੀ**
530-777-0955
**(Punjab Mail USA)**

## ਬੰਦੇ

ਜੋ ਸੋਚ ਸਮਝ ਕੇ ਬੋਲਣ ਬੰਦੇ,
ਉਹ ਦਿਲਾਂ ਦੇ ਭੇਤ ਨਾ ਖੋਲ੍ਹਣ ਬੰਦੇ।
ਉਹ ਐਕੜਾਂ ਨਾਲ ਮੱਥੇ ਲਾਂਦੇ,
ਐਕੜਾਂ ਦੇਖ ਨਾ ਡੋਲਣ ਬੰਦੇ।
ਅੰਦਰੋਂ ਭਾਵੇਂ ਉਹ ਵਿੱਸ ਘੋਲਣ,
ਪਰ ਮੂੰਹ 'ਤੇ ਮਿੱਠਾ ਬੋਲਣ ਬੰਦੇ।
ਕੁੱਝ ਮਾਰਦੇ ਠੱਗੀਆਂ ਰੱਜ ਕੇ,
ਕੁੱਝ ਪੂਰਾ-ਪੂਰਾ ਤੋਲਣ ਬੰਦੇ।
ਖਬਰੇ ਉਸ 'ਚੋਂ ਕੀ ਨੇ ਭਾਲਦੇ,
ਮਰਿਆਂ ਦੀ ਰਾਖ ਫਰੋਲਣ ਬੰਦੇ।
ਕੰਡੇ ਬਣ ਕੇ ਰਹਿਣਾ ਸਿੱਖੋ,
ਫੁੱਲਾਂ ਨੂੰ ਰੱਜ ਮਧੋਲਣ ਬੰਦੇ।
ਉਦੋਂ ਉਨ੍ਹਾਂ 'ਚੋਂ ਹੰਕਾਰ ਦੀ ਬੂ ਆਵੇ,
ਜਦ ਕਿਸੇ ਨੂੰ ਕੌੜਾ ਬੋਲਣ ਬੰਦੇ।
ਅਮੀਰਾਂ ਨੂੰ ਹੱਥੀਂ ਛਾਵਾਂ ਕਰਦੇ,
ਗਰੀਬਾਂ ਨੂੰ ਪੈਰਾਂ 'ਚ ਰੋਲਣ ਬੰਦੇ।



**ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ**
99158-03554
**(Punjab Mail USA)**

## ਜਾਣ ਵਾਲੀਏ ਪਰਤ...

(ਮਰਸੀਆ)

ਜਾਣ ਵਾਲੀਏ ਪਰਤ ਕੇ ਦੇਖ ਤਾਂ ਸਹੀ, ਹੋਇਆ ਤੇਰੀ ਜੁਦਾਈ ਵਿਚ ਹਾਲ ਕੀ ਕੀ।
ਆਪ ਸੌਂ ਗਈ ਸੁੱਖਾਂ ਦੀ ਸੇਜ ਉੱਤੇ, ਪਿੱਛੋਂ ਬੀਤਦੀ ਏ ਮੇਰੇ ਨਾਲ ਕੀ-ਕੀ।
ਕਿਹੜੀ ਖਿੱਚ ਕੇ ਖਿੱਚ ਲੈ ਗਈ ਤੈਨੂੰ, ਮੈਨੂੰ ਵਾਂਗ ਪਰਦੇਸੀਆਂ ਭੁੱਲ ਗਈ ਏਂ।
ਕਰਕੇ ਨਰਕ ਦੇ ਵਾਂਗ ਜਹਾਨ ਮੇਰਾ, ਅਣਡਿੱਠੇ ਸਵਰਗ 'ਤੇ ਡੁੱਲ੍ਹ ਗਈ ਏਂ।
ਛੱਡੀ ਹੋਈ ਨਿਸ਼ਾਨੀ ਜਸਵੀਰ ਤੇਰੀ, ਬੇ ਸਮਝ ਇਹ ਹਾਲੇ ਨਾਦਾਨ ਹੈ ਇਹ।
ਆਪੇ ਸਮਝ ਲੂ ਸਾਰ ਜਮਾਨੜੇ ਦੀ, ਵੱਡੀ ਹੋਊ ਤਾਂ ਹਾਲੇ ਨਾਦਾਨ ਹੈ ਇਹ।
ਇਸ ਨਹੀਂ ਪਰਚਣਾ ਲੱਖਾਂ ਦਿਲਾਸਿਆਂ 'ਤੇ, ਦੇ ਦੇ ਚੀਜੀਆਂ ਇਸ ਨੂੰ ਪਰਚਾ ਛੱਡਦਾ।
ਤੇਰੀ ਮੌਤ ਦਾ ਵਾਂਡੇ ਦਾ ਪੱਜ ਲਾ ਕੇ, ਜਿਸ ਨੂੰ ਰੋਂਦੀ ਨੂੰ ਚੁੱਪ ਕਰਾ ਛੱਡਦਾ।
ਤੇਰੇ ਨਾਲ ਸਨ ਜੋ ਰਿਸ਼ਤੇਦਾਰ ਮੇਰੇ, ਉਨ੍ਹਾਂ ਦੇ ਭਾਅ ਦਾ ਅੱਜ ਮੈਂ ਹੋਰ ਹੋਇਆ।
ਪੂਰਾ ਹੋਇਆ ਅਖਾਣ ਅੱਜ ਸਿਆਣਿਆਂ ਦਾ, ਮਰੀ ਧੀ ਤੇ ਜਵਾਈ ਅੱਜ ਚੋਰ ਹੋਇਆ।
ਕੰਡ ਦੇ ਗਏ ਮੈਨੂੰ ਵਾਂਗ ਨਾ ਵਾਕਫਾਂ ਦੇ, ਉਹ ਸਨ ਜੋ ਤੇਰੇ ਨਾਲ ਮੇਰੇ।
ਏਥੇ ਮੇਰੇ ਨਾਲ ਸੀ ਸਾਰਾ ਜਹਾਨ ਤੇਰਾ, ਦੱਸੀਂ ਕੌਣ ਹੈ ਐਥੇ ਨਾਲ ਤੇਰੇ।
ਤੇਰੇ ਜਿਹਾ ਨਾ ਸਹੀ ਤਾਂ ਹੋਰ ਹੀ ਸਹੀ, ਜੀਵਨ ਸਾਥੀ ਵੀ ਮਿਲ ਜਾਊ ਜ਼ਰੂਰ ਮੈਨੂੰ।
ਕਰਨੇ ਪੈਣਗੇ ਕਾਰ ਵਿਹਾਰ ਸਾਰੇ, ਲੋਕ ਲਾਜ ਤੋਂ ਹੋ ਕੇ ਮਜਬੂਰ ਮੈਨੂੰ।
ਮੇਰੀ ਜ਼ਿੰਦਗੀ ਰਾਤ ਹੈ ਮੱਸਿਆ ਦੀ, ਜੱਗ ਲਈ ਦੀਵਾਲੀਆਂ ਆਉਣਗੀਆਂ।
ਦਿਲ ਦਰਿਆ ਵਿਚੋਂ ਗ਼ਮ ਦੀਆਂ ਲਹਿਰਾਂ, ਮੇਰੇ ਸਬਰ ਦੇ ਕੰਢੜੇ ਢਾਉਣਗੀਆਂ।
ਕਿਸ ਦੇ ਤਾਈਂ ਸੁਣਾਉਂ ਮੈਂ ਦਰਦ ਆਪਣਾ, ਮੇਰਾ ਦਰਦ ਇਹ ਕਿਸੇ ਉਲੀਕਣਾ ਨਹੀਂ।
ਕਿਹੜੀ ਖੁਸ਼ੀ ਨਾਲ ਪਰਤ ਕੇ ਜਾਊਂ ਘਰ ਨੂੰ, ਖੜ੍ਹ ਕੇ ਬੂਹੇ ਜੇ ਕਿਸੇ ਉਡੀਕਣਾ ਨਹੀਂ।
ਚੋਰੀ ਤੁਰ ਗਈਓਂ ਇਕ ਵਾਰ ਜੇ ਦੱਸ ਦੇਂਦੀ, ਜ਼ਖਮ ਦਿਲ ਦੇ ਇਕ ਵਾਰ ਤਾਂ ਧੋ ਲੈਂਦਾ।
ਭਾਵੇਂ ਟਾਲ ਨਹੀਂ ਸਾਂ ਸਕਦਾ ਮੌਤ ਤੇਰੀ, ਕਰ ਕੇ ਦੋ ਮੱਲਾਂ ਰੱਜ ਕੇ ਰੋ ਲੈਂਦਾ।
ਘਰ ਤੇਰੇ ਭਗਵਾਨ ਸੀ ਕੀ ਘਾਟਾ, ਅਪਣਾ ਹੁਕਮ ਜ਼ਰਾ ਕੁ ਉਹ ਠਲ੍ਹ ਲੈਂਦਾ।
ਜਿਸ ਦੇ ਲਈ ਨਹੀਂ ਸੀ ਜਾਣੀ ਜਾਨ ਆਪਣੀ, ਕਰ ਓਸ ਨਾਲ ਆਖਰੀ ਗੱਲ ਲੈਂਦਾ।
ਢਿੱਡ ਭਰੇ ਹਕੀਮਾਂ ਤੇ ਡਾਕਟਰਾਂ ਦੇ, ਚਿੱਡੋਂ ਕਈ ਵਾਰ ਭੁੱਖਾ ਰਹਿ ਰਹਿ ਕੇ।
ਤੇਰੀ ਜਾਨ ਬਚਾਣ ਦੇ ਯਤਨ ਕੀਤੇ, ਦੁਖ ਆਪਣੀ ਜਾਨ 'ਤੇ ਸਹਿ ਸਹਿ ਕੇ।
ਖੁਸ਼ੀ ਰਹੀ ਨਾ ਵਿਚ ਜਹਾਨ ਕੋਈ, ਕਿਸ ਦੀ ਆਸ 'ਤੇ ਵਕਤ ਗੁਜ਼ਾਰਲਾਂਗਾ।
ਸਾਥ ਛੱਡ ਗਏ ਜੱਗ ਦੇ ਸਭ ਦਰਦੀ, ਕਿਸ ਕੋ ਦਿਲ ਕਾ ਭਾਰ ਉਤਾਰਲਾਂਗਾ।
ਗਈ ਉੱਥੇ ਜਿੱਥੇ ਨਾ ਕੋਈ ਪਰਤ ਸਕਦਾ, ਹੋ ਗਈ ਖਤਮ ਸਦਾ ਲਈ ਤਰੀਕ ਤੇਰੀ।
ਐਪਰ ਦਰਦੀ ਦੇ ਤੜਪਦੇ ਦਿਲ ਤਾਂਈ, ਮਰਦੇ ਦਮ ਤੱਕ ਰਹੂ ਉਡੀਕ ਤੇਰੀ।
ਤੇਰੀ ਦੀਦ ਨੂੰ ਤਰਸਦੇ ਨੈਣ ਮੇਰੇ, ਪੈ ਪੈ ਹੌਕਿਆਂ ਦਾ ਸੇਕ ਉਹ ਸੁੱਕ ਗਏ ਨੇ।
ਸਾਗਰ ਭਰੇ ਹੋਏ ਸਨ ਜੋ ਹੰਝੂਆਂ ਦੇ, ਤੇਰੀ ਯਾਦ ਅੰਦਰ ਰੋ-ਰੋ ਕੇ ਮੁੱਕ ਗਏ ਨੇ।
ਮਨੋ ਭੁਲਾ ਨਾ ਦਈਂ ਤੂੰ ਕਿਸੇ ਹੀਲੇ, ਨਾਉਂ ਬਦਿਕਸਮਤ ਮੇਰਾ ਦਾ ਯਾਦ ਰੱਖੀਂ।
ਭਾਣਾ ਪਰਤ ਭਗਵਾਨ ਦਾ ਆਊਂ ਮੈਂ ਵੀ, 'ਦਰਦੀ' ਲਈ ਸਵਰਗ ਵਿਚ ਥਾਂ ਰੱਖੀਂ।



**-ਸਤਨਾਮ ਸਿੰਘ ਦਰਦੀ (ਚਾਨੀਆਂ-ਜਲੰਧਰ)**
92569-73526
**(Punjab Mail USA)**

## ਛਲੇਡਾ ਜੱਫੀ

ਪੈ ਗਈ ਜੱਫੀ ਛਲੇਡਿਆਂ ਦੀ, ਜੋ ਰੰਗ ਬਦਲਣ ਦਿਨ ਰਾਤੀ,
ਨਿੱਤ ਬਣਾਉਂਦੇ ਲੋਕਾਂ ਨੂੰ ਬੁੱਧੂ, ਰੱਖਣ ਦੁਨੀਆਂ ਨੂੰ ਪਾਟੀ।

ਪੈਰ-ਪੈਰ 'ਤੇ ਤੋਲਦੇ ਫੱਕੜ, ਬੰਨ੍ਹਣ ਝੂਠ ਪੁਲੰਦੇ,
ਬਕਦੇ ਜੋ ਵੀ ਮੂੰਹ ਵਿਚ ਆਉਂਦਾ, ਕਰਦੇ ਗੰਦੇ ਧੰਦੇ।

ਉਸੇ ਜ਼ੁਬਾਨੋਂ ਇੱਕ ਦੂਜੇ ਨੂੰ, ਗਾਲ੍ਹਾਂ ਕੱਢਣੋਂ ਨਹੀਂ ਥੱਕਦੇ,
ਉਸੇ ਹੀ ਮੂੰਹੋਂ ਉਸੇ ਹੀ ਵੇਲੇ, ਜਾਣ ਇੱਕ ਦੂਜੇ ਤੋਂ ਸਦਕੇ।

ਨਾ ਕੋਈ ਇਨ੍ਹਾਂ ਦਾ ਯਾਰ ਹੈ ਯਾਰੋ, ਨਾ ਕੋਈ ਇਨ੍ਹਾਂ ਦਾ ਸੰਗੀ,
ਮਤਲਬ ਕੱਢਣ ਲਈ ਇਨ੍ਹਾਂ ਨੇ, ਸ਼ਰਮ ਹੈ ਛਿੱਕੇ ਟੰਗੀ।

ਪਾਕਿਸਤਾਨੀ ਜ਼ਿਹਨੀਅਤ ਦੀ, ਕਸਰ ਨਾ ਕੋਈ ਰੱਖੀ,
ਡੱਡੂਆਂ ਦੀ ਪੰਸੇਰੀ ਹੋ ਗਈ, ਇੱਕੋ ਛਪੜੀ ਵਿਚ ਕੱਠੀ।

ਮਾਰ ਟਪੂਸੀਆਂ ਕਰਨਗੇ ਹੁਣ ਇਹ, ਰਾਜਨੀਤੀ ਹੋਰ ਗੰਦੀ,
ਹਾਰੇ ਹੋਏ ਜੁਆਰੀਆਂ ਦੀ ਹੁਣ, ਦੇਖੋ ਲੱਗੀ ਕਿੰਝ ਮੰਡੀ।

ਉੱਚੀ ਜ਼ਾਤ ਅਤੇ ਵੱਡੇ ਹੋਣ ਦੇ, ਦਮਗਜੇ ਮਾਰੀ ਜਾਂਦੇ,
ਬਾਜਵੇ ਵਰਗੇ ਬੇ ਵਜਾਹ ਹੀ, ਗਰੀਬਾਂ ਦੀ ਖਿੱਲੀ ਉਡਾਂਦੇ।

ਹਰ ਮਸਲੇ ਅਤੇ ਹਰ ਅਸੂਲ 'ਤੇ, ਕੁਰਬਾਨ ਹੋਣ ਨੂੰ ਕਾਹਲ਼ੇ,
ਅੰਦਰ ਖਾਤੇ ਜ਼ਮੀਰਾਂ ਵੇਚਣ ਦੇ, ਕਰਦੇ ਘਾਲ਼ੇ-ਮਾਲ਼ੇ।

ਸੰਜੀਦਾ ਅਤੇ ਵਿਸ਼ਵਾਸੀ ਲੋਕੀ, ਕਿੱਧਰ ਨੂੰ ਹੁਣ ਜਾਵਣ,
ਕਿਸ ਦੇ ਲਈ ਹੁਣ ਤਾੜੀਆਂ ਮਾਰਨ, ਕਿਸ ਨੂੰ ਹੁਣ ਨਕਾਰਨ।



**-ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ.**
**(Punjab Mail USA)**

## "ਪੁੱਤਰ ਮਿੱਠੇ ਮੇਵੇ ਧੀਆਂ ਮਿਸ਼ਰੀ ਡਲੀਆਂ"

ਜਦ ਜੰਮੀ ਸੀ ਧੀਏ ਘਰ ਵਿਚ ਸੋਗ ਪੈ ਗਿਆ ਸੀ
ਸਾਰਾ ਟੱਬਰ ਮੱਥੇ 'ਤੇ ਹੱਥ ਧਰਕੇ ਬਹਿ ਗਿਆ ਸੀ
ਛੱਡ ਕੇ ਤੁਰ ਗਏ ਕੱਲਿਆਂ ਨੂੰ ਤੇਰੇ ਵੀਰੇ ਹੋਰੀ ਨੀ।
ਬੁੱਢੇ ਵੇਲੇ ਮਾਪਿਆਂ ਦੀ ਧੀ ਬਣੀ ਡੰਗੋਰੀ ਨੀ।

ਜਦੋਂ ਸਕੂਲੇ ਭੇਜੀ ਕਹਿੰਦੇ ਪੜ੍ਹਾ ਕੇ ਕੀ ਕਰਨੈ
ਪੜ੍ਹ ਲਿਖ ਗਈ ਜਦ ਕਹਿੰਦੇ ਨੌਕਰੀ ਲਾ ਕੇ ਕੀ ਕਰਨੈ
ਵਿਆਹ ਕੇ ਆਖਣ ਕਿਉਂ ਨਾ ਇਹ ਸਹੁਰਿਆਂ ਨੂੰ ਤੋਰੀ ਨੀ
ਬੁੱਢੇ ਵੇਲੇ.... .... ....।

ਸਖ਼ਤ ਮਿਹਨਤਾਂ ਕਰਕੇ ਤੂੰ ਅੱਜ ਬਣ ਗਈ ਜੱਜ ਕੁੜੇ
ਦੁਨੀਆਂ ਦੇ ਵਿਚ ਉੱਚੀ ਕਰਤੀ ਪਿਓ ਦੀ ਪੱਗ ਕੁੜੇ
ਤੇਰੇ ਵਰਗੀ ਧੀ ਨਾ ਮਿਲਣੀ ਲੱਖ ਕਰੋੜੀ ਨੀ।
ਬੁੱਢੇ ਵੇਲੇ.... .... ....।

ਪੁੱਤ ਜੇ ਮਿੱਠੇ ਮੇਵੇ ਧੀਆਂ ਮਿਸ਼ਰੀ ਡਲੀਆਂ ਨੇ
ਰੌਸ਼ਨ ਕਰਦੀਆਂ ਨਾਮ ਇਹ ਅੱਜ ਪੁਲਾੜ ਨੂੰ ਚੱਲੀਆਂ ਨੇ
ਅੱਜ ਦੇ ਯੁੱਗ ਵਿਚ ਕੁੜੀਆਂ ਹਰ ਖੇਤਰ ਵਿਚ ਮੋਹਰੀ ਨੀ।
ਬੁੱਢੇ ਵੇਲੇ.... .... ....।

ਐ ਦੁਨੀਆਂ ਦੇ ਲੋਕੋ ਧੀਆਂ ਨੂੰ ਦੁਰਕਾਰੋ ਨਾ
ਜੱਗ 'ਤੇ ਕਰੋ ਸਵਾਗਤ ਧੀਆਂ ਕੁੱਖ 'ਚ ਮਾਰੋ ਨਾ
"ਗਿੱਲ ਮਲਕੀਤ" ਦੀ ਕਲਮ ਲਿਖੇ ਧੀਆਂ ਦੀ ਲੋਰੀ ਨੀ।
ਬੁੱਢੇ ਵੇਲੇ ਮਾਪਿਆਂ ਦੀ ਧੀ ਬਣੀ ਡੰਗੋਰੀ ਨੀ।



**ਮਲਕੀਤ ਸਿੰਘ ਗਿੱਲ (ਭੱਠਲਾਂ)**
ਸੰਪਰਕ : 79865-28225
**(Punjab Mail USA)**

## ਮਜ਼ਦੂਰ ਦਾ ਪੁੱਤ


ਮੇਰੀ ਸੁਰਤ ਜੀ ਸੰਭਲੀ ਸੀ,
ਜਦੋਂ ਦਾ ਉਹ ਕਰਦਾ ਦਿਹਾੜੀਆਂ,
ਮਿੱਟੀ ਨਾ ਮਿੱਟੀ, ਗਾਰੇ ਨਾ ਗਾਰਾ ਹੁੰਦਾ,
ਧੁੱਪਾਂ 'ਚ ਧੁੱਪ, ਛਾਂਵਾ 'ਚ ਛਾਂਵਾਂ ਹੋ,
ਕਸਦਾ ਸੀ ਝੂਲਿਆਂ ਦੀਆਂ ਪੇੜਾਂ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਸਿਰ 'ਤੇ ਚਾਹੇ ਮਿੱਟੀ ਦੇ ਥੱਠਲ,
ਚਾਹੇ ਭਾਰੀਆਂ ਤੂੜੀ ਦੀਆਂ ਪੰਡਾਂ,
ਚਾਹੇ ਕੂੜੇ ਦੇ ਭਰੇ ਬੋਝਲ ਟੋਕਰੇ,
ਚੁੱਕਦਾ ਰਿਹਾ, ਚੁੱਕਦਾ ਰਿਹਾ,
ਜਿਸਨੇ ਕਿਹਾ ਨੀਂ ਕਿ ਸਿਰ ਦੁੱਖਦਾ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,


ਗਰੀਬੀ 'ਚ ਜੋ ਪੜ੍ਹਾ ਨਾ ਸਕਿਆ,
ਵੱਡੇ ਵੀਰ ਤੇ ਮੇਰੀਆਂ ਭੈਣਾਂ ਨੂੰ,
ਫਿਰ ਪੁੱਤ ਜਿਸਦਾ ਸੀਰੀ ਰਲਿਆ,
ਧੀਆਂ ਨੇ ਨਾਲ ਕਮਾਈ ਕੀਤੀ,
ਨਾ ਅੱਕੀਆਂ ਨਾ ਥੱਕੀਆਂ,
ਜਿਸਦੇ ਚਾਅ ਤੇ ਸ਼ੌਕ ਮਰੇ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਜਦੋਂ ਸਮਾਂ ਸੀ ਸੁੱਖ ਮਾਨਣ ਦਾ,
ਉਦੋਂ ਜੋ ਬਿਮਾਰ ਪੈ ਗਿਆ,
ਕੰਮ ਕੰਮ ਕਰਦਾ ਰਹਿਣ ਵਾਲਾ,
ਜੁੜ ਗਿਆ ਸੀ ਮੰਜੇ ਨਾਲ,
ਵਕਤ ਸੀ ਆਰਾਮ ਨਾ ਬੈਠਣ ਦਾ,
ਜੋ ਵਗਦੇ ਪਾਣੀ 'ਚ ਬਹਿ ਗਿਆ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,

ਕਦੇ ਲੇਬਰ ਚੌਂਕ ਖੜ੍ਹਾ ਮਿਲਿਆ,
ਕਦੇ ਨਰੇਗਾ ਆਲੇ ਧਰਨਿਆਂ 'ਤੇ,
ਰਾਸ਼ਨ ਵਾਲੇ ਡਿਪੂ ਦੀ ਲਾਈਨ 'ਚ,
ਜ਼ਮੀਨਾਂ ਦਾ ਮਾਲਕ ਤਾਂ ਨਹੀਂ ਸੀ,
ਪਰ "ਜੋਗੇ" ਲਈ ਖਜ਼ਾਨਾ ਸੀ ਜੋ,
ਮੈਂ ਉਸ ਮਜ਼ਦੂਰ ਦਾ ਪੁੱਤ ਆਂ,



**ਜਸਵੰਤ ਸਿੰਘ ਜੋਗਾ**
**ਫੋਨ : 62396-43306**
**(Punjab Mail USA)**


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567